# ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

ਕਿਰਪਾਲ ਸਿੰਘ
ਐਮ.ਏ., ਪੀ.ਐਚ.ਡੀ.

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਫ਼ਰਵਰੀ, 1969

---

ਸਰਦਾਰ ਅਮਰੀਕ ਸਿੰਘ ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਚੀਫ਼ ਪ੍ਰਿੰਟਿੰਗ ਪ੍ਰੈਸ, ਪਟਿਆਲਾ ਨੇ ਛਾਪੀ ।

## ਵਿਸ਼ੇ-ਸੂਚੀ


| | |
|---|---|
| ਮੁਖ ਬੰਧ | i |
| ਭੂਮਿਕਾ | ii |
| ਵਿਰਸਾ | 1 |
| ਫ਼ੌਜੀ ਜੀਵਨ | 10 |
| ਸਰਹੱਦਾਂ ਦੀ ਰਾਖੀ | 25 |
| ਮਹਾਰਾਜਾ ਸਾਹਿਬ ਨਾਲ ਰਿਸ਼ਤੇਦਾਰੀ | 35 |
| ਕੰਪਨੀ ਦੇ ਅੰਗਰੇਜ਼ ਕਰਮਚਾਰੀਆਂ ਨਾਲ ਮਿਲਵਰਤਣ +5 | 41 |
| ਡੋਗਰਿਆਂ ਨਾਲ ਸੰਬੰਧ | 54 |
| ਸ਼ਹੀਦੀ | 67 |
| ਆਚਰਣ | 80 |
| ਅੰਤਿਕਾ—ਪੁਸਤਕ ਸੂਚੀ | 90 |


## ਤਸਵੀਰਾਂ ਦਾ ਵੇਰਵਾ


| | |
|---|---|
| ਸਰਦਾਰ ਸ਼ਾਮ ਸਿੰਘ ਅਟਾਰੀਵਾਲਾ | ਪਹਿਲੇ ਪੰਨੇ ਦੇ ਸਾਹਮਣੇ |
| ਪਿੰਡ ਅਟਾਰੀ | ਪੰਨਾ 8 ਦੇ ਸਾਹਮਣੇ |
| ਸਰਦਾਰ ਸ਼ਾਮ ਦੀ ਹਵੇਲੀ ਦਾ ਦਰਵਾਜ਼ਾ | ਪੰਨਾ 38 ਦੇ ਸਾਹਮਣੇ |
| ਸਮਾਧ ਸਰਦਾਰ ਸ਼ਾਮ ਸਿੰਘ | ਪੰਨਾ 78 ਦੇ ਸਾਹਮਣੇ |

# ਮੁਖ ਬੰਧ

ਇਤਿਹਾਸ ਦੇ ਆਰੰਭ ਕਾਲ ਤੋਂ ਹੀ ਭਾਰਤ ਉੱਪਰ ਲਗ ਭਗ ਹਰ ਬਾਹਰਲਾ ਹਮਲਾ ਪੰਜਾਬ ਨੂੰ ਹੀ ਸਹਿਣਾ ਪਇਆ ਪਰ ਇਸ ਧਰਤੀ ਦੇ ਲੋਕਾਂ ਨੇ ਹਰ ਜਰਵਾਣੇ ਦੇ ਲਸ਼ਕਰਾਂ ਦਾ ਪੈਰ ਪੈਰ ਉੱਪਰ ਡਟ ਕੇ ਟਾਕਰਾ ਕੀਤਾ । ਦੇਸ਼ ਦੀ ਆਨ, ਸ਼ਾਨ ਤੇ ਆਜ਼ਾਦੀ ਲਈ, ਆਪਣੀਆਂ ਜਾਨਾਂ ਵਾਰੀਆਂ । ਇਹੀ ਕਾਰਨ ਹੈ ਕਿ ਅੱਜ ਵੀ ਪੰਜਾਬ ਨੂੰ ਦੇਸ਼ ਦੀ ਖੜਗ ਭੁਜਾ ਹੋਣ ਦਾ ਮਾਣ ਹੈ। ਇਸ ਦਾ ਸੂਰਮਗਤੀਆਂ ਭਰਿਆ ਇਤਿਹਾਸ ਭਾਰਤ ਦੀ ਵੀਰ ਪਰੰਪਰਾ ਦਾ ਅਮੁੱਕ ਭੰਡਾਰ ਹੈ ।

ਇਸ ਦੇ ਵੀਰ ਸਪੁੱਤਰਾਂ ਵਿੱਚੋਂ ਇਕ ਮਹਾਨ ਯੋਧਾ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਸਨ, ਜਿਨ੍ਹਾਂ ਦੀ ਜੀਵਨਗਾਥਾ ਪੰਜਾਬੀ ਯੂਨੀਵਰਸਟੀ ਵਲੋਂ ਆਰੰਭ ਕੀਤੀ ਗਈ, 'ਪੰਜਾਬ ਦੇ ਵੀਰਾਂ ਦੀਆਂ ਜੀਵਨੀਆਂ ਲਿਖਵਾਉਣ ਦੀ ਲੜੀ' ਵਿਚ ਛਾਪੀ ਜਾ ਰਹੀ ਹੈ ਤਾਂਕਿ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਉਤਸਾਹ ਤੇ ਦੇਸ਼-ਭਗਤੀ ਦੀ ਪ੍ਰੇਰਨਾ ਹਾਸਲ ਕਰਦੀਆਂ ਰਹਿਣ । ਸਰਦਾਰ ਅਟਾਰੀਵਾਲਾ ਮੁੱਢਲੇ ਸੁਤੰਤਰ ਸੰਗਰਾਮੀਏ ਤੇ ਬਹਾਦਰ ਜਰਨੈਲ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਗੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੱਤੀ ।

ਉਹ ਅਰਦਾਸਾ ਸੋਧ ਕੇ ਤੁਰੇ ਕਿ ਜਿੱਤ ਕੇ ਮੁੜਾਂਗਾ ਜਾਂ ਰਣ ਵਿਚ ਸ਼ਹੀਦੀ ਪਾਵਾਂਗਾ, ਤੇ ਉਹਨਾਂ ਨੇ ਆਪਣਾ ਪ੍ਰਣ ਨਿਭਾ ਕੇ ਦਸਿਆ । ਸਭਰਾਵਾਂ ਦੀ ਲੜਾਈ ਵਿਚ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਪਾ ਗਏ ।

ਇਸ ਪੁਸਤਕ ਦੇ ਲੇਖਕ ਡਾਕਟਰ ਕਿਰਪਾਲ ਸਿੰਘ ਨੇ ਬੜੀ ਮਿਹਨਤ, ਖੋਜ ਤੇ ਲਗਨ ਨਾਲ ਇਹ ਕਾਰਜ ਨੇਪਰੇ ਚਾੜ੍ਹਿਆ ਹੈ । ਸਰਦਾਰ ਸ਼ਾਮ ਸਿੰਘ ਅਟਾਰੀ-ਵਾਲਾ ਦੀ ਜ਼ਿੰਦਗੀ ਉੱਪਰ ਕਈਆਂ ਪੱਖਾਂ ਤੇ ਉਨ੍ਹਾਂ ਨੇ ਕੁਝ ਨਵਾਂ ਚਾਨਣਾ ਵੀ ਪਾਇਆ ਹੈ।

ਆਸ ਹੈ ਕਿ ਇਹ ਪੁਸਤਕ ਨੌਜਵਾਨ ਪੰਜਾਬੀ ਪਾਠਕਾਂ ਲਈ ਦੇਸ਼-ਭਗਤੀ ਦਾ ਇਕ ਮਹਤਵ-ਪੂਰਨ ਸੋਮਾ ਸਾਬਤ ਹੋਵੇਗੀ ।

**ਕਿਰਪਾਲ ਸਿੰਘ ਨਾਰੰਗ**
ਵਾਈਸ ਚਾਂਸਲਰ

ਪੰਜਾਬੀ ਯੂਨੀਵਰਸਟੀ,
ਪਟਿਆਲਾ
8 ਮਾਰਚ, 1968

# ਭੂਮਿਕਾ

ਸਰਦਾਰ ਸ਼ਾਮ ਸਿੰਘ ਦਾ ਜੀਵਨ ਅਤੇ ਕੁਰਬਾਨੀ ਪੰਜਾਬ ਦੀ ਵੀਰ-ਭੂਮੀ ਤੇ ਸਦਾ ਚਾਨਣ-ਮੁਨਾਰੇ ਦਾ ਕੰਮ ਦੇਵੇਗੀ । ਦੇਸ਼ ਦੀ ਰੱਖਿਆ ਲਈ ਉਨ੍ਹਾਂ ਨੇ ਸਿਰ ਧੜ ਦੀ ਬਾਜ਼ੀ ਲਾ ਦਿੱਤੀ । ਸਰਹੱਦਾਂ ਦੀ ਰਾਖੀ ਲਈ ਉਹ ਸਾਰਾ ਜੀਵਨ ਸੰਗਰਾਮ ਕਰਦੇ ਅਤੇ ਅੰਤ ਸਮੇਂ ਆਪਣੀ ਬਲੀ ਦੇ ਕੇ ਉਨ੍ਹਾਂ ਨੇ ਸਿੱਧ ਕਰ ਦਿੱਤਾ ਕਿ ਸਵਤੰਤਰਤਾ ਦੇ ਟਾਕਰੇ ਸੰਸਾਰਕ ਪਦਾਰਥ–ਜਾਗੀਰਾਂ ਆਦਿ ਤੁੱਛ ਹਨ । 1847 ਵਿਚ ਅੰਗਰੇਜ਼ਾਂ ਵਿਰੁੱਧ ਜੋ ਸਵਤੰਤਰਤਾ ਸੰਗਰਾਮ ਆਰੰਭ ਹੋਇਆ ਸਰਦਾਰ ਸ਼ਾਮ ਸਿੰਘ ਉਸ ਦੇ ਮੋਢੀ ਸਨ ਤੇ ਪੂਰੇ ਸੌ ਸਾਲ ਪੰਜਾਬ ਵਿਚ ਸਵਤੰਤਰਤਾ ਸੰਗਰਾਮ ਦੀ ਲਹਿਰ ਉਨ੍ਹਾਂ ਦੀ ਕੁਰਬਾਨੀ ਤੋਂ ਉਤਸ਼ਾਹਿਤ ਹੁੰਦੀ ਰਹੀ ।

ਪੰਜਾਬੀ ਯੂਨੀਵਰਸਿਟੀ ਦੀ ਪ੍ਰੇਰਨਾ ਨਾਲ ਇਹ ਪੁਸਤਕ ਤਿਆਰ ਹੋਈ ਹੈ ਜਿਸ ਕਰਕੇ ਮੈਂ ਪੰਜਾਬੀ ਯੂਨੀਵਰਸਿਟੀ ਦਾ ਧੰਨਵਾਦੀ ਹਾਂ । ਸ੍ਰੀ ਐਮ. ਐਲ. ਅਹਲੂਵਾਲੀਆ ਦੀ ਸਹਾਇਤਾ ਦਾ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਨੈਸ਼ਨਲ ਆਰਕਾਈਵਜ਼ ਨਵੀਂ ਦਿੱਲੀ ਵਿਚੋਂ ਸਰਦਾਰ ਸ਼ਾਮ ਸਿੰਘ ਬਾਰੇ ਮੇਰੀਆਂ ਲਭੀਆਂ ਟੂਕਾਂ ਟਾਈਪ ਕਰਵਾ ਕੇ ਭੇਜੀਆਂ । ਸਰਦਾਰ ਹਰਭਜਨ ਸਿੰਘ ਤੇ ਸਰਦਾਰ ਗੁਰਦਿਆਲ ਸਿੰਘ ਫ਼ੋਟੋਗਰਾਫ਼ਰਾਂ ਦਾ ਧੰਨਵਾਦ ਜਿਨ੍ਹਾਂ ਮੇਰੇ ਨਾਲ ਅਟਾਰੀ ਜਾ ਕੇ ਫ਼ੋਟੋ ਲਈਆਂ ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ
19-9-1967

ਕਿਰਪਾਲ ਸਿੰਘ

# ਵਿਰਸਾ

"ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਜੱਟ ਜਾਤੀ ਦਾ ਸਭ ਤੋਂ ਵਧੀਆ ਪ੍ਰਤੀਨਿਧ ਸੀ। ਇਹ ਜਾਤੀ ਬਹਾਦਰੀ, ਈਮਾਨਦਾਰੀ, ਤਾਕਤ ਤੇ ਦਲੇਰੀ ਵਿਚ ਕਿਸੇ ਤੋਂ ਘੱਟ ਨਹੀਂ" —ਗ੍ਰਿਫਿਨ।

ਸਰਦਾਰ ਸ਼ਾਮ ਸਿੰਘ ਨੂੰ ਬਹਾਦਰੀ, ਦਲੇਰੀ ਤੇ ਮਰ ਮਿਟਣ ਲਈ ਦ੍ਰਿੜ੍ਹਤਾ ਵਿਰਸੇ ਵਿਚ ਮਿਲੀ ਸੀ। ਇਸ ਦੇ ਵੱਡਕੇ ਗੌਰ ਸਿੰਘ ਤੇ ਕੌਰ ਸਿੰਘ ਉਸ ਵੇਲੇ ਅੰਮ੍ਰਿਤ ਪਾਨ ਕਰ ਕੇ ਸਿੰਘ ਸਜੇ ਜਦੋਂ ਕਿ ਲਾਹੌਰ ਦਾ ਸੂਬੇਦਾਰ ਅਬਦਲਸਮਦ ਖ਼ਾਂ ਸਿੰਘਾਂ ਦੇ ਸਿਰਾਂ ਦਾ ਮੁੱਲ ਦੇਂਦਾ ਸੀ ਅਤੇ ਮੁਗ਼ਲੀਆ ਫ਼ੌਜ ਦੇ ਦਸਤੇ ਸਿੰਘਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚੋਂ ਬਾਹਰ ਕੱਢਣ ਲਈ ਗਸ਼ਤ ਕਰਦੇ ਫਿਰਦੇ ਸਨ। ਗੌਰ ਸਿੰਘ ਤੇ ਕੌਰ ਸਿੰਘ ਨੇ 1735 ਈਸਵੀ ਵਿਚ ਅੰਮ੍ਰਿਤਸਰ ਆ ਕੇ ਅੰਮ੍ਰਿਤ ਪਾਨ ਕੀਤਾ[1] ਉਨ੍ਹਾਂ ਸਮਿਆਂ ਵਿਚ ਕੋਈ ਵਰਿਆਮ ਦੇ ਦਲੇਰ ਮਨੁਖ ਹੀ ਨਵਾਂ ਪਿੰਡ ਵਸਾ ਸਕਦਾ ਸੀ। ਇਕ ਉਦਾਸੀ ਸਿੱਖ ਭਾਈ ਮੂਲਦਾਸ ਦੇ ਕਹਿਣ ਤੇ ਗੌਰ ਸਿਘ ਨੇ ਦਲੇਰੀ ਕਰ ਕੇ ਇਕ ਥੇਹ ਤੇ ਪਿੰਡ ਵਸਾਉਣ ਦਾ ਫ਼ੈਸਲਾ ਕੀਤਾ ਤੇ ਆਪਣਾ ਕੋਠਾ ਉੱਥੇ ਪਾ ਲਿਆ। ਉੱਚੇ ਥੇਹ ਉੱਤੇ ਪਿੰਡ ਵੱਸਣ ਕਰਕੇ ਉਸ ਦਾ ਨਾਂ ਅਟਾਰੀ ਪੈ ਗਿਆ। ਕਈਆਂ ਦਾ ਖ਼ਿਆਲ ਹੈ ਕਿ ਗੌਰ ਸਿੰਘ ਦੀ ਹਵੇਲੀ ਦੀ ਉੱਚੀ ਅਟਾਰੀ ਸੀ ਜਿਸ ਕਰਕੇ ਪਿੰਡ ਦਾ ਨਾਂ ਅਟਾਰੀ ਪੈ ਗਿਆ। ਅਟਾਰੀ ਅੰਮ੍ਰਿਤਸਰ ਤੇ ਲਾਹੌਰ ਵਾਲੀ ਸੜਕ ਤੇ ਅੰਮ੍ਰਿਤਸਰ ਤੋਂ ਚੌਦਾਂ ਮੀਲ ਤੇ ਹੈ। ਇਸ ਪਿੰਡ ਨੇ ਸਿੱਖ-ਰਾਜ ਦੇ ਸਮੇਂ ਕਈ ਉੱਘੀਆਂ ਹਸਤੀਆਂ ਪੈਦਾ ਕੀਤੀਆਂ[2] ਇਨ੍ਹਾਂ ਵਿਚੋਂ ਸਰਦਾਰ ਸ਼ਾਮ ਸਿੰਘ ਇਕ ਪ੍ਰਸਿੱਧ ਜੋਧੇ ਹੋਏ ਹਨ।

ਅਠਾਰ੍ਹਵੀਂ ਸਦੀ ਦਾ ਦੂਜਾ ਅੱਧ ਰਾਜ-ਗਰਦੀ ਦਾ ਸਮਾਂ ਸੀ। ਮੁਗ਼ਲ ਰਾਜ ਦਾ ਸੂਰਜ ਅਸਤ ਹੋ ਚੁਕਾ ਸੀ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਨੇ ਪੰਜਾਬ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਖ਼ਾਲਸੇ ਦੀ ਪ੍ਰਭਤਾ ਅਸਥਾਪਤ ਹੋਣ ਵਾਲੀ

[1] "ਚੀਫ਼ਸ ਐਂਡ ਫ਼ੈਮੇਲੀਜ਼ ਆਫ਼ ਨੋਟ ਇਨ ਪੰਜਾਬ" ਜਿਲਦ ਪਹਿਲੀ (1940), ਪੰਨਾ 473.

[2] ਵੇਖੋ ਇਨ੍ਹਾਂ ਸਤਰਾਂ ਦੇ ਲਿਖਾਰੀ ਦਾ ਸਰਦਾਰ ਚਤਰ ਸਿੰਘ ਤੇ ਸ਼ੇਰ ਸਿੰਘ ਅਟਾਰੀ ਦੇ ਹਾਲ "ਪੰਜਾਬ ਦੇ ਮੁੱਢਲੇ ਸਵਤੰਤਰਤਾ ਸੰਗਰਾਮੀਏ" ਵਿਚ।

ਸੀ । ਸਿਘਾਂ ਦੇ ਜੱਥੇ ਪਿੰਡਾਂ ਤੇ ਸ਼ਹਿਰਾਂ ਵਿਚ ਆਪੋ ਆਪਣੇ ਇਲਾਕੇ ਮੱਲ ਰਹੇ ਸਨ । ਅਟਾਰੀ ਪਿੰਡ ਦਾ ਬਾਨੀ ਗੌਰ ਸਿੰਘ ਤੇ ਉਸ ਦਾ ਭਰਾ ਕੌਰ ਸਿੰਘ ਸਰਦਾਰ ਗੁਰਬਖਸ਼ ਸਿੰਘ ਦੇ ਜੱਥੇ ਵਿਚ ਸ਼ਾਮਲ ਹੋ ਗਏ । ਸਰਦਾਰ ਗੁਰਬਖਸ਼ ਸਿੰਘ ਭੰਗੀ ਮਿਸਲ ਦੇ ਉਨ੍ਹਾਂ ਮੁੱਢਲੇ ਆਗੂਆਂ ਵਿਚੋਂ ਸੀ ਜਿਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕੀਤਾ ਸੀ ਤੇ ਭੰਗੀ ਮਿਸਲ ਦੀ ਨੀਂਹ ਰੱਖੀ ਸੀ[1] । ਗੁਰਬਖਸ਼ ਸਿੰਘ ਨੇ ਲਹਿਣਾ ਸਿੰਘ ਨੂੰ ਪੁੱਤਰ ਬਣਾ ਲਿਆ ਸੀ । ਸਰਦਾਰ ਗੁੱਜਰ ਸਿੰਘ ਸਰਦਾਰ ਗੁਰਬਖਸ਼ ਸਿੰਘ ਦਾ ਦੋਹਤਰਾ ਸੀ । ਸਰਦਾਰ ਲਹਿਣਾ ਸਿੰਘ ਤੇ ਗੁੱਜਰ ਸਿੰਘ ਆਪਣੇ ਸਮੇਂ ਦੇ ਬੜੇ ਜੋਧੇ ਤੇ ਬਲਵਾਨ ਸਰਦਾਰ ਹੋਏ ਹਨ । ਇਨ੍ਹਾਂ ਨੇ ਲਾਹੌਰ ਜਿੱਤਿਆ ਤੇ ਜੈ ਸਿੰਘ ਕਨ੍ਹਈਏ ਦੇ ਭਤੀਜੇ ਸੋਭਾ ਸਿੰਘ ਨਾਲ ਮਿਲ ਕੇ ਕਈ ਸਾਲ ਉਸ ਤੇ ਕਬਜ਼ਾ ਕੀਤੀ ਰਖਿਆ । ਗੌਰ ਸਿੰਘ ਤੇ ਕੌਰ ਸਿੰਘ ਦੇ ਪਿੱਛੋਂ ਇਨ੍ਹਾਂ ਦੀ ਸੰਤਾਨ ਵੀ ਭੰਗੀ ਮਿਸਲਦਾਰਾਂ ਨਾਲ ਮਿਲ ਕੇ ਸੂਰਮਗਤੀ ਵਿਖਾਉਂਦੀ ਰਹੀ ।

ਸਰਦਾਰ ਸ਼ਾਮ ਸਿੰਘ ਦੇ ਪਿਤਾ ਸਰਦਾਰ ਨਿਹਾਲ ਸਿੰਘ ਪਹਿਲਾਂ ਸਰਦਾਰ ਗੁੱਜਰ ਸਿੰਘ ਭੰਗੀ ਦੀ ਮਿਸਲ ਵਿਚ ਸ਼ਾਮਲ ਸਨ । ਸਰਦਾਰ ਗੁੱਜਰ ਸਿੰਘ ਨੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਏ ਨਾਲ ਮਿਲ ਕੇ ਝਨਾਂ ਤੋਂ ਪਾਰਲੇ ਇਲਾਕੇ ਜਿੱਤੇ । ਇਹ ਉਹ ਸਮਾਂ ਸੀ ਜਦੋਂ ਅਹਿਮਦ ਸ਼ਾਹ ਅਬਦਾਲੀ ਦਾ ਗਵਰਨਰ ਸਰਬੁਲੰਦ ਖ਼ਾਂ ਪੰਜਾਬ ਤੇ ਅਫ਼ਗਾਨ ਰਾਜ ਸਥਾਪਤ ਕਰਨ ਲਈ ਸਿਰ ਤੋੜ ਜਤਨ ਕਰ ਰਿਹਾ ਸੀ । ਸਰਬੁਲੰਦ ਖ਼ਾਂ ਨੂੰ ਰੋਹਤਾਸ ਦੇ ਕਿਲ੍ਹੇ ਵਿਚੋਂ ਗਰਿਫ਼ਤਾਰ ਕਰ ਲਿਆ ਗਿਆ ਤੇ ਉਹ ਕਾਫ਼ੀ ਸਮਾਂ ਕੈਦ ਵਿਚ ਹੀ ਰਿਹਾ[2] । ਸਰਦਾਰ ਗੁੱਜਰ ਸਿੰਘ ਦਾ ਦੇਹਾਂਤ 1788 ਈਸਵੀ ਵਿਚ ਹੋਇਆ ਤੇ ਇਸ ਤੋਂ ਪਿੱਛੋਂ ਉਸ ਦੇ ਸਪੁਤਰ ਸਰਦਾਰ ਸਾਹਿਬ ਸਿਘ ਨੇ ਝਨਾਂ ਤੋਂ ਪਾਰਲੇ ਸਾਰੇ ਜਿੱਤੇ ਇਲਾਕੇ ਤੇ ਕਬਜ਼ਾ ਕਰ ਲਿਆ । ਉਸ ਦੀ ਰਾਜਧਾਨੀ ਗੁਜਰਾਤ ਸੀ । ਸਰਦਾਰ ਸਾਹਿਬ ਸਿੰਘ ਦਾ ਸਭ ਤੋਂ ਵਧੀਆ ਹਾਲ ਗਣੇਸ਼ ਦਾਸ ਵਡਹਿਰਾ[3] ਨੇ ਆਪਣੀ ਪੁਸਤਕ "ਚਾਰ ਬਾਗ਼ਿ-ਪੰਜਾਬ" ਵਿਚ ਦਿੱਤਾ ਹੈ । ਉਹ ਲਿਖਦਾ ਹੈ ਕਿ ਸਿੱਖਾਂ ਵਿਚ ਸਾਹਿਬ ਸਿੰਘ 'ਜਨਾਨੀ' ਕਰਕੇ ਮਸ਼ਹੂਰ ਸੀ ਪਰ ਇਸ ਨੇ ਅਫ਼ਗਾਨਾਂ ਨੂੰ ਦੋ ਵਾਰੀ ਸਖ਼ਤ ਭਾਂਜ ਦਿੱਤੀ ਤੇ ਆਪਣੀ ਇਸ ਗੱਲ ਨੂੰ ਗ਼ਲਤ ਸਿੱਧ ਕਰ ਦਿੱਤਾ । ਇਕ ਵਾਰੀ 1795 ਈਸਵੀ ਵਿਚ ਸ਼ਾਹ ਜ਼ਮਾਨ ਵੱਲੋਂ ਬਹਾਦਰ ਖ਼ਾਂ ਦੀ ਕਮਾਨ ਹੇਠਾਂ ਬਹੁਤ ਸਾਰੀ ਅਫ਼ਗਾਨ ਫ਼ੌਜ ਨੇ ਗੁਜਰਾਤ ਤੇ ਹਮਲਾ ਕਰ ਦਿੱਤਾ । ਇਸ ਫ਼ੌਜ ਦੀ ਏਨੀ ਧਾਂਕ ਸੀ ਕਿ ਗੁਜਰਾਤ ਤੇ ਉਸ ਦੇ

---

[1] "ਹਿਸਟਰੀ ਆਫ਼ ਪੰਜਾਬ", ਮੁਹੰਮਦ ਲਤੀਫ਼, ਪੰਨਾ 90

[2] "ਅਹਿਮਦ ਸ਼ਾਹ ਦੁਰਾਨੀ", ਗੰਡਾ ਸਿੰਘ, ਪੰਨਾ 295

[3] ਗਣੇਸ਼ ਦਾਸ ਦਾ ਪਿਤਾ ਸ਼ਿਵਦਾਸ ਸਰਦਾਰ ਸਾਹਿਬ ਸਿੰਘ ਭੰਗੀ ਦਾ ਨਾਜ਼ਮ ਸੀ । ਵੇਖੋ ਲੇਖਕ ਦੀ ਸੰਪਾਦਿਤ ਪੁਸਤਕ "ਚਾਰ ਬਾਗ਼ਿ-ਪੰਜਾਬ" ।

ਆਲੇ ਦੁਆਲੇ ਦੀ ਵੱਸੋਂ ਨੂੰ ਭਾਜੜ ਪੈ ਗਈ। ਪਰ ਸਾਹਿਬ ਸਿੰਘ ਸਤਿਗੁਰਾਂ ਦੀ ਟੇਕ ਲੈ ਕੇ ਆਪਣੀਆਂ ਫ਼ੌਜਾਂ ਸਣੇ ਗੁਜਰਾਤ ਦੇ ਕਿਲ੍ਹੇ ਵਿਚ ਅਫ਼ਗਾਨਾਂ ਦੇ ਹਮਲੇ ਦੀ ਉਡੀਕ ਕਰਨ ਲੱਗਾ। ਅਫ਼ਗਾਨਾਂ ਨੇ ਗੁਜਰਾਤ ਦੇ ਪੱਛਮ ਵਾਲੇ ਪਾਸਿਉਂ ਹਮਲਾ ਕੀਤਾ, ਸਿੱਖਾਂ ਤੇ ਅਫ਼ਗਾਨਾਂ ਦੇ ਵਿਚਕਾਰ ਚੰਗੀ ਤਕੜੀ ਲੜਾਈ ਹੋਈ, ਅਖ਼ੀਰ ਬਹਾਦਰ ਖ਼ਾਂ ਮੈਦਾਨ ਛੱਡ ਕੇ ਨੱਸ ਪਿਆ। ਉਸ ਦੇ ਨੱਸਣ ਦੀ ਦੇਰ ਸੀ ਕਿ ਅਫ਼ਗਾਨ ਵੀ ਹਰਨ ਹੋ ਗਏ। ਇਸ ਜੰਗ ਵਿਚ ਅਫ਼ਗਾਨਾਂ ਦਾ ਬਹੁਤ ਨੁਕਸਾਨ ਹੋਇਆ। ਦੂਜੀ ਵਾਰੀ ਬਹਾਦਰ ਖ਼ਾਂ ਨੇ ਅਹਿਮਦ ਖ਼ਾਂ ਸ਼ਹਾਨਚੀ ਦੀਆਂ ਫ਼ੌਜਾਂ ਨੂੰ ਨਾਲ ਲੈ ਕੇ 1798 ਈਸਵੀ ਵਿਚ ਗੁਜਰਾਤ ਤੇ ਹਮਲਾ ਕੀਤਾ। ਇਸ ਵਾਰੀ ਇਕੱਲੇ ਬਹਾਦਰ ਖ਼ਾਂ ਕੋਲ ਬਾਰਾਂ ਹਜ਼ਾਰ ਤੋਂ ਵੱਧ ਫ਼ੌਜ ਸੀ। ਇਸ ਵਾਰੀ ਵੀ ਅਫ਼ਗਾਨਾਂ ਨੂੰ ਹਾਰ ਹੋਈ। ਬਹਾਦਰ ਖ਼ਾਂ ਜੰਗ ਵਿਚ ਮਾਰਿਆ ਗਿਆ।

ਹੁਣ ਅਹਿਮਦ ਖ਼ਾਂ ਸ਼ਹਾਨਚੀ ਨੇ ਰੋਹਤਾਸ ਦੇ ਕਿਲ੍ਹੇ ਨੂੰ ਆਪਣਾ ਅੱਡਾ ਬਣਾ ਲਿਆ ਤੇ ਮੁਸਲਮਾਨਾਂ ਵਿਚ ਜਹਾਦ ਦਾ ਪ੍ਰਚਾਰ ਕਰਨ ਲੱਗਾ। ਉਸ ਨੇ ਇਕ ਬ੍ਰਹਮਣ ਇਸਤ੍ਰੀ ਨੂੰ ਜ਼ਬਰਦਸਤੀ ਆਪਣੇ ਘਰ ਪਾ ਲਿਆ, ਜਿਸ ਕਰਕੇ ਗ਼ੈਰ-ਮੁਸਲਮਾਨਾਂ ਵਿਚ ਉਸ ਦੇ ਵਿਭਚਾਰ ਦਾ ਚਰਚਾ ਹੋਣ ਲਗ ਪਿਆ। ਅਖ਼ੀਰ ਉਸ ਨੇ ਅਫ਼ਗਾਨਾਂ ਦੀਆਂ ਫ਼ੌਜਾਂ ਨੂੰ ਇਕੱਠਾ ਕਰ ਕੇ ਗੁਜਰਾਤ ਦੇ ਪੂਰਬ ਵਲ ਹੋ ਕੇ ਹਮਲਾ ਕਰ ਦਿੱਤਾ। ਸਾਹਿਬ ਸਿੰਘ ਨੇ ਗੁਜਰਾਤ ਦੇ ਕਿਲ੍ਹੇ ਦੀ ਓਟ ਲੈ ਕੇ ਟਾਕਰਾ ਕਰਨਾ ਆਰੰਭ ਦਿੱਤਾ ਪਰ ਸਿੱਖਾਂ ਦੀਆਂ ਤੋਪਾਂ ਅਫ਼ਗਾਨਾਂ ਨੂੰ ਰੋਕ ਨਾ ਸਕੀਆਂ ਤੇ ਅਫ਼ਗਾਨ ਸ਼ਹਿਰ ਦੇ ਦਰਵਾਜ਼ੇ ਵਲ ਵੱਧ ਆਏ। ਇੰਨੇ ਚਿਰ ਨੂੰ ਰੌਲਾ ਪੈ ਗਿਆ ਕਿ ਸਰਦਾਰ ਰਣਜੀਤ ਸਿੰਘ (ਜੋ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਬਣੇ) ਫ਼ੌਜਾਂ ਸਮੇਤ ਝਨਾਂ ਟੱਪ ਚੁਕੇ ਹਨ। ਇਸ ਗੱਲ ਨੇ ਜੰਗ ਦਾ ਪਾਸਾ ਪਲਟ ਦਿੱਤਾ। ਖ਼ਾਲਸੇ ਦੀ ਜਿੱਤ ਪਰਤਖ ਨਜ਼ਰ ਆਉਣ ਲੱਗੀ। ਇਕ ਗੋਲੀ ਸ਼ਹਾਨਚੀ ਨੂੰ ਵੱਜੀ ਤੇ ਉਹ ਖ਼ਤਮ ਹੋ ਗਿਆ। ਅਫ਼ਗਾਨਾਂ ਵਿਚ ਭਾਜੜ ਪੈ ਗਈ ਤੇ ਖ਼ਾਲਸੇ ਦੀ ਜਿੱਤ ਹੋਈ। ਸਿੱਖਾਂ ਨੇ ਸ਼ਹਾਨਚੀ ਦੇ ਸਿਰ ਦੀ ਟੋਪੀ ਡੰਡੇ ਨਾਲ ਬੰਨ੍ਹ ਕੇ ਪਿੰਡ ਪਿੰਡ ਫੇਰੀ ਤੇ ਉਸ ਬ੍ਰਹਮਣ ਇਸਤ੍ਰੀ ਨੂੰ, ਜਿਸ ਨਾਲ ਸ਼ਹਾਨਚੀ ਨੇ ਜ਼ਬਰਦਸਤੀ ਵਿਆਹ ਕੀਤਾ ਸੀ, ਉਸ ਦੇ ਵਾਰਸਾਂ ਕੋਲ ਪਹੁੰਚਾ ਦਿੱਤਾ[1]। ਇਨ੍ਹਾਂ ਸਾਰਿਆਂ ਜੁੱਧਾਂ ਵਿੱਚ ਸਰਦਾਰ ਸ਼ਾਮ ਸਿੰਘ ਦੇ ਪਿਤਾ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਾਹਿਬ ਸਿੰਘ ਦੀਆਂ ਜਿੱਤਾਂ ਨਿਹਾਲ ਸਿੰਘ ਵਰਗੇ ਬਹਾਦਰ ਜੋਧਿਆਂ ਦੇ ਸਦਕਾ ਹੀ ਸਨ, ਜਿਵੇਂ ਕਿ ਗ੍ਰਿਫ਼ਿਨ ਲਿਖਦਾ ਹੈ "ਉਹ ਲੜਾਈ ਜੋ ਸਿੱਖਾਂ ਤੇ ਸ਼ਹਾਨਚੀ ਦੇ ਅਧੀਨ ਅਫ਼ਗਾਨਾਂ ਵਿਚਕਾਰ ਹੋਈ ਦੀ ਜਿੱਤ ਦਾ ਸਿਹਰਾ ਸਰਦਾਰ ਨਿਹਾਲ ਸਿੰਘ ਦੀ ਬਹਾਦਰੀ ਕਰਕੇ ਸੀ[2]।" ਭੰਗੀ ਮਿਸਲ ਆਪਣੇ

[1]"ਚਾਰ ਬਾਗ਼-ਪੰਜਾਬ" ਕ੍ਰਿਤ ਗਣੇਸ਼ ਦਾਸ, ਪੰਨਾ 133, 134, 139.
[2]"ਚੀਫ਼ਸ ਆਫ਼ ਦੀ ਪੰਜਾਬ", ਗ੍ਰਿਫ਼ਿਨ, ਜਿਲਦ ਪਹਿਲੀ, ਪੰਨਾ 473.

ਇਸ ਲਈ ਉਸ ਇਲਾਕੇ ਦਾ ਕਬਜ਼ਾ ਲੈਣ ਲਈ ਸਰਦਾਰ ਨਿਹਾਲ ਸਿੰਘ ਨੂੰ ਬਹੁਤ ਜਤਨ ਕਰਨੇ ਪਏ। 1808 ਵਿਚ ਮਹਾਰਾਜਾ ਰਣਜੀਤ ਸਿੰਘ ਤੇ ਸਰਦਾਰ ਨਿਹਾਲ ਸਿੰਘ ਸਤਲੁਜੋਂ ਪਾਰ ਹੋਏ ਤੇ ਉਨ੍ਹਾਂ ਨੇ ਖਾਈ ਦੇ ਕਿਲ੍ਹੇ ਨੂੰ ਸਰ ਕੀਤਾ ਜਿਸ ਵਿੱਚ ਕੁਝ ਪਠਾਣ ਆਕੀ ਹੋਏ ਬੈਠੇ ਸਨ।[1]

ਫ਼ੀਰੋਜ਼ਪੁਰ ਦੇ ਇਲਾਕੇ ਵਿਚ ਡੋਗਰਾਂ ਦੇ ਕੁਝ ਪਿੰਡਾਂ ਦਾ ਝਗੜਾ ਦੇਰ ਤੋਂ ਚਲਿਆ ਆ ਰਿਹਾ ਸੀ। ਡੋਗਰ ਮੁਸਲਮਾਨ ਸਨ ਤੇ ਬਹੁਤ ਲੜਾਕੇ ਸਨ। ਇਨ੍ਹਾਂ ਦੇ ਪਿੰਡ ਸਰਦਾਰ ਗੁੱਜਰ ਸਿੰਘ ਭੰਗੀ ਨੇ ਜਿੱਤ ਕੇ ਆਪਣੇ ਭਤੀਜੇ ਗੁਰਬਖ਼ਸ਼ ਸਿੰਘ ਨੂੰ ਦੇ ਦਿੱਤੇ ਸਨ। ਸਰਦਾਰ ਗੁਰਬਖ਼ਸ਼ ਸਿੰਘ ਤੇ ਉਸ ਦਾ ਪੁੱਤਰ ਧੰਨਾ ਸਿੰਘ ਕੋਈ ਬਹੁਤੇ ਖੜਕੇ ਦੜਕੇ ਵਾਲੇ ਨਹੀਂ ਸਨ ਇਸ ਲਈ ਇਨ੍ਹਾਂ ਡੋਗਰਾਂ ਨੇ ਕਸੂਰ ਦੇ ਨਵਾਬ ਰਾਹੀਂ ਕੁਝ ਪਠਾਣ ਆਪਣੀ ਸਹਾਇਤਾ ਵਾਸਤੇ ਸੱਦ ਲਏ। ਪਰ ਪਠਾਣਾਂ ਨੇ ਡੋਗਰਾਂ ਦੇ ਕੁਝ ਪਿੰਡਾਂ ਉੱਤੇ ਕਬਜ਼ਾ ਕਰ ਲਿਆ, ਜਿਸ ਦਾ ਡੋਗਰਾਂ ਨੇ ਬਹੁਤ ਬੁਰਾ ਮਨਾਇਆ[2] ਤੇ ਉਨ੍ਹਾਂ ਨੇ ਜਗਰਾਉਂ ਤੋਂ ਰਾਏਕੋਟ ਦੀ ਫ਼ੌਜ ਸੱਦ ਭੇਜੀ। ਇਸ ਫ਼ੌਜ ਨੇ ਪਠਾਣਾਂ ਨੂੰ ਉਥੋਂ ਨਸਾ ਦਿੱਤਾ। ਰਾਏ ਦੀਆਂ ਫ਼ੌਜਾਂ ਦੇ ਵਾਪਸ ਜਾਣ ਤੋਂ ਪਿਛੋਂ ਪਠਾਣਾਂ ਨੇ ਫੇਰ ਸੱਤਾਂ ਪਿੰਡਾਂ ਉਤੇ ਕਬਜ਼ਾ ਕਰ ਲਿਆ।[3] ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਜਿੱਤਿਆ, ਤਾਂ ਇਹ ਸੱਤ ਪਿੰਡ, ਜਿਹੜੇ ਸਤਲੁਜੋਂ ਦੱਖਣ ਵਲ ਸਨ, ਝਗੜੇ ਦਾ ਕਾਰਨ ਬਣ ਗਏ।

ਇਨ੍ਹਾਂ ਸੱਤਾਂ ਪਿੰਡਾਂ ਉਤੇ ਸਰਦਾਰ ਧੰਨਾ ਸਿੰਘ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਸਰਦਾਰ ਨਿਹਾਲ ਸਿੰਘ ਨੂੰ ਸਹਾਇਤਾ ਲਈ ਸੱਦਿਆ। ਸਰਦਾਰ ਨਿਹਾਲ ਸਿੰਘ ਨੇ ਵੀ ਇਸ ਮੌਕੇ ਨੂੰ ਹੱਥੋਂ ਨਾ ਜਾਣ ਦਿੱਤਾ, ਭਾਵੇਂ ਉਹ ਫ਼ੀਰੋਜ਼ਪੁਰ ਨੂੰ ਜਿੱਤਣ ਵਿਚ ਕਾਮਯਾਬ ਨਾ ਹੋ ਸਕਿਆ, ਪਰ ਉਸ ਨੇ ਇਹ ਸੱਤੇ ਪਿੰਡ ਤੇ ਨਾਲ ਲਗਦੇ ਕੁਝ ਹੋਰ ਇਲਾਕੇ ਜਿੱਤ ਲਏ ਤੇ ਲਾਹੌਰ ਸਰਕਾਰ ਵੱਲੋਂ ਉਨ੍ਹਾਂ ਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਸਰਦਾਰ ਨਿਹਾਲ ਦੀ ਇਸ ਦਲੇਰੀ ਅਤੇ ਸਿਆਣਪ ਤੇ ਬਹੁਤ ਖੁਸ਼ ਹੋਇਆ ਤੇ ਅਟਾਰੀ ਪਿੰਡ ਦੇ ਨੇੜੇ 3000 ਰੁਪਏ ਦੀ ਜਾਗੀਰ ਉਸ ਨੂੰ ਇਨਾਮ ਵਜੋਂ ਦੇ ਦਿੱਤੀ।[4]

ਕਸੂਰ ਜਿੱਤਣ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦੀ ਜਿੱਤ ਦਾ ਇਰਾਦਾ ਕੀਤਾ, ਕਿਉਂਕਿ ਮਹਾਰਾਜ ਨੂੰ ਯਕੀਨ ਸੀ ਕਿ ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖਾਂ ਨੇ ਕਸੂਰ ਦੇ ਨਵਾਬ ਕੁਤਬੁੱਦੀਨ ਨੂੰ ਮਹਾਰਾਜੇ ਦੇ ਵਿਰੁੱਧ ਉਕਸਾਇਆ

---

[1] "ਗਜ਼ਟੀਅਰ ਆਫ਼ ਫ਼ੀਰੋਜ਼ਪੁਰ ਡਿਸਟਰਕਟ" 1883-84 ਪੰਨਾ 17.

[2] ਉਕਤ

[3] ਉਕਤ

[4] "ਚੀਫ਼ਜ਼ ਆਫ਼ ਪੰਜਾਬ", ਜਿਲਦ ਪਹਿਲੀ ਪੰਨਾ 475.

ਸੀ । ਇਸ ਲਈ 1810 ਵਿੱਚ ਮੁੱਜ਼ਫਰ ਖ਼ਾਂ ਨੂੰ ਸੁਲ੍ਹਾ ਲਈ ਸ਼ਰਤਾਂ ਭੇਜੀਆਂ ਗਈਆਂ ਪਰ ਉਸ ਨੇ ਟਾਲ ਮਟੋਲਾ ਕੀਤਾ । ਮਹਾਰਾਜਾ ਆਪ ਫ਼ੌਜਾਂ ਦੀ ਅਗਵਾਈ ਕਰਦਾ ਮੁਲਤਾਨ ਵਲ ਵਧਿਆ । ਉਸ ਨੇ ਮੁਲਤਾਨ ਸ਼ਹਿਰ ਨੂੰ ਜਿੱਤ ਲਿਆ ਤੇ ਚਹੁੰਆ ਪਾਸਿਆਂ ਤੋਂ ਕਿਲ੍ਹੇ ਦੇ ਦਵਾਲੇ ਘੇਰਾ ਘੱਤ ਲਿਆ । ਮੁਲਤਾਨ ਦੇ ਕਿਲ੍ਹੇ ਦੀ ਫ਼ਸੀਲ ਬਹੁਤ ਪੱਕੀ ਸੀ ਇਸ ਲਈ ਗੋਲਾਬਾਰੀ ਦਾ ਬਹੁਤਾ ਅਸਰ ਨਾ ਹੋਇਆ । ਲੜਾਈ ਨੂੰ ਛੇਤੀ ਮੁਕਾਉਣ ਲਈ ਮਹਾਰਾਜੇ ਨੇ ਇਕ ਵਿਉਂਤ ਸੋਚੀ ਕਿ ਕੁਝ ਨੌਜਵਾਨ ਵਰ੍ਹਦੀਆ ਗੋਲੀਆਂ ਵਿਚ ਕਿਲ੍ਹੇ ਦੀ ਫ਼ਸੀਲ ਥੱਲੇ ਜਾਣ ਤੇ ਬਾਰੂਦ ਦੇ ਪਲੀਤੇ ਰੱਖ ਕੇ ਅੱਗ ਲਾਉਣ ਜਿਸ ਨਾਲ ਕਿਲ੍ਹੇ ਦੀ ਬਾਹੀ ਡਿੱਗੇ ਤੇ ਫੇਰ ਖ਼ਾਲਸਾ ਫ਼ੌਜਾਂ ਹੱਲਾ ਕਰ ਕੇ ਕਿਲ੍ਹੇ ਨੂੰ ਜਿੱਤ ਲੈਣ । ਪਰ ਇਹ ਪਲੀਤੇ ਲਾਉਣ ਦਾ ਕੰਮ ਬਹੁਤ ਔਖਾ ਸੀ । ਇਸ ਕੰਮ ਲਈ ਮਹਾਰਾਜੇ ਨੇ ਸਰਦਾਰ ਹਰੀ ਸਿੰਘ ਨਲਵਾ, ਸਰਦਾਰ ਨਿਹਾਲ ਸਿੰਘ ਅਟਾਰੀ ਤੇ ਸਰਦਾਰ ਅਤਰ ਸਿੰਘ ਧਾਰੀ ਦੀ ਅਗਵਾਈ ਹੇਠਾਂ ਇਕ ਸੈਨਕ ਟੁਕੜੀ ਤਿਆਰ ਕੀਤੀ । ਸਰਦਾਰ ਨਿਹਾਲ ਸਿੰਘ ਨੇ ਇਹ ਕੰਮ ਬਹੁਤ ਯੋਗਤਾ ਨਾਲ ਨਿਭਾਇਆ । ਉਹ ਬੜੀ ਸੂਰਬੀਰਤਾ ਨਾਲ ਬਾਰੂਦ ਦੇ ਪਲੀਤੇ ਲਾ ਕੇ ਫ਼ਸੀਲ ਨੂੰ ਢਾਉਣ ਵਿੱਚ ਸਫਲ ਹੋਏ । ਇਸ ਕੰਮ ਵਿਚ ਸਰਦਾਰ ਹਰੀ ਸਿੰਘ ਬਹੁਤ ਸਖ਼ਤ ਜ਼ਖਮੀ ਹੋ ਗਏ, ਸਰਦਾਰ ਅਤਰ ਸਿੰਘ ਧਾਰੀ ਮਾਰਿਆ ਗਿਆ ਤੇ ਹੋਰ ਵੀ ਬਹੁਤ ਸਾਰੇ ਆਦਮੀ ਸ਼ਹੀਦ ਹੋ ਗਏ ਪਰ ਸਰਦਾਰ ਨਿਹਾਲ ਸਿੰਘ ਮੌਤ ਦੇ ਮੂੰਹ ਵਿੱਚੋਂ ਬਚ ਨਿਕਲੇ ।[1] ਸਰਦਾਰ ਨਿਹਾਲ ਸਿੰਘ ਦੀ ਬਹਾਦਰੀ ਤੇ ਮਹਾਰਾਜ ਬਹੁਤ ਖ਼ੁਸ਼ ਹੋਏ ।

ਕਸੂਰ ਤੇ ਮੁਲਤਾਨ ਦੀਆਂ ਲੜਾਈਆਂ ਤੋਂ ਛੁਟ 1810 ਤੋਂ ਲੈ ਕੇ 1817 ਤਕ ਸ਼ਾਇਦ ਹੀ ਹੋਰ ਕੋਈ ਲੜਾਈ ਹੋਵੇ ਜਿਸ ਵਿਚ ਸਰਦਾਰ ਨਿਹਾਲ ਸਿੰਘ ਨੇ ਵਧ ਚੜ੍ਹ ਕੇ ਹਿੱਸਾ ਨਾ ਲਿਆ ਹੋਵੇ ।

ਆਪਣੀ ਯੋਗਤਾ ਤੇ ਬਹਾਦਰੀ ਕਰਕੇ ਸਰਦਾਰ ਨਿਹਾਲ ਸਿੰਘ ਅਟਾਰੀਵਾਲਾ ਮਹਾਰਾਜਾ ਰਣਜੀਤ ਸਿੰਘ ਦੇ ਇੰਨਾ ਨੇੜੇ ਸੀ ਕਿ ਮਹਾਰਾਜੇ ਨੇ ਉਸ ਨੂੰ ਮਹੱਲਾਂ ਅੰਦਰ ਆਉਣ ਦੀ ਆਗਿਆ ਦਿੱਤੀ ਹੋਈ ਸੀ । ਉਸ ਸਮੇਂ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਨਿਹਾਇਤ ਜ਼ਰੂਰੀ ਤੇ ਵਿਸ਼ੇਸ਼ ਕੰਮ ਆਮ ਤੌਰ ਤੇ ਸਰਦਾਰ ਨਿਹਾਲ ਸਿੰਘ ਦੇ ਸਪੁਰਦ ਕਰਦਾ ਹੁੰਦਾ ਸੀ । ਪੰਜਾਬ ਸਰਕਾਰ ਲਾਹੌਰ ਦੀ ਛਪੀ ਪੁਸਤਕ "ਈਵੈਂਟਸ ਐਟ ਦੀ ਕੋਰਟ ਆਫ਼ ਰਣਜੀਤ ਸਿੰਘ" (1810-17) ਵਿੱਚ ਦਿੱਤੀਆਂ ਨਿਮਨ ਲਿਖਤ ਘਟਨਾਵਾਂ ਸਪਸ਼ਟ ਕਰਦੀਆਂ ਹਨ ਕਿ ਸਰਦਾਰ ਨਿਹਾਲ ਸਿੰਘ ਮਹਾਰਾਜਾ ਦੇ ਬਹੁਤ ਨਿਕਟ-ਵਰਤੀ ਸਰਦਾਰਾਂ ਵਿੱਚੋਂ ਸੀ ।

---

[1] ਗ੍ਰਿਫਿਨ : "ਚੀਫ਼ਸ ਐਂਡ ਫ਼ੈਮੇਲੀਜ਼ ਆਫ਼ ਨੋਟ ਇਨ ਪੰਜਾਬ", ਜਿਲਦ ਪਹਿਲੀ, ਪੰਨਾ 474 ਗ੍ਰਿਫ਼ਨ ਦੇ ਕਥਨ ਅਨੁਸਾਰ ਸ. ਨਿਹਾਲ ਸਿੰਘ ਨੇ ਕਸ਼ਮੀਰ ਦੀ ਪਹਿਲੀ ਮੁਹਿੰਮ, ਪਿੰਡ ਦਾਦਨ ਖ਼ਾਂ, ਨੀਲਾ ਦੁੱਲਾ, ਚਕਵਾਲ ਸਈਦਪੁਰ, ਨੌਸ਼ਹਿਰਾ ਤੇ ਮੁਲਤਾਨ ਦੀਆਂ ਲੜਾਈਆਂ ਵਿਚ ਹਿੱਸਾ ਲਿਆ ।

1. ਸਰਦਾਰ ਨਿਹਾਲ ਸਿੰਘ ਅਟਾਰੀਵਾਲੇ ਨੇ ਜਿਹਲਮ ਦੇ ਇਲਾਕੇ ਵਿਚ ਕੁਝ ਬਾਗੀਆਂ ਦੇ ਮੋਢੀਆਂ ਨੂੰ ਪਕੜ ਕੇ ਲੈ ਆਂਦਾ ਤੇ ਮਹਾਰਾਜਾ ਸਾਹਿਬ ਅੱਗੇ ਪੇਸ਼ ਕੀਤਾ । ਮਹਾਰਾਜਾ ਨੇ ਕਿਹਾ ਕਿ ਅਟਾਰੀਵਾਲਾ ਸਰਦਾਰ ਇਨ੍ਹਾਂ ਬਦਮਾਸ਼ਾਂ ਨੂੰ ਆਪਣੀ ਨਿਗਰਾਨੀ ਹੇਠ ਰੱਖੇ ।[1]

2. ਸਰਦਾਰ ਨਿਹਾਲ ਸਿੰਘ ਅਟਾਰੀਵਾਲੇ ਵੱਲੋਂ ਚਿੱਠੀ ਆਈ ਜਿਸ ਵਿਚ ਲਿਖਿਆ ਸੀ ਕਿ ਸਿੰਧ ਤੋਂ ਪੰਜ ਕੋਹ ਉਰਾਰ, ਮਹਿਮੂਦ ਕੋਟ ਦੇ ਕਿਲ੍ਹੇ ਨੂੰ ਪੂਰੀ ਤਾਕਤ ਨਾਲ ਘੇਰਾ ਪਾਇਆ ਗਿਆ ਹੈ । ਆਲੇ ਦੁਆਲੇ ਦੇ ਇਲਾਕੇ ਸੋਧ ਲਏ ਗਏ ਹਨ ਤੇ ਕਿਲ੍ਹਾ ਛੇਤੀ ਹੀ ਸਰ ਹੋਣ ਵਾਲਾ ਹੈ । ਮਹਾਰਾਜੇ ਨੇ ਉੱਤਰ ਵਿਚ ਪੱਤਰ ਲਿਖਵਾਇਆ ਕਿ ਕਿਲ੍ਹਾ ਛੇਤੀ ਤੋਂ ਛੇਤੀ ਸਰ ਕਰ ਲਵੋ ।[2]

3. ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ੧੯ ਸਿਪਾਹੀ ਸੰਮਨ ਬੁਰਜ ਦੀ ਰਾਖੀ ਲਈ ਲਾ ਦਿਤੇ ਜਾਣ । ਜੌੜਾ ਸਿੰਘ ਮੁਣਸ਼ੀ ਨੇ ਬੇਨਤੀ ਕੀਤੀ ਕਿ ਉਸਦੇ ਸਾਰੇ ਆਦਮੀ ਜਾਗੀਰ ਤੇ ਗਏ ਹੋਏ ਹਨ ਤਾਂ ਸਰਦਾਰ ਨਿਹਾਲ ਸਿੰਘ ਨੂੰ ਕਿਹਾ ਗਿਆ ਕਿ ਉਹ ਇਕ ਸੌ ਸਿਪਾਹੀ ਭੇਜ ਦੇਵੇ । ਸਰਦਾਰ ਨਿਹਾਲ ਸਿੰਘ ਨੇ ਤੁਰਤ ਹੀ ਭੇਜਣ ਦਾ ਇਕਰਾਰ ਕੀਤਾ ।[3]

4. ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਸਰਦਾਰ ਨਿਹਾਲ ਸਿੰਘ, ਮਹਾਂਬੀਰ ਸਿੰਘ ਤੇ ਦੀਵਾਨ ਸਿੰਘ ਰਾਮਗੜ੍ਹ ਵਾਲੇ ਨੂੰ ਦੱਸ ਦੇਵੋ ਕਿ ਉਨ੍ਹਾਂ ਨੂੰ ਛੇਤੀ ਹੀ ਜਾਗੀਰ ਦਿੱਤੀ ਜਾਵੇਗੀ ।[4]

ਇਕ ਵਾਰੀ 1817 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਵਣੀਕੇ ਉਤਰੇ ਹੋਏ ਸਨ ਕਿ ਸਖ਼ਤ ਬੀਮਾਰ ਹੋ ਗਏ । ਬਚਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ ਸੀ । ਇਸ ਵੇਲੇ ਸਰਦਾਰ ਨਿਹਾਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਲੰਘ ਦੀਆਂ ਪਰਕਰਮਾਂ ਕੀਤੀਆਂ ਤੇ ਸੱਚੇ ਦਿਲੋਂ ਅਰਦਾਸ ਕੀਤੀ ਕਿ ਮਹਾਰਾਜਾ ਸਾਹਿਬ ਠੀਕ ਹੋ ਜਾਣ ਤੇ ਮਹਾਰਾਜੇ ਦਾ ਦੁਖ ਉਨ੍ਹਾਂ ਨੂੰ ਲਗ ਜਾਏ । ਇਸ ਅਰਦਾਸੇ ਪਿੱਛੋਂ ਆਪ ਛੇਤੀ ਹੀ ਪਿੰਡ ਆ ਗਏ । ਕਰਤਾਰ ਦਾ ਭਾਣਾ ਐਸਾ ਹੋਇਆ ਕਿ ਮਹਾਰਾਜਾ ਰਾਜ਼ੀ ਹੋ ਗਏ ਤੇ ਸਰਦਾਰ ਨਿਹਾਲ ਸਿੰਘ ਅਟਾਰੀ ਪਿੰਡ ਆਉਣ ਤੋਂ ਥੋੜਾ ਸਮਾਂ ਪਿਛੋਂ ਅਕਾਲ ਚਲਾਣਾ ਕਰ ਗਏ ।[5] ਆਪ ਦੀ ਸਮਾਧ ਅਟਾਰੀ ਪਿੰਡ ਵਿਚ ਬਣੀ ਹੋਈ ਹੈ ।

---

[1] "ਈਵੈਂਟਸ ਐਟ ਦੀ ਕੋਰਟ ਆਫ ਰਣਜੀਤ ਸਿੰਘ" (1810-17) ਲਾਹੌਰ, (1935), ਪੰਨਾ 7

[2] ਉਕਤ, ਪੰਨਾ 251

[3] ਉਕਤ, ਪੰਨਾ 253

[4] ਉਕਤ, ਪੰਨਾ 258

[5] ਗ੍ਰਿਫ਼ਿਨ, ਜਿਲਦ ਪਹਿਲੀ, ਪੰਨਾ 475

ਸਰਦਾਰ ਨਿਹਾਲ ਸਿੰਘ ਦੀ ਇਸ ਆਪਾਵਾਰੂ ਕੁਰਬਾਨੀ ਦਾ ਅਸਰ ਉਸਦੇ ਸਪੁੱਤਰ ਸਰਦਾਰ ਸ਼ਾਮ ਸਿੰਘ ਤੇ ਹੋਣਾ ਕੁਦਰਤੀ ਸੀ। ਇਸ ਕੁਰਬਾਨੀ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਸਰਦਾਰ ਨਿਹਾਲ ਸਿੰਘ ਕਿਸੇ ਵਿਸ਼ੇਸ਼ ਉੱਦੇਸ਼ ਲਈ ਸਿਰ ਧੜ ਦੀ ਬਾਜ਼ੀ ਲਾ ਸਕਦਾ ਸੀ। ਠੀਕ ਇਸੇ ਤਰ੍ਹਾਂ ਹੀ ਸ਼ਾਮ ਸਿੰਘ ਨੇ ਵੀ ਆਪਣੇ ਪਿਤਾ ਵਾਂਗੂ ਆਪਣੀ ਅਣਖ ਤੇ ਸੁਤੰਤ੍ਰਤਾ ਨੂੰ ਕਾਇਮ ਰੱਖਣ ਲਈ ਸਿਰ ਧੜ ਦੀ ਬਾਜ਼ੀ ਲਾਈ। ਸੋ ਕੁਰਬਾਨੀ ਦੀ ਇਹ ਭਾਵਨਾ ਤੇ ਦ੍ਰਿੜ੍ਹਤਾ ਸਰਦਾਰ ਸ਼ਾਮ ਸਿੰਘ ਨੂੰ ਆਪਣੇ ਪਿਤਾ ਕੋਲੋਂ ਮਿਲੀ ਸੀ।

ਸਰਦਾਰ ਸ਼ਾਮ ਸਿੰਘ ਦਾ ਸਾਰਾ ਖ਼ਾਨਦਾਨ ਆਪਣੀ ਬਹਾਦਰੀ ਤੇ ਸਾਹਸ ਕਰ ਕੇ ਪ੍ਰਸਿੱਧ ਸੀ। ਇਹ ਹੀ ਗੁਣ ਸਰਦਾਰ ਸ਼ਾਮ ਸਿੰਘ ਨੂੰ ਮਿਲੇ। ਰਾਜ-ਰੋਲੇ ਸਮੇਂ ਸ਼ਾਮ ਸਿੰਘ ਦੇ ਵਡੇਰਿਆਂ ਨੇ ਬਹੁਤ ਤੇਗਾਂ ਮਾਰੀਆਂ ਸਨ ਤੇ ਪ੍ਰਸਿੱਧਤਾ ਪ੍ਰਾਪਤ ਕੀਤੀ ਸੀ। ਸਿੱਖ ਰਾਜ ਦੇ ਉੱਥਾਨ ਸਮੇਂ ਸ਼ਾਇਦ ਹੀ ਕੋਈ ਉੱਘੀ ਲੜਾਈ ਹੋਵੇ ਜਿਸ ਵਿਚ ਇਸ ਖ਼ਾਨਦਾਨ ਨੇ ਹਿੱਸਾ ਨਾ ਲਿਆ ਹੋਵੇ। ਇਸ ਤਰ੍ਹਾਂ ਵਫ਼ਾਦਾਰੀ, ਬਹਾਦਰੀ ਤੇ ਕੁਰਬਾਨੀ ਸਰਦਾਰ ਸ਼ਾਮ ਸਿੰਘ ਦਾ ਅਟੁੱਟ ਵਿਰਸਾ ਸੀ ਜਿਸ ਦਾ ਅਸਰ ਉਸ ਦੇ ਜੀਵਨ ਵਿਚੋਂ ਪ੍ਰਤੱਖ ਨਜ਼ਰੀਂ ਆਉਂਦਾ ਹੈ।

# ਫ਼ੌਜੀ ਜੀਵਨ (1803-1831 ਈਸਵੀ)

'ਮਹਾਰਾਜੇ ਨੇ ਇਕ ਹੀਰਿਆਂ ਜੜਤ ਕਲਗੀ ਸਰਦਾਰ ਨਿਹਾਲ ਸਿੰਘ ਅਟਾਰੀਵਾਲੇ ਦੇ ਸਪੁੱਤਰ ਸ਼ਾਮ ਸਿੰਘ ਨੂੰ ਬਖ਼ਸ਼ੀ।'

(ਖ਼ਬਰ 12 ਮਾਰਚ, 1816)

ਸਰਦਾਰ ਸ਼ਾਮ ਸਿੰਘ ਦੀ ਜਨਮ ਦੀ ਤਰੀਕ ਦਾ ਕੋਈ ਪਤਾ ਨਹੀਂ ਲਗਦਾ। ਡਾਕਟਰ ਗੁਲਸ਼ਨ ਲਾਲ ਚੋਪੜਾ ਲਿਖਦੇ ਹਨ ਕਿ ਸਰਦਾਰ ਸ਼ਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਕੋਲ 1803 ਈਸਵੀ ਵਿਚ ਨੌਕਰ ਹੋਏ।[1] ਪਰ ਗ੍ਰਿਫ਼ਿਨ ਸਰਦਾਰ ਸ਼ਾਮ ਸਿੰਘ ਦੇ ਪਿਤਾ ਸਰਦਾਰ ਨਿਹਾਲ ਸਿੰਘ ਦਾ 1803 ਈਸਵੀ ਵਿਚ ਮਹਾਰਾਜੇ ਕੋਲ ਨੌਕਰ ਹੋਣਾ ਦਸਦਾ ਹੈ[2]। ਹੋ ਸਕਦਾ ਹੈ ਕਿ ਦੋਵੇਂ ਪਿਤਾ ਪੁੱਤਰ ਇੱਕੋ ਸਮੇਂ ਹੀ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਆਏ ਹੋਣ। ਜੇਕਰ 1803 ਈਸਵੀ ਵਿਚ ਸ਼ਾਮ ਸਿੰਘ ਦੀ ਉਮਰ ਘੱਟੋ ਘੱਟ 15 ਕੁ ਸਾਲ ਵੀ ਗਿਣੀਏ, ਤਾਂ ਉਸ ਦਾ ਜਨਮ 1788 ਈਸਵੀ ਦੇ ਲਗ-ਪੱਗ ਬਣਦਾ ਹੈ।

ਅਠ੍ਹਾਰਵੀਂ ਸਦੀ ਦਾ ਦੂਜਾ ਅੱਧ ਪੰਜਾਬ ਦੇ ਇਤਿਹਾਸ ਵਿਚ ਮਿਸਲਾਂ ਦਾ ਸਮਾਂ ਮੰਨਿਆਂ ਜਾਂਦਾ ਹੈ। ਇਹ ਸਿੱਖ ਸਰਦਾਰਾਂ ਲਈ ਦਰਿਆਮਤਾ ਤੇ ਬਹਾਦਰੀ ਦਾ ਸਮਾਂ ਸੀ। ਕੇਵਲ ਖੜਕੇ ਦੜਕੇ ਵਾਲੇ ਤੇ ਦਲੇਰ ਜੱਥੇ ਹੀ ਇਲਾਕੇ ਮਲ ਸਕਦੇ ਤੇ ਆਪਣੇ ਅਧੀਨ ਪਿੰਡਾਂ ਦੀ ਰੱਖਿਆ ਕਰ ਸਕਦੇ ਸਨ। ਸੂਰਮਗਤੀ ਸਮੇਂ ਦੀ ਮੰਗ ਸੀ ਤੇ ਯੁਧ-ਪ੍ਰਬੀਨ ਹੋਣਾ ਸਮੇਂ ਦੀ ਲੋੜ। ਲੜਾਈ ਦੇ ਤਰੀਕੇ ਭਾਵੇਂ ਸਿੱਧੇ ਸਨ ਪਰ ਇਨ੍ਹਾਂ ਵਚ ਨਿਪੁੰਨ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ। ਇਸ ਲਈ ਸ਼ਾਮ ਸਿੰਘ ਨੇ ਛੋਟੀ ਉਮਰ ਵਿਚ ਹੀ ਘੋੜ-ਸਵਾਰੀ, ਤੀਰ-ਅੰਦਾਜ਼ੀ, ਤਲਵਾਰ ਚਲਾਉਣੀ ਤੇ ਹੋਰ ਜੰਗੀ ਕਰਤਬ ਸਿਖ ਲਏ ਤੇ ਆਪਣੇ ਪਿਤਾ ਨਾਲ ਲੜਾਈਆਂ ਵਿਚ ਹਿੱਸਾ ਲੈਣਾ ਆਰੰਭ ਕਰ ਦਿੱਤਾ।

ਸਰਦਾਰ ਨਿਹਾਲ ਸਿੰਘ ਨੇ ਆਪਣੇ ਨੌਨਿਹਾਲ ਨੂੰ ਹਰ ਪ੍ਰਕਾਰ ਦੀ ਲੜਾਈ ਲੜਨ ਦੀ ਸਿੱਖਿਆ ਦਿੱਤੀ। ਸੋ ਜਦੋਂ ਉਸ ਨੇ ਆਪਣੇ ਪਿਤਾ ਦੀ ਥਾਂ ਸੰਭਾਲੀ ਤਾਂ ਉਹ ਰਣ-ਭੂਮੀ ਦੇ ਸਾਰੇ ਦਾਅ-ਪੇਚਾਂ ਵਿਚ ਨਿਪੁੰਨ ਹੋ ਚੁੱਕਾ ਸੀ। ਉਸ ਨੇ ਕਈਆਂ ਲੜਾਈਆ

---

[1] "ਪੰਜਾਬ ਐਜ਼ ਸਾਵਰੇਨ ਸਟੇਟ"—ਗੁਲਸ਼ਨ ਲਾਲ ਚੋਪੜਾ,

[2] "ਚੀਫ਼ਸ ਐਂਡ ਫ਼ੈਮਿਲੀਜ਼ ਆਫ਼ ਨੋਟ ਇਨ ਪੰਜਾਬ", ਪੰਨਾ 474

ਵਿਚ ਆਪਣੇ ਪਿਤਾ ਦੇ ਨਾਲ ਹਿੱਸਾ ਲਿਆ ਤੇ ਬਹਾਦਰੀ ਵਿਖਾਈ ਸੀ। ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਮ ਸਿੰਘ ਦੀ ਦਲੇਰੀ ਤੋਂ ਪ੍ਰਸੰਨ ਹੋ ਕੇ ਉਸ ਨੂੰ ਇਕ ਜੜਾਊ ਕਲਗੀ ਇਨਾਮ ਦਿੱਤੀ। "ਈਵੈਂਟਸ ਐਟ ਦੀ ਕੋਰਟ ਆਫ਼ ਰਣਜੀਤ ਸਿੰਘ" ਵਿਚ 12 ਮਾਰਚ 1816 ਦੀਆਂ ਖ਼ਬਰਾਂ ਹੇਠ ਇਸਤਰ੍ਹਾਂ ਲਿਖਿਆ ਹੈ :

> 'ਇਕ ਹੀਰਿਆਂ-ਜੜਤ ਕਲਗੀ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਦੇ ਪੁੱਤਰ ਨੂੰ ਬਖ਼ਸ਼ੀ ਗਈ'[1]।

ਇਹੀ ਕਾਰਨ ਸੀ ਕਿ ਸਰਦਾਰ ਨਿਹਾਲ ਸਿਘ ਦੇ ਦੇਹਾਂਤ ਤੋਂ ਪਿੱਛੋਂ ਸ਼ਾਮ ਸਿੰਘ ਨੂੰ ਉਸ ਦੇ ਪਿਤਾ ਦੀ ਪਦਵੀ ਤੇ ਨਿਯਤ ਕਰ ਦਿੱਤਾ ਗਿਆ ਅਤੇ ਸਰਦਾਰ ਨਿਹਾਲ ਸਿੰਘ ਦੀ ਸਾਰੀ ਜਾਗੀਰ ਸ਼ਾਮ ਸਿੰਘ ਦੇ ਨਾਂ ਲਾ ਦਿੱਤੀ ਗਈ।

## ਮੁਲਤਾਨ ਨੂੰ ਜਿੱਤਣ ਲਈ ਕੁਰਬਾਨੀ

ਮੁਲਤਾਨ ਦੀ 1818 ਈਸਵੀ ਦੀ ਲੜਾਈ ਪਹਿਲੀ ਲੜਾਈ ਸੀ ਜਿਸ ਵਿਚ ਸਰਦਾਰ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਦ ਹਿੱਸਾ ਲਿਆ ਤੇ ਚੋਖਾ ਨਾਮਣਾ ਖੱਟਿਆ। ਇਸ ਲੜਾਈ ਦੇ ਕਾਰਨਾਂ ਤੇ ਚਾਨਣਾ ਪਾਉਂਦਾ ਹੋਇਆ ਪ੍ਰੋਫੈਸਰ ਸੀਤਾ ਰਾਮ ਕੋਹਲੀ ਲਿਖਦਾ ਹੈ, 'ਖੁਸ਼ਾਬ, ਸਾਹੀਵਾਲ, ਮਿੱਠਾ ਟਿਵਾਣਾ, ਝੰਗ, ਪਾਕਪਟਨ ਤੇ ਕਸੂਰ ਦੀਆਂ ਮੁਸਲਮਾਨ ਰਿਆਸਤਾਂ, ਜਿਨ੍ਹਾਂ ਨੇ ਕਿਸੇ ਵੇਲੇ ਸਿੱਖ ਇਲਾਕੇ ਦੇ ਆਲੇ ਦੁਆਲੇ ਇਕ ਹਲਕਾ ਜਿਹਾ ਘੇਰਾ ਘੱਤਿਆ ਹੋਇਆ ਸੀ, ਇਕ ਦੂਜੇ ਦੇ ਪਿੱਛੋਂ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਆ ਚੁਕੀਆਂ ਸਨ। ਹੁਣ ਜਦੋਂ ਮਹਾਰਾਜੇ ਨੂੰ ਇਨ੍ਹਾਂ ਵਲੋਂ ਕੋਈ ਭੈ ਨਾ ਰਿਹਾ, ਤਾਂ ਉਸ ਨੇ ਆਪਣਾ ਧਿਆਨ ਦੂਸਰੇ ਹਲਕੇ ਵਲ ਕੀਤਾ, ਜਿਸਦੇ ਵਿਚ ਕਸ਼ਮੀਰ ਪਿਸ਼ਾਵਰ, ਮਨਕੇਰਾ, ਡੇਰਾ ਇਸਮਾਈਲ ਖ਼ਾਂ ਅਤੇ ਮੁਲਤਾਨ ਦੀਆਂ ਵੱਡੀਆਂ ਵੱਡੀਆਂ ਰਿਆਸਤਾਂ ਸ਼ਾਮਲ ਸਨ।''[2]

ਮਹਾਰਾਜਾ ਆਪ ਬੜੇ ਜੋਸ਼ ਨਾਲ ਜੁੱਧ ਦੀਆਂ ਮੁਕੰਮਲ ਤਿਆਰੀਆਂ ਕਰਨ ਵਿਚ ਰੁੱਝ ਗਿਆ। ਜੰਗ ਦਾ ਸਾਮਾਨ ਭੇਜਣ ਲਈ ਦਰਿਆ ਰਾਵੀ, ਝਨਾਂ ਤੇ ਜਿਹਲਮ ਆਦਿ ਦੇ ਪੱਤਣਾਂ ਉੱਤੇ ਸਾਰੀਆਂ ਬੇੜੀਆਂ ਇਸ ਖ਼ਾਸ ਕੰਮ ਲਈ ਨਿਯਤ ਕਰ ਦਿੱਤੀਆਂ ਗਈਆਂ। ਅਨਾਜ ਤੇ ਬਾਰੂਦ ਇਕੱਠਾ ਕਰਨ ਲਈ ਪਰਵਾਨੇ ਭੇਜੇ ਗਏ। ਭੰਗੀਆਂ ਦੀ ਵੱਡੀ ਤੋਪ, ਜਿਸ ਵਿਚ ਇਕ ਮਣ ਪੱਕੇ ਦਾ ਗੋਲਾ ਪੈਂਦਾ ਸੀ, ਅੰਮ੍ਰਿਤਸਰ ਤੋਂ ਮੰਗਵਾ ਕੇ ਮੁਲਤਾਨ ਭੇਜੀ ਗਈ। ਮਹਾਰਾਜੇ ਦੇ ਹੁਕਮ ਅਨੁਸਾਰ ਖ਼ਾਲਸਾ ਫ਼ੌਜਾਂ ਨੇ ਛੋਟੀਆਂ ਛੋਟੀਆਂ ਲੜਾਈਆਂ ਮਗਰੋਂ ਨਵਾਬ ਦੇ ਦੋ ਕਿਲ੍ਹਿਆਂ ਖ਼ਾਨਗੜ੍ਹ ਦੇ ਮੁਜ਼ੱਫਰਗੜ੍ਹ ਉੱਤੇ ਕਬਜ਼ਾ ਕਰ ਲਿਆ।[3]

---

[1] "ਈਵੈਂਟਸ ਐਟ ਦੀ ਕੋਰਟ ਆਫ਼ ਲਾਹੌਰ", ਪੰਨਾ 24

[2] "ਮਹਾਰਾਜਾ ਰਣਜੀਤ ਸਿੰਘ", ਸੀਤਾ ਰਾਮ ਕੋਹਲੀ, ਪੰਨਾ 140

[3] "ਮਹਾਰਾਜਾ ਰਣਜੀਤ ਸਿੰਘ", ਸੀਤਾ ਰਾਮ ਕੋਹਲੀ, ਪੰਨਾ 142-44

ਉਧਰ ਨਵਾਬ ਮੁਜ਼ੱਫਰ ਖ਼ਾਂ ਨੇ ਵੀ ਮੁਲਤਾਨ ਦੇ ਇਲਾਕੇ ਵਿਚ ਆਦਮੀ ਭੇਜ ਕੇ ਚੰਗੀ ਤਰ੍ਹਾਂ ਮਜ਼੍ਹਬੀ ਜੋਸ਼ ਖਿਲਾਰਿਆ ਤੇ ਇਸ ਤਰ੍ਹਾਂ ਵੀਹ ਹਜ਼ਾਰ ਤੋਂ ਵਧੀਕ ਗ਼ਾਜ਼ੀ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ ਤੇ ਨਾਲ ਹੀ ਮੁਲਤਾਨ ਵਿਚ ਰਸਦ ਆਦਿ ਦੇ ਜ਼ਖ਼ੀਰੇ ਜਮ੍ਹਾ ਕਰ ਲਏ। ਜਦੋਂ ਖ਼ਾਲਸਾ ਫ਼ੌਜਾਂ ਮੁਲਤਾਨ ਸ਼ਹਿਰ ਪੁੱਜੀਆਂ, ਤਾਂ ਗ਼ਾਜ਼ੀਆਂ ਨੇ ਬਹੁਤ ਡੱਟ ਕੇ ਟਾਕਰਾ ਕੀਤਾ ਪਰ ਅੰਤ ਜਿੱਤ ਖ਼ਾਲਸੇ ਦੀ ਹੋਈ। ਕਈ ਦਿਨਾਂ ਦੇ ਘੇਰੇ ਪਿੱਛੋਂ ਮੁਲਤਾਨ ਸ਼ਹਿਰ ਜਿੱਤਿਆ ਗਿਆ। ਖ਼ਾਲਸੇ ਨੇ ਸ਼ਹਿਰ ਤੇ ਕਬਜ਼ਾ ਕਰ ਲਿਆ ਤੇ ਕਿਲ੍ਹੇ ਦੇ ਸਾਹਮਣੇ ਮੋਰਚੇ ਲਾ ਦਿੱਤੇ।

ਮੁਲਤਾਨ ਦਾ ਕਿਲ੍ਹਾ ਆਪਣੀ ਪਕਿਆਈ ਕਰਕੇ ਬਹੁਤ ਪ੍ਰਸਿੱਧ ਸੀ ਤੇ ਅਜਿੱਤ ਸਮਝਿਆ ਜਾਂਦਾ ਸੀ। ਇਹ ਇਕ ਉੱਚੀ ਥਾਂ ਤੇ ਬਣਿਆ ਹੋਇਆ ਸੀ ਤੇ ਇਸ ਦੇ ਹੇਠਾਂ ਇਕ ਡੂੰਘੀ ਖਾਈ ਸੀ ਜਿਹੜੀ ਹਰ ਵੇਲੇ ਪਾਣੀ ਨਾਲ ਭਰੀ ਰਹਿੰਦੀ ਸੀ। ਖ਼ਾਲਸਾ ਫ਼ੌਜਾਂ ਨੇ 1818 ਵਿਚ ਮਾਰਚ ਦਾ ਸਾਰਾ ਮਹੀਨਾ ਕਿਲ੍ਹੇ ਦੇ ਦੁਆਲੇ ਘੇਰਾ ਪਾਈ ਰਖਿਆ ਪਰ ਕਿਲ੍ਹਾ ਸਰ ਨਾ ਹੋ ਸਕਿਆ। ਮੁਫ਼ਤੀ ਅਲੀਉੱਦੀਨ ਲਿਖਦਾ ਹੈ ਕਿ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਆਪ ਲਾਹੌਰ ਤੋਂ ਬਾਹਰ ਆ ਕੇ ਕੈਂਪ ਲਾ ਲਿਆ ਤੇ ਪ੍ਰਣ ਕਰ ਲਿਆ ਕਿ ਜਿੰਨਾ ਚਿਰ ਮੁਲਤਾਨ ਫ਼ਤਿਹ ਨਹੀਂ ਹੋਵੇਗਾ ਉਹ ਸ਼ਹਿਰ ਦੇ ਅੰਦਰ ਨਹੀਂ ਵੜੇਗਾ।[1] ਮਿਸਰ ਦੀਵਾਨ ਚੰਦ ਨੇ ਨਵਾਬ ਨੂੰ ਸੁਜਾਬਾਦ ਦੀ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ, ਪਰ ਨਵਾਬ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਭਾਵੇਂ ਮੁਲਤਾਨ ਦਾ ਸ਼ਹਿਰ ਪਹਿਲਾਂ ਹੀ ਜਿੱਤਿਆ ਗਿਆ ਸੀ ਪਰ ਮੁਲਤਾਨ ਦੇ ਕਿਲ੍ਹੇ ਦਾ ਘੇਰਾ ਤਿੰਨ ਚਾਰ ਮਹੀਨੇ ਤਕ ਪਿਆ ਰਿਹਾ।

ਇਸ ਸਮੇਂ ਵਿੱਚ ਸਿੰਘਾਂ ਨੇ ਕਈ ਵਾਰੀ ਆਪਣੀ ਸੂਰਬੀਰਤਾ ਤੇ ਨਿਰਭੈਤਾ ਦੇ ਜੌਹਰ ਵਿਖਾਏ। ਲੜਾਈ ਦਾ ਹਾਲ ਲਿਖਦਾ ਹੋਇਆ ਮੁਣਸ਼ੀ ਗ਼ੁਲਾਮ ਜੀਲਾਨੀ 'ਜੰਗਿ-ਮੁਲਤਾਨ' ਵਿਚ ਲਿਖਦਾ ਹੈ, ਕਿ "ਮੈਂ ਭੇਸ ਬਦਲ ਕੇ ਸੂਹੀਏ ਦਾ ਕੰਮ ਕਰ ਰਿਹਾ ਸੀ ਅਤੇ ਆਪਣੇ ਪਟੇ ਸਿੰਘਾਂ ਦੇ ਕੇਸਾਂ ਵਾਂਗ ਉੱਪਰ ਸੁੱਟ ਲਏ ਸਨ। ਅਖ਼ੀਰਲੇ ਦਿਨ (2 ਜੂਨ 1818) ਦੀ ਗੱਲ ਹੈ ਕਿ ਜਦ ਮੈਂ ਖ਼ਬਰਾਂ ਦੀ ਸੂੰਹ ਲੈਣ ਲਈ ਸਿਖ ਫ਼ੌਜਾਂ ਵਿਚ ਫਿਰ ਰਿਹਾ ਸਾਂ, ਤਾਂ ਤੋਪਖ਼ਾਨੇ ਦੇ ਇਕ ਪਾਸਿਉਂ ਮੈਨੂੰ ਘਬਰਾਹਟ ਵਿਚ ਕੀਤੀਆਂ ਜਾ ਰਹੀਆਂ ਕੁਝ ਗੱਲਾਂ ਸੁਣਾਈ ਪਈਆਂ। ਮੈਂ ਜਲਦੀ ਨਾਲ ਉਧਰ ਨੂੰ ਹੋ ਗਿਆ। ਕੀ ਵੇਖਦਾ ਹਾਂ ਕਿ ਬਾਰਾਂ ਤੇਰ੍ਹਾਂ ਸਿੰਘ ਆਪਸ ਵਿੱਚ ਝਗੜ ਰਹੇ ਹਨ ਤੇ "ਪਹਿਲਾ ਮੈਂ" "ਪਹਿਲਾਂ ਮੈਂ" ਕਹਿ ਰਹੇ ਹਨ। ਨੇੜੇ ਜਾਣ ਤੇ ਪਤਾ ਲੱਗਾ ਕਿ ਉਨ੍ਹਾਂ ਦੀ ਤੋਪ ਦਾ ਪਹੀਆ ਟੁੱਟ ਗਿਆ ਹੈ। ਇਨ੍ਹਾਂ ਵਿੱਚੋਂ ਇਕ ਨੇ ਤਜਵੀਜ਼ ਕੀਤੀ ਇਸ ਟੁੱਟੇ ਹੋਏ ਪਹੀਏ ਦੀ ਥਾਂ ਵਾਰੀ ਵਾਰੀ ਆਪਣਾ ਮੋਢਾ ਡਾਹੀਏ ਤਾਂ ਜੁ ਇਹ ਤੋਪ ਕੰਮ ਕਰਦੀ ਰਹੇ ਅਤੇ ਮੱਠੀ ਪੈ ਰਹੀ ਤੋਪ ਦੀ ਮਾਰ ਫੇਰ ਤੇਜ਼ ਹੋ ਜਾਏ। ਇਹ ਗੱਲ ਸਪੱਸ਼ਟ ਹੈ ਕਿ ਤੋਪ ਦੇ

[1] "ਇਬਰਤਨਾਮਾ", ਮੁਫ਼ਤੀ ਅਲੀਉੱਦੀਨ, ਜਿਲਦ ਪਹਿਲੀ, ਪੰਨਾ 447

ਪਹੀਏ ਹੇਠ ਮੋਢਾ ਦਿੱਤਿਆਂ ਤੋਪ ਦੇ ਚੱਲਣ ਨਾਲ ਹੇਠਲੇ ਜਵਾਨ ਦੀ ਮੌਤ ਯਕੀਨੀ ਸੀ, ਪਰ ਸਿੱਖਾਂ ਦੇ ਅਥਾਹ ਜੋਸ਼ ਨੇ ਮੌਤ ਦਾ ਡਰ ਭੁਲਾ ਛੱਡਿਆ ਸੀ ਤੇ ਇਹ ਤਜਵੀਜ਼ ਸੁਣ ਕੇ ਉਨ੍ਹਾਂ ਵਿੱਚੋਂ ਹਰ ਕੋਈ "ਪਹਿਲਾਂ ਮੈਂ", "ਪਹਿਲਾਂ ਮੈਂ" ਕਹਿ ਰਿਹਾ ਸੀ ਦਾ ਸ਼ੋਰ ਮਚਿਆ ਹੋਇਆ ਸੀ। ਇੰਨੇ ਨੂੰ ਇਕ ਸਿੱਖ ਨੇ ਜੋ ਅਫ਼ਸਰ ਮਲੂਮ ਹੁੰਦਾ ਸੀ ਕਿਹਾ, "ਸੁਣੋ ਪਹਿਲਾਂ ਮੈਂ ਆਪਣਾ ਮੋਢਾ ਡਾਹੁੰਦਾ ਹਾਂ ਮੇਰੇ ਪਿੱਛੇ ਮੇਰੇ ਦਾਹਿਣੇ ਵਾਲਾ ਸਿਪਾਹੀ ਤੇ ਉਸਦੇ ਪਿਛੋਂ ਮੇਰੇ ਬਾਏਂ ਵਾਲਾ।[1]" ਇਸ ਤਰ੍ਹਾਂ ਸਿੱਖ ਵਾਰੋ ਵਾਰੀ ਮੋਢੇ ਡਾਹੀ ਗਏ ਤੇ ਕਿਲ੍ਹੇ ਦੀ ਇਕ ਬਾਹੀ ਢਹਿ ਪਈ। ਇਹ ਉਹ ਹੀ ਸਮਾਂ ਸੀ ਜਦੋਂ ਅਕਾਲੀ, ਅਕਾਲ ਅਕਾਲ ਗਜਾਉਂਦੇ ਕਿਲ੍ਹੇ ਦੇ ਅੰਦਰ ਜਾ ਵੜੇ। ਅੱਗੋਂ ਨਵਾਬ ਨੇ ਵੀ ਖੂਬ ਡਟ ਕੇ ਟਾਕਰਾ ਕੀਤਾ। ਨਵਾਬ ਤੇ ਉਸ ਦੇ ਦੋ ਪੁੱਤਰ ਲੜਦੇ ਹੋਏ ਸ਼ਹੀਦੀ ਹੋ ਗਏ ਤੇ ਉਸ ਦੇ ਦੋ ਪੁੱਤਰ ਜੰਗੀ ਕੈਦੀ ਬਣਾ ਕੇ ਲਾਹੌਰ ਭੇਜ ਦਿੱਤੇ ਗਏ। ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਨੇ ਖੂਬ ਵਧ ਚੜ੍ਹ ਕੇ ਹਿੱਸਾ ਲਿਆ। ਉਸ ਨੂੰ ਮੋਢੇ ਤੇ ਤਲਵਾਰ ਦਾ ਘਾਉ ਲੱਗਾ, ਪਰ ਇਹ ਜ਼ਖਮ ਜਿੱਤ ਦੀ ਖੁਸ਼ੀ ਵਿਚ ਛੇਤੀ ਹੀ ਠੀਕ ਹੋ ਗਿਆ।[2]

ਇਸ ਤਰ੍ਹਾਂ ਸਰਦਾਰ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਪਿਛੋਂ ਆਪਣੀ ਬਹਾਦਰੀ ਤੇ ਨਿਰਭਰਤਾ ਦਾ ਸਿੱਕਾ ਮਹਾਰਾਜਾ ਰਣਜੀਤ ਸਿੰਘ ਦੇ ਦਿਲ ਤੇ ਬਿਠਾ ਦਿੱਤਾ। ਮਹਾਰਾਜੇ ਨੂੰ ਯਕੀਨ ਹੋ ਗਿਆ ਕਿ ਸ਼ਾਮ ਸਿੰਘ ਆਪਣੇ ਪਿਤਾ ਵਾਂਗੂ ਕਿਸੇ ਆਪਾ-ਵਾਰੂ ਕੁਰਬਾਨੀ ਤੋਂ ਪਿੱਛੇ ਨਹੀਂ ਹਟੇਗਾ।

## ਪਿਸ਼ਾਵਰ ਦੀ ਜਿੱਤ 1818 ਈ.

1818 ਈਸਵੀ ਦਾ ਸਾਲ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਵਿਚ ਵੀ ਇੰਨੀ ਹੀ ਮਹਾਨਤਾ ਰਖਦਾ ਹੈ, ਜਿੰਨੀ ਅਫ਼ਗਾਨਿਸਤਾਨ ਦੇ ਇਤਿਹਾਸ ਵਿੱਚ। ਇਸ ਸਾਲ ਈਰਾਨੀਆਂ ਨੇ ਹਿਰਾਤ ਉੱਤੇ ਧਾਵਾ ਬੋਲਿਆ ਸੀ। ਅਫ਼ਗਾਨਿਸਤਾਨ ਦੇ ਬਾਦਸ਼ਾਹ ਮਹਿਮੂਦ ਸ਼ਾਹ ਦਾ ਪੁੱਤਰ ਕਾਮਰਾਨ ਹਿਰਾਤ ਦਾ ਗਵਰਨਰ ਸੀ। ਉਸ ਦੇ ਸ਼ਕਤੀਸ਼ਾਲੀ ਵਜ਼ੀਰ ਫ਼ਤਿਹ ਖ਼ਾਂ ਬਾਰਕਜ਼ਈ ਨੇ ਈਰਾਨੀਆਂ ਦਾ ਖੂਬ ਡਟ ਕੇ ਟਾਕਰਾ ਕੀਤਾ ਅਤੇ ਉਨ੍ਹਾਂ ਨੂੰ ਤਕੜੀ ਹਾਰ ਦਿੱਤੀ। ਪਰ ਬਾਦ ਵਿਚ ਉਸ ਦਾ ਗਵਰਨਰ ਨਾਲ ਅਣਬਣ ਹੋ ਗਈ ਤੇ ਬਾਦਸ਼ਾਹ ਨੇ ਫ਼ਤਿਹ ਖ਼ਾਂ ਨੂੰ ਮਰਵਾ ਦਿੱਤਾ। ਫ਼ਤਿਹ ਖ਼ਾਂ ਦੇ ਹੋਰ ਤਿੰਨ ਭਰਾ ਆਜ਼ਮ ਖ਼ਾਂ, ਯਾਰ ਮੁਹੰਮਦ ਖ਼ਾਂ ਤੇ ਦੋਸਤ ਮੁਹੰਮਦ ਖ਼ਾਂ ਬਾਰਕਜ਼ਈ—ਉੱਚੀਆਂ ਉੱਚੀਆਂ ਪਦਵੀਆਂ ਤੇ ਸੁਸ਼ੋਭਿਤ ਸਨ। ਆਜ਼ਮ ਖ਼ਾਂ ਕਸ਼ਮੀਰ ਦਾ ਸੂਬੇਦਾਰ ਸੀ ਤੇ ਯਾਰ ਮੁਹੰਮਦ ਖ਼ਾਂ ਪਿਸ਼ਾਵਰ ਦਾ ਗਵਰਨਰ। ਵੱਡੇ ਭਰਾ ਦੀ ਮੌਤ

[1] "ਸਰਦਾਰ ਸ਼ਾਮ ਸਿੰਘ ਅਟਾਰੀਵਾਲਾ", ਗੰਡਾ ਸਿੰਘ, ਪੰਨਾ 31-32

[2] "ਉਮਦਾਤੁ-ਤਵਾਰੀਖ", ਸੋਹਣ ਲਾਲ ਦਫ਼ਤਰ ਦੋਮ, ਪੰਨਾ 210

ਦੀ ਖ਼ਬਰ ਸੁਣਦਿਆਂ ਸਾਰ ਆਜ਼ਮ ਖ਼ਾਂ ਨੇ ਕਸ਼ਮੀਰ ਤੇ ਪਿਸ਼ਾਵਰ ਤੋਂ ਫ਼ੌਜ ਇਕੱਠੀ ਕੀਤੀ ਅਤੇ ਕਾਬਲ ਉੱਤੇ ਧਾਵਾ ਬੋਲ ਦਿੱਤਾ ।[1] ਥੋੜੇ ਸਮੇਂ ਵਿਚ ਹੀ ਬਾਰਕਜ਼ਈਆਂ ਦੇ ਇਸ ਖ਼ਾਨਦਾਨ ਦੇ ਕਾਬਲ ਦੀ ਬਾਦਸ਼ਾਹੀ ਤੇ ਕਬਜ਼ਾ ਕਰ ਲਿਆ ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਰਾਜ-ਰੌਲੇ ਤੋਂ ਵਧ ਤੋਂ ਵਧ ਫ਼ਾਇਦਾ ਉਠਾਇਆ। ਮੁਲਤਾਨ ਦੀ ਮੁਹਿੰਮ ਫ਼ਤਿਹ ਹੋਣ ਤੋਂ ਬਾਦ ਉਸ ਨੇ ਅਟਕ ਵਲ ਕੂਚ ਕੀਤਾ ਅਤੇ ਰੁਹਤਾਸ, ਹਸਨ-ਅਬਦਾਲ ਤੇ ਰਾਵਲਪਿੰਡੀ ਵਿਚ ਕਿਆਮ ਕਰਦਿਆਂ ਹੋਇਆਂ ਅੰਤ ਹਜ਼ਾਰ੍ਹੇ ਦੇ ਖੁਲ੍ਹੇ ਮੈਦਾਨ ਵਿਚ ਆ ਡੇਰੇ ਲਾਏ । ਇੱਥੋਂ ਉਸ ਨੇ ਇਕ ਛੋਟਾ ਜਿਹਾ ਦਸਤਾ ਰਸਤੇ ਦੀ ਦੇਖ ਭਾਲ ਲਈ ਅਟਕ ਤੋਂ ਪਾਰ ਭੇਜ ਦਿੱਤਾ। ਪਠਾਣ ਇਹ ਸਾਰਾ ਹਾਲ ਵੇਖ ਕੇ ਬੜੇ ਜੋਸ਼ ਵਿਚ ਆਏ। ਉਨ੍ਹਾਂ ਨੇ ਫ਼ੀਰੋਜ਼ ਖ਼ਾਂ ਖ਼ੱਟਕ ਦੀ ਅਗਵਾਈ ਹੇਠ ਸਤ ਹਜ਼ਾਰ ਲੜਾਕੇ ਸਿਪਾਹੀ ਇੱਕਠੇ ਕੀਤੇ, ਜੋ ਖ਼ੈਰਾਬਾਦ ਦੀਆਂ ਪਹਾੜੀਆਂ ਵਿਚ ਲੁਕ ਗਏ ।[2]

ਜਦ ਖ਼ਾਲਸਾ ਫ਼ੌਜ ਦਾ ਬੇਖ਼ਬਰ ਦਸਤਾ ਇੱਥੋਂ ਦੀ ਲੰਘਿਆ ਤਾਂ ਪਠਾਣ ਬਿਜਲੀ ਦੀ ਤੇਜ਼ੀ ਨਾਲ ਪਹਾੜਾਂ ਵਿੱਚੋਂ ਨਿਕਲੇ ਤੇ ਅੱਚਣਚੇਤ ਸਿੱਖਾਂ ਉੱਤੇ ਟੁੱਟ ਪਏ । ਇਸ ਝਪਟ ਵਿਚ ਲਗ ਪਗ ਸਾਰੇ ਦਸਤੇ ਦਾ ਸਫ਼ਾਇਆ ਹੋ ਗਿਆ ।

ਇਹ ਖ਼ਬਰ ਸੁਣ ਕੇ ਮਹਾਰਾਜਾ ਸਾਹਿਬ ਨੂੰ ਬਹੁਤ ਗੁੱਸਾ ਆਇਆ ਤੇ ਉਨ੍ਹਾਂ ਨੇ ਇਕ ਤਕੜੀ ਫੌਜ ਦਰਿਆ ਅਟਕ ਤੋਂ ਪਾਰ ਭੇਜ ਦਿੱਤੀ। ਖ਼ੱਟਕ ਘਬਰਾ ਗਏ ਤੇ ਉਨ੍ਹਾਂ ਨੇ ਪਹਿਲੀ ਝੜਪ ਵਿਚ ਹੀ ਸੁਲ੍ਹਾ ਦਾ ਝੰਡਾ ਖੜਾ ਕਰ ਦਿੱਤਾ । ਫ਼ੀਰੋਜ਼ ਖ਼ਾਂ ਤੇ ਨਜੀਬੁੱਲਾ ਨੇ ਮਹਾਰਾਜੇ ਦੀ ਅਧੀਨਤਾ ਪਰਵਾਨ ਕਰ ਲਈ। ਇਸ ਤੋਂ ਬਾਦ ਸਿਖ ਫ਼ੌਜਾਂ ਨੇ ਪਿਸ਼ਾਵਰ ਵੱਲ ਕੂਚ ਕਰ ਦਿੱਤਾ । ਪਿਸ਼ਾਵਰ ਦਾ ਨਾਜ਼ਮ ਯਾਰ ਮੁਹੰਮਦ ਖ਼ਾਂ ਖ਼ਾਲਸਾ ਫੌਜ ਦੇ ਨੇੜੇ ਪਹੁੰਚਣ ਤੇ ਹੀ ਪਿਸ਼ਾਵਰ ਛੱਡ ਕੇ ਭੱਜ ਗਿਆ । ਦੀਵਾਨ ਸ਼ਾਮ ਸਿੰਘ ਵਾਪਸ ਆ ਕੇ ਮਹਾਰਾਜੇ ਨੂੰ ਨੁਸ਼ਹਿਰੇ ਦੇ ਅਸਥਾਨ ਤੇ ਮਿਲਿਆ ਨੇ ਉਸ ਨੇ ਪਿਸ਼ਾਵਰ ਦਾ ਸਭ ਹਾਲ ਸ਼ੇਰਿ-ਪੰਜਾਬ ਨੂੰ ਸੁਣਾਇਆ । ਪਿਸ਼ਾਵਰ ਦਾ ਨਾਜ਼ਮ, ਯਾਰ ਮੁਹੰਮਦ ਖ਼ਾਂ ਖ਼ਾਲਸਾ ਫ਼ੌਜਾਂ ਦੇ ਪਹੁੰਚਦਿਆਂ ਹੀ ਪਿਸ਼ਾਵਰ ਛੱਡ ਕੇ ਭਜ ਉਠਿਆ। ਮਹਾਰਾਜੇ ਨੇ ਅਟਕ ਦੇ ਗਵਰਨਰ ਜਹਾਂਦਾਦ ਖ਼ਾਂ ਨੂੰ, ਜਿਸ ਤੋਂ ਉਸ ਨੇ ਅਟਕ ਦਾ ਕਿਲ੍ਹਾ ਲਿਆ ਸੀ, ਪਿਸ਼ਾਵਰ ਦਾ ਗਵਰਨਰ ਨਿਯਤ ਕੀਤਾ ਤੇ ਦੀਵਾਨ ਸ਼ਾਮ ਸਿੰਘ ਨੂੰ ਨਜ਼ਰਾਨਾ ਉਗਰਾਹੁਣ ਲਈ ਛੱਡ ਕੇ ਆਪ ਤਿੰਨ ਦਿਨ ਉੱਥੇ ਰਹਿਣ ਮਗਰੋਂ ਵਾਪਸ ਮੁੜ ਆਇਆ। ਪਰ ਮਹਾਰਾਜੇ ਦੇ

[1]"ਦੀ ਪਠਾਨਜ਼-ਓਲਫ਼ ਕੈਰੋ", ਪੰਨਾ 293

[2]"ਮਹਾਰਾਜਾ ਰਣਜੀਤ ਸਿੰਘ"—ਸੀਤਾ ਰਾਮ ਕੋਹਲੀ, ਪੰਨਾ 150-51

ਵਾਪਸ ਆਉਣ ਦੀ ਦੇਰ ਸੀ ਕਿ ਦੋਸਤ ਮੁਹੰਮਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ ਨੇ ਫਿਰ ਪਿਸ਼ਾਵਰ ਤੇ ਕਬਜ਼ਾ ਕਰ ਲਿਆ।

ਜਦੋਂ ਮਹਾਰਾਜਾ ਸਾਹਿਬ ਨੂੰ ਇਸ ਗੱਲ ਦੀ ਖ਼ਬਰ ਪੁੱਜੀ, ਤਾਂ ਉਨ੍ਹਾਂ ਨੇ ਇਕ ਤਕੜੀ ਫ਼ੌਜ ਪਿਸ਼ਾਵਰ ਵਲ ਭੇਜ ਦਿੱਤੀ, ਜਿਸ ਵਿਚ ਸ਼ਹਿਜ਼ਾਦਾ ਖੜਕ ਸਿੰਘ, ਦੇਸਾ ਸਿੰਘ, ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਸ਼ਾਮਲ ਸਨ। ਇਨ੍ਹਾਂ ਦੇ ਪਹੁੰਚਦਿਆਂ ਹੀ ਦੋਸਤ ਮੁਹੰਮਦ ਖ਼ਾਂ ਨੇ ਆਪਣੇ ਵਕੀਲ ਮਿਰਜ਼ਾ ਹਸਨ ਤੇ ਦਮੋਦਰ ਮੱਲ ਨੂੰ 50,000 ਰੁਪਏ ਦੀ ਹੁੰਡੀ ਦੇ ਕੇ ਭੇਜਿਆ ਤੇ ਬਹੁਤ ਸਾਰੇ ਘੋੜੇ ਅਤੇ ਫਲ ਭੇਜ ਕੇ ਲਾਹੌਰ ਦਰਬਾਰ ਦੀ ਅਧੀਨਤਾ ਮੰਨਣ ਦਾ ਇਕਰਾਰ ਕੀਤਾ। ਇਸ ਤਰ੍ਹਾਂ ਖ਼ਾਲਸਾ ਫ਼ੌਜਾਂ ਪਿਸ਼ਾਵਰ ਨੂੰ ਜਿੱਤ ਕੇ ਵਾਪਸ ਮੁੜੀਆਂ।[1]

1818 ਈ: ਵਿਚ ਪਿਸ਼ਾਵਰ ਦੀ ਜਿੱਤ ਵੇਲੇ ਭਾਵੇਂ ਕਿਸੇ ਥਾਂ ਵੀ ਕੋਈ ਵੱਡੀ ਤੇ ਮਹਾਨਤਾ ਵਾਲੀ ਲੜਾਈ ਨਹੀਂ ਹੋਈ, ਪਰ "ਉਮਦਤ-ਤਵਾਰੀਖ਼" ਦੇ ਲੇਖਕ ਸੋਹਣ ਲਾਲ ਸੂਰੀ ਨੇ ਇਸ ਦਾ ਵਰਣਨ ਕਰਦਿਆਂ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦਾ ਵਿਸ਼ੇਸ਼ ਕਰਕੇ ਜ਼ਿਕਰ ਕੀਤਾ ਹੈ, ਜਿਸ ਤੋਂ ਜਾਪਦਾ ਹੈ ਕਿ ਅਟਾਰੀਵਾਲੇ ਸਰਦਾਰ ਨੇ ਇਸ ਮੁਹਿੰਮ ਵਿਚ ਕੋਈ ਮਹੱਤਤਾ ਵਾਲਾ ਕੰਮ ਕੀਤਾ ਹੋਵੇਗਾ।

## ਕਸ਼ਮੀਰ ਵਿਚ ਬਹਾਦਰੀ—1819

ਮੁਲਤਾਨ ਤੇ ਪਿਸ਼ਾਵਰ ਨੂੰ ਫ਼ਤਿਹ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਸਾਰਾ ਧਿਆਨ ਕਸ਼ਮੀਰ ਜਿਤਣ ਦੀ ਤਿਆਰੀ ਵਲ ਲਾ ਦਿੱਤਾ। ਉਸ ਨੇ ਮਈ 1819 ਦੇ ਮਹੀਨੇ ਵਿਚ ਪੂਰੀ ਤਿਆਰੀ ਕਰ ਕੇ ਇਕ ਵੱਡਾ ਲਸ਼ਕਰ ਵਜ਼ੀਰਾਬਾਦ, ਮੌਜੂਦਾ ਜ਼ਿਲ੍ਹਾ ਗੁਜਰਾਂਵਾਲਾ, ਵਿਚ ਇਕੱਠਾ ਕੀਤਾ। ਇੱਥੇ ਸਾਰੀ ਫ਼ੌਜ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਗਿਆ। ਇਕ ਦਸਤਾ ਮਿਸਰ ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਕਮਾਨ ਹੇਠ ਤੇ ਦੂਜਾ ਸ਼ਹਿਜ਼ਾਦਾ ਖੜਕ ਸਿੰਘ ਦੀ ਸਰਦਾਰੀ ਵਿਚ ਅੱਗੇ ਵਧਿਆ। ਤੀਜਾ ਜੱਥਾ ਮਹਾਰਾਜੇ ਨੇ ਆਪਣੇ ਨਾਲ ਰਖਿਆ, ਤਾਂ ਜੋ ਵੇਲੇ ਸਿਰ ਮਦਦ ਦਿੱਤੀ ਜਾ ਸਕੇ। ਮਿਸਰ ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਨੇ ਭਾਰੀਆਂ ਤੋਪਾਂ ਨੂੰ ਭਿੰਬਰ ਵਿੱਚ ਛੱਡ ਕੇ ਹੌਲੀਆਂ ਤੋਪਾਂ ਨਾਲ ਰਾਜੌਰੀ ਤੇ ਹੱਲਾ ਬੋਲ ਦਿੱਤਾ। ਉਥੋਂ ਦਾ ਰਾਜਾ ਆਗ਼ਰ ਖ਼ਾਂ ਬਾਗ਼ੀ ਹੋ ਗਿਆ ਤੇ ਭੱਜ ਗਿਆ। ਉਸ ਦੇ ਭਰਾ ਰਹੀਮ ਉੱਲਾ ਨੂੰ ਫੜ ਕੇ ਮਹਾਰਾਜੇ ਕੋਲ ਵਜ਼ੀਰਾਬਾਦ ਭੇਜਿਆ ਗਿਆ। ਮਹਾਰਾਜ ਨੇ ਉਸ ਨੂੰ ਰਾਜੌਰੀ ਦਾ ਹੀ ਰਾਜਾ ਬਣਾ ਦਿੱਤਾ। ਰਾਜੌਰੀ ਤੋਂ ਖ਼ਾਲਸਾ ਫ਼ੌਜਾਂ ਬਹਿਰਾਮਗਲੀ

---

[1] "ਹਿਸਟਰੀ ਔਫ਼ ਪੰਜਾਬ"—ਲਤੀਫ਼ ਪੰਨਾ 262
"ਮਹਾਰਾਜਾ ਰਣਜੀਤ ਸਿੰਘ"—ਸੀਤਾ ਰਾਮ ਕੋਹਲੀ, ਪੰਨਾ 152
"ਸ਼ਾਮ ਸਿੰਘ ਅਟਾਰੀਵਾਲਾ"—ਗੰਡਾ ਸਿੰਘ, ਪੰਨਾ 36

ਪਹੁੰਚੀਆਂ। ਰਸਤੇ ਵਿਚ ਸਾਮਾਨ ਦੀ ਬਹੁਤ ਔਖਿਆਈ ਹੋਈ। ਕਈ ਥਾਵਾਂ ਤੇ ਭਾਰਾ ਸਾਮਾਨ ਪਿੱਛੇ ਛੱਡਣਾ ਪਿਆ। ਜਿੱਥੇ ਘੋੜੇ ਵੀ ਨਹੀਂ ਸਨ ਚਲ ਸਕਦੇ, ਘੋੜੇ ਵੀ ਛੱਡ ਦਿੱਤੇ ਗਏ ਤੇ ਸੈਨਕ ਪੈਦਲ ਤੁਰਨ ਲੱਗੇ। ਹੁਣ ਕੰਵਰ ਖੜਕ ਸਿੰਘ ਦੀ ਫੌਜ ਵੀ ਬ੍ਹਹਮਗਲੀ ਪਹੁੰਚ ਗਈ। ਰਸਤੇ ਵਿਚ ਪੁਣਛ ਦੇ ਰਾਜੇ ਜ਼ਬਰਦਸਤ ਖ਼ਾਂ ਨੇ ਡੱਟ ਕੇ ਟਾਕਰਾ ਕੀਤਾ ਤੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਖ਼ਾਲਸਾ ਫ਼ੌਜਾਂ ਨੇ ਬਾਹਰੋਂ ਪਉੜੀਆਂ ਲਾ ਕੇ ਬੜੀ ਕਠਿਨਾਈ ਨਾਲ ਕਿਲ੍ਹਾ ਸਰ ਕੀਤਾ। ਹੁਣ ਦੋਵੇਂ ਫ਼ੌਜੀ ਦਸਤੇ ਪੀਰ ਪੰਜਾਲ ਵਲ ਟੁਰ ਪਏ ਤੇ 26 ਜੂਨ ਨੂੰ ਸਰਾਏ-ਇਲਾਹੀ ਪਹੁੰਚ ਗਏ। ਖ਼ਾਲਸਾ ਫ਼ੌਜ ਨੂੰ ਪਹਿਲਾਂ ਪਤਾ ਲਗ ਚੁਕਾ ਸੀ ਕਿ ਜਬਾਰ ਖ਼ਾਂ ਜਿਹੜਾ ਬਾਰਕਜ਼ਾਈ ਭਰਾਵਾਂ ਵਿੱਚੋਂ ਇਕ ਸੀ ਅਤੇ ਆਜ਼ਮ ਖ਼ਾਂ ਤੇ ਦੋਸਤ ਮੁਹੰਮਦ ਦਾ ਭਰਾ ਸੀ, ਬਹੁਤੇ ਸਾਰੀ ਫ਼ੌਜ ਅਤੇ ਭਾਰੀਆਂ ਤੋਪਾਂ ਨਾਲ ਸ਼ਪਈਆਂ ਦੇ ਮੈਦਾਨ ਵਿਚ ਮੋਰਚੇ ਲਾਈ ਲੜਾਈ ਲਈ ਤਿਆਰੀਆਂ ਕਰ ਰਿਹਾ ਹੈ। ਸ਼ਪਈਆਂ ਦੇ ਮੈਦਾਨ ਤੋਂ ਪੰਜ ਮੀਲ ਦੀ ਵਿਥ ਤੇ ਖ਼ਾਲਸਾ ਫ਼ੌਜ ਨੇ ਲੜਾਈ ਦੀ ਤਿਆਰੀ ਕੀਤੀ ਤੇ ਫ਼ੌਜ ਦੇ ਤਿੰਨ ਹਿੱਸੇ ਕਰ ਦਿੱਤੇ—ਇਕ ਦਸਤਾ ਪ੍ਰਸਿੱਧ ਜਰਨੈਲ ਮਿਸਰ ਦੀਵਾਨ ਚੰਦ ਦੇ ਅਧੀਨ ਸੀ। ਦੂਜੇ ਜੱਥੇ ਵਿਚ ਬਹੁਤ ਸਾਰੀ ਫ਼ੌਜ ਸਰਦਾਰ ਹਰੀ ਸਿੰਘ ਨਲਵਾ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਕਮਾਨ ਹੇਠ ਸੀ ਅਤੇ ਤੀਜਾ ਦਸਤਾ ਸ਼ਹਿਜ਼ਾਦਾ ਖੜਕ ਸਿੰਘ ਤੇ ਅਕਾਲੀ ਫੂਲਾ ਸਿੰਘ ਦੀ ਕਮਾਨ ਥਲੇ ਤਿਆਰ ਹੋਇਆ। 3 ਜੁਲਾਈ ਦੀ ਸਵੇਰ ਨੂੰ ਖ਼ਾਲਸਾ ਫ਼ੌਜਾਂ ਨੇ ਵੈਰੀ ਤੇ ਧਾਵਾ ਬੋਲ ਦਿੱਤਾ। ਦੁਪਹਿਰ ਤੱਕ ਅੱਤ ਖ਼ੂਨ-ਡੋਲ੍ਹਵੀਂ ਲੜਾਈ ਹੋਈ। ਦੁਪਹਿਰ ਤੋਂ ਪਿੱਛੋਂ ਮਿਸਰ ਦੀਵਾਨ ਚੰਦ ਨੇ ਆਪਣੇ ਦਸਤੇ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ। ਇਸ ਵੇਲੇ ਅਫ਼ਗਾਨਾਂ ਨੇ ਜੰਗ ਦੀ ਆੜ ਲੈ ਕੇ ਇੰਨਾ ਜ਼ਬਰਦਸਤ ਹਲਾ ਬੋਲਿਆ ਕਿ ਸਿੱਖਾਂ ਦੀਆਂ ਦੋ ਤੋਪਾਂ ਕਬਜ਼ੇ ਵਿਚ ਲੈ ਲਈਆਂ। ਪਰ ਇਧਰੋਂ ਸਰਦਾਰ ਹਰੀ ਸਿੰਘ ਨਲਵੇ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਦਸਤੇ ਨੇ ਬੜੇ ਜ਼ੋਰ ਨਾਲ ਹੱਲਾ ਕੀਤਾ ਤੇ ਵਧ ਰਹੇ ਅਫ਼ਗਾਨਾਂ ਨੂੰ ਘੇਰੇ ਵਿਚ ਲੈ ਲਿਆ।[1] ਜਦ ਜੱਬਾਰ ਖ਼ਾਂ ਨੇ ਇਹ ਹਾਲ ਵੇਖਿਆ ਤਾਂ ਉਹ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਨੱਸ ਉਠਿਆ। ਇਸ ਭਾਰੀ ਜੰਗ ਤੋਂ ਪਿੱਛੋਂ ਸਾਰੇ ਕਸ਼ਮੀਰ ਉਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਕਸ਼ਮੀਰ ਦੀ ਜਿੱਤ ਦਾ ਪਤਾ ਲੱਗਾ, ਤਾਂ ਉਸ ਨੇ ਬੜੀਆਂ ਖ਼ੁਸ਼ੀਆਂ ਮਨਾਈਆਂ। ਤਿੰਨ ਦਿਨ ਲਗਾਤਾਰ ਲਾਹੌਰ ਤੇ ਅੰਮ੍ਰਿਤਸਰ ਵਿਚ ਦੀਪਮਾਲਾ ਹੁੰਦੀ ਰਹੀ।

---

[1] "ਤਾਰੀਖ਼ਿ ਪੰਜਾਬ ਲਤੀਫ਼", ਪੰਨਾ 265–266
"ਹਰੀ ਸਿੰਘ ਨਲਵਾ"—ਪ੍ਰੇਮ ਸਿੰਘ ਪੰਨਾ 103; "ਮਹਾਰਾਜਾ ਰਣਜੀਤ ਸਿੰਘ" ਸੀਤਾ ਰਾਮ, ਪੰਨਾ 154-55

ਕਸ਼ਮੀਰ ਦੀ ਜਿਤ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਬਹੁਤ ਨਾਮਣਾ ਖੱਟਿਆ। ਮਹਾਰਾਜਾ ਸਾਹਿਬ ਨੇ ਉਸ ਦੀ ਬਹਾਦਰੀ ਤੇ ਪ੍ਰਸੰਸਾ ਪ੍ਰਗਟ ਕੀਤੀ ਤੇ ਉਸ ਦੇ ਵਕੀਲ ਨੂੰ ਬੜੀਆਂ ਕੀਮਤੀ ਪੁਸ਼ਾਕਾਂ ਬਖ਼ਸ਼ੀਆਂ।[1]

## ਪਿਸ਼ਾਵਰ ਦੀ ਮੁਹਿੰਮ 1822

ਬਾਰਕਜ਼ਈ ਭਰਾਵਾਂ ਵਿਚੋਂ ਵੱਡੇ ਭਰਾ ਫ਼ਤਿਹ ਖ਼ਾਂ ਦੇ ਮਰਨ ਪਿੱਛੋਂ ਆਜ਼ਮ ਖ਼ਾਂ ਨੇ ਕਾਬਲ ਵਿਚ ਆਪਣੀ ਤਾਕਤ ਅਸਥਾਪਤ ਕਰ ਲਈ ਸੀ। ਇਹ ਬਾਰਕਜ਼ਈ ਕਬੀਲੇ ਦਾ ਮੁਖੀ ਸੀ। ਇਸ ਦਾ ਇਕ ਭਰਾ ਜੱਬਾਰ ਖ਼ਾਂ ਕਸ਼ਮੀਰ ਵਿਚੋਂ ਖ਼ਾਲਸਾ ਫ਼ੌਜਾਂ ਕੋਲੋਂ ਹਾਰ ਖਾ ਕੇ ਨੱਸਿਆ ਸੀ ਤੇ ਕਸ਼ਮੀਰ ਵਿਚੋਂ ਅਫ਼ਗਾਨਾਂ ਦਾ ਰਾਜ ਖ਼ਤਮ ਹੋ ਗਿਆ ਸੀ। ਪਿਸ਼ਾਵਰ ਵਿਚ ਉਸ ਦੇ ਭਰਾਵਾਂ—ਯਾਰ ਮੁਹੰਮਦ ਖ਼ਾਂ ਤੇ ਦੋਸਤ ਮੁਹੰਮਦ ਖ਼ਾਂ—ਨੇ ਮਹਾਰਾਜੇ ਨੂੰ ਤੋਹਫ਼ੇ ਭੇਜ ਕੇ ਈਨ ਮੰਨ ਲਈ ਸੀ। ਇਹ ਸਾਰੇ ਹਾਲਾਤ ਆਜ਼ਮ ਖ਼ਾਂ ਲਈ ਸੁਖਾਵੇਂ ਨਹੀਂ ਸਨ। ਇਸ ਲਈ ਉਸ ਨੇ ਪਿਸ਼ਾਵਰ ਵਿਚ ਅਫ਼ਗਾਨੀ ਰਾਜ ਅਸਥਾਪਤ ਕਰਨ ਦਾ ਨਿਸ਼ਚਾ ਕਰ ਲਿਆ।

ਬਾਰਕਜ਼ਈਆਂ ਕੋਲ ਸਿੱਖ ਫ਼ੌਜੀਆਂ ਦਾ ਇਕ ਦਸਤਾ ਵੀ ਸੀ ਤੇ ਇਨ੍ਹਾਂ ਦਾ ਆਗੂ ਸਰਦਾਰ ਜੈ ਸਿੰਘ ਅਟਾਰੀਵਾਲਾ ਸੀ। ਸਰਦਾਰ ਜੈ ਸਿੰਘ, ਗੌਰ ਸਿੰਘ ਦੇ ਭਰਾ ਕੌਰ ਸਿੰਘ ਦੀ ਸੰਤਾਨ ਵਿਚੋਂ ਸੀ ਤੇ ਸਰਦਾਰ ਚਤਰ ਸਿੰਘ ਅਟਾਰੀਵਾਲੇ ਦਾ, ਜਿਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਲੜਾਈ ਵਿਚ ਹਿੱਸਾ ਲਿਆ, ਸੱਕਾ ਭਤੀਜਾ ਸੀ। ਇਹ ਮਹਾਰਾਜਾ ਰਣਜੀਤ ਸਿੰਘ ਨਾਲ ਗੁੱਸੇ ਹੋ ਕੇ ਦੋਸਤ ਮੁਹੰਮਦ ਨਾਲ ਮਿਲ ਗਿਆ ਸੀ। ਇਸ ਨੇ 1818 ਦੀ ਹਿਰਾਤ ਦੀ ਜੰਗ ਵਿਚ ਹਿੱਸਾ ਲਿਆ ਤੇ ਈਰਾਨੀਆਂ ਨੂੰ ਭਾਂਜ ਦਿੱਤੀ। ਇਸ ਜਿੱਤ ਤੋਂ ਪਿੱਛੋਂ ਜੋ ਗੜ ਬੜ ਕਾਬਲ ਦੇ ਬਾਦਸ਼ਾਹ ਮਹਿਮੂਦ ਦੇ ਮਹੱਲ ਵਿਚ ਹੋਈ ਉਸ ਵਿਚ ਵੀ ਇਹ ਸ਼ਾਮਲ ਸੀ। ਇਸ ਦੇ ਸਿੱਟੇ ਵਜੋਂ ਬਾਰਕਜ਼ਈਆਂ ਦੇ ਮੁਖੀ ਫ਼ਤਿਹ ਖ਼ਾਂ ਨੂੰ ਬਾਦਸ਼ਾਹ ਨੇ ਮਰਵਾ ਦਿੱਤਾ ਸੀ। ਇਸ ਰਾਜ-ਰੌਲੇ ਤੋਂ ਲਾਭ ਉਠਾਉਂਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਅਟਕ, ਪਿਸ਼ਾਵਰ ਤੇ ਕਸ਼ਮੀਰ ਦੇ ਇਲਾਕੇ ਜਿੱਤ ਲਏ ਸਨ। ਹੁਣ ਆਜ਼ਮ ਖ਼ਾਂ ਤੇ ਜੈ ਸਿੰਘ ਅਟਾਰੀਵਾਲੇ ਨੇ ਫ਼ੌਜਾਂ ਲੈ ਕੇ ਪਿਸ਼ਾਵਰ ਤੇ ਧਾਵਾ ਬੋਲਿਆ, ਤਾਂ ਜੁ ਪਿਸ਼ਾਵਰ ਜਿੱਤਣ ਪਿੱਛੋਂ ਉਹ ਖ਼ੈਰਾਬਾਦ ਦੇ ਕਿਲ੍ਹੇ ਨੂੰ ਜਿੱਤ ਕੇ ਅਟਕ ਦੇ ਪਾਰਲੇ ਇਲਾਕੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖ਼ਤਮ ਕਰ ਦੇਣ।[2]

---

[1] "ਉਮਦਾਤੁ-ਤਵਾਰੀਖ਼", ਦਫ਼ਤਰ ਦੋਮ ਪੰਨ 1259-61.

[2] "ਵੀ ਪਠਾਣਜ਼", ਔਲਫ਼ ਕੈਰੋ, ਪੰਨਾ 292-95

ਪਿਸ਼ਾਵਰ ਦਾ ਹੁਕਮਰਾਨ ਯਾਰ ਮੁਹੰਮਦ ਖ਼ਾਂ ਆਪਣੇ ਭਰਾ ਆਜ਼ਮ ਖ਼ਾਂ ਕੋਲੋਂ ਡਰਦਾ ਸੀ, ਨਾਲ ਹੀ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਵੀ ਡਰ ਸੀ। ਇਸ ਲਈ ਉਸ ਨੇ ਕੁਝ ਘੋੜੇ ਤੋਹਫ਼ੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਭੇਜੇ। ਇਸ ਗੱਲ ਨਾਲ ਮਹਾਰਾਜਾ ਭਾਂ ਸੰਤੁਸ਼ਟ ਨਾ ਹੋਇਆ, ਕਿਉਂਕਿ ਉਹ ਤੋਹਫ਼ਿਆਂ ਦੀ ਥਾਂ ਬਾਕਾਇਦਾ ਕਰ ਲੈਣਾ ਚਾਹੁੰਦਾ ਸੀ, ਪਰ ਆਜ਼ਮ ਖ਼ਾਂ ਵੀ ਨਾਰਾਜ਼ ਹੋ ਗਿਆ। ਇਸ ਲਈ ਆਜ਼ਮ ਖ਼ਾਂ ਦੀ ਫ਼ੌਜ ਨੂੰ ਆਉਂਦਾ ਵੇਖ ਕੇ ਯਾਰ ਮੁਹੰਮਦ ਖ਼ਾਂ ਯੂਸਫ਼ਜ਼ਈ ਪਹਾੜੀਆਂ ਵਿਚ ਜਾ ਲੁਕਿਆ।[1]

ਮਾਰਚ 7, 1822 ਨੂੰ ਜਦੋਂ ਮਹਾਰਾਜਾ ਹੋਲੀ ਦਾ ਤਿਉਹਾਰ ਮਨਾ ਰਿਹਾ ਸੀ, ਤਾਂ ਉਸ ਨੂੰ ਪਤਾ ਲੱਗਾ ਕਿ ਮੁਹੰਮਦ ਆਜ਼ਮ ਬਾਰਕਜ਼ਈ ਆਪਣੇ ਭਰਾ ਦੋਸਤ ਮੁਹੰਮਦ ਨਾਲ ਰਲ ਕੇ ਪਿਸ਼ਾਵਰ ਜਿੱਤਣ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਮਿਸਰ ਦੀਵਾਨ ਚੰਦ ਨੂੰ ਵਖਰਾ ਕਰ ਕੇ ਹੁਕਮ ਦਿੱਤਾ ਕਿ ਉਹ ਤੋਪਖਾਨੇ ਸਮੇਤ ਅਟਕ ਵਲ ਕੂਚ ਕਰ ਜਾਏ। ਦੀਵਾਨ ਕਿਰਪਾ ਰਾਮ ਨੂੰ ਹੁਕਮ ਭੇਜਿਆ ਕਿ ਉਹ ਛੇਤੀ ਤੋਂ ਛੇਤੀ ਮਿਸਰ ਦੀਵਾਨ ਚੰਦ ਨੂੰ ਫ਼ੌਜਾਂ ਸਮੇਤ ਅਟਕ ਦੇ ਕਿਲ੍ਹੇ ਵਿਚ ਮਿਲੇ। ਇਸ ਦੇ ਨਾਲ ਹੀ ਸ਼ਾਮ ਸਿੰਘ ਅਟਾਰੀਵਾਲੇ, ਸਰਦਾਰ ਜਗਤ ਸਿੰਘ ਤੇ ਦਲ ਸਿੰਘ ਨੂੰ ਵੀ ਅਟਕ ਪੁੱਜਣ ਦਾ ਹੁਕਮ ਹੋਇਆ। ਸਿੱਖ ਫ਼ੌਜਾਂ ਨੇ ਪਹਾੜੀ ਖੱਡਾਂ ਤੇ ਲੁੱਕਣ ਛਿਪਣ ਵਾਲੀਆਂ ਥਾਵਾਂ ਨੂੰ ਸਾਫ਼ ਕਰ ਦਿੱਤਾ ਤੇ ਬੜੇ ਜ਼ੋਰ ਸ਼ੋਰ ਨਾਲ ਤਿਆਰੀਆਂ ਆਰੰਭ ਕਰ ਦਿੱਤੀਆਂ।[2]

ਜਦੋਂ ਮੁਹੰਮਦ ਅਜ਼ੀਮ ਖ਼ਾਂ ਨੂੰ ਮਿਸਰ ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਤੋਪਖ਼ਾਨੇ ਸਮੇਤ ਅਟਕ ਪੁੱਜਣ ਦੀਆਂ ਖ਼ਬਰਾਂ ਮਿਲੀਆਂ ਤਾਂ ਉਹ ਕਾਬਲ ਨੂੰ ਮੁੜ ਗਿਆ। ਇਸ ਤਰ੍ਹਾਂ ਲੜਾਈ ਲੜੇ ਬਿਨਾ ਹੀ ਸਰਹੱਦ ਵਿਚ ਕੁਝ ਸਮੇਂ ਲਈ ਸੁਖ ਸ਼ਾਂਤੀ ਹੋ ਗਈ। ਪਰ ਇਹ ਸ਼ਾਂਤੀ ਅਗਲੇ ਸਾਲ ਨੌਸ਼ਹਿਰੇ ਦੀ ਵੱਡੀ ਲੜਾਈ ਦੀ ਤਿਆਰੀ ਦੀ ਸੂਚਕ ਬਣੀ। ਇਸ ਤੋਂ ਅਫ਼ਗਾਨਾਂ ਨੂੰ ਖ਼ਾਲਸਾ ਫ਼ੌਜ ਦੀ ਦ੍ਰਿੜਤਾ ਦਾ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਅਫ਼ਗਾਨਾਂ ਦੇ ਆਉਣ ਵਾਲੇ ਜਹਾਦ ਦਾ ਪਤਾ ਲਗ ਗਿਆ।

## ਸੱਯਦ ਅਹਿਮਦ ਬਰੇਲਵੀ ਉੱਪਰ ਜਿਤ (ਮਈ 1831)

ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨਾਂ ਦੇ ਵਿਰੁੱਧ ਛੱਛ ਤੇ ਨੌਸ਼ਹਿਰੇ ਦੀਆਂ ਦੋ ਨਿਰਣੇ-ਜਨਕ ਲੜਾਈਆਂ ਜਿੱਤ ਕੇ ਅਫ਼ਗਾਨਾਂ ਦੇ ਸਵੈਮਾਨ ਤੇ ਬੜੀ ਭਾਰੀ

---

[1] "ਦੀ ਪਠਾਨਜ਼", ਔਲਫ਼ ਕੈਰੋ, ਪੰਨਾ 295

[2] "ਉਮਦਤੁ-ਤਵਾਰੀਖ਼", ਸੋਹਣ ਲਾਲ ਦਫ਼ਤਰ ਦੋਮ, ਪੰਨਾ 295-96

ਇਬਰਤ ਨਾਮਾ ਅਲੀਉੱਦੀਨ, 465

ਸੱਟ ਮਾਰੀ ਸੀ। ਇਹੋ ਜੇਹੀ ਰਾਜਸੀ ਸਥਿਤੀ ਉਨ੍ਹਾਂ ਦੇ ਲੰਮੇ ਉਤਾਰ-ਚੜ੍ਹਾ ਵਾਲੇ ਇਤਿਹਾਸ ਵਿਚ ਅੱਗੇ ਕਦੇ ਨਹੀਂ ਆਈ ਸੀ। ਉਹ ਹਿੰਦੁਸਤਾਨ ਤੇ ਪੰਜਾਬ ਦੇ ਮੁਸਲਮਾਨਾਂ ਨੂੰ ਨਫ਼ਰਤ ਨਾਲ ਵੇਖਦੇ ਤੇ ਉਨ੍ਹਾਂ ਨੂੰ "ਹਿੰਦਕੀ" ਕਹਿੰਦੇ ਸਨ, ਕਿਉਂਕਿ ਨਿਡਰਤਾ ਤੇ ਬਹਾਦਰੀ ਵਿਚ ਉਹ ਕਿਸੇ ਨੂੰ ਆਪਣੇ ਤੁੱਲ ਨਹੀਂ ਸਮਝਦੇ ਸਨ। ਪਰ ਖ਼ਾਲਸੇ ਦੀਆਂ ਜਿੱਤਾਂ ਨੇ ਉਨ੍ਹਾਂ ਦੇ ਵਿਸ਼ਵਾਸਾਂ ਨੂੰ ਹਿਲਾ ਦਿੱਤਾ ਤੇ ਉਹ ''ਖ਼ੁਦਾ ਹਮ ਖ਼ਾਲਸਾ ਸ਼ੁਦਾ'' ਭਾਵ 'ਖ਼ਾਲਸਾ ਵੀ ਖ਼ੁਦਾ ਦੇ ਤੁੱਲ ਬਣ ਗਿਆ ਹੈ' ਕਹਿਣ ਲੱਗ ਪਏ।[1] ਇਸ ਕੌਮੀ ਸੰਕਟ ਸਮੇਂ ਸੱਯਦ ਅਹਿਮਦ ਨੇ ਜਹਾਦ ਦਾ ਨਾਹਰਾ ਲਾ ਕੇ ਪਠਾਣਾਂ ਨੂੰ ਆਪਣੇ ਵਲ ਖਿੱਚ ਲਿਆ।[2]

ਸੱਯਦ ਅਹਿਮਦ ਉੱਤਰ ਪ੍ਰਦੇਸ਼ ਦੇ ਸ਼ਹਿਰ ਬਰੇਲੀ ਦੇ ਰਹਿਣ ਵਾਲਾ ਸੀ ਤੇ ਕਈ ਸਾਲ ਅਮੀਰ ਖਾਂ ਕੋਲ ਨੌਕਰ ਰਿਹਾ ਸੀ। ਅੰਗਰੇਜ਼ਾਂ ਨੇ ਪਿੰਡਾਰਿਆਂ ਨੂੰ ਹਰਾਇਆ ਤਾਂ ਇਹ ਦਿੱਲੀ ਆ ਗਿਆ ਤੇ ਮੱਕੇ ਦਾ ਹੱਜ ਕਰ ਕੇ ਇਸ ਨੇ 1826 ਈਸਵੀ ਵਿਚ ਜਹਾਦ ਦਾ ਐਲਾਨ ਕਰ ਦਿੱਤਾ। ਇਹ ਆਪਣੇ ਪੰਜ ਸੌ ਮੁਰੀਦਾਂ ਨਾਲ ਸਿੰਧ ਦੇ ਰਸਤੇ ਪਿਸ਼ਾਵਰ ਦੇ ਪੱਛਮ-ਉੱਤਰੀ ਇਲਾਕੇ ਵਿਚ ਪਹੁੰਚ ਗਿਆ। ਸਵਾਬੀ ਨਾਮੀ ਸਥਾਨ ਦੇ ਨੇੜੇ ਪੰਜਤਾਰ ਦੇ ਕਿਲ੍ਹੇ ਦੇ ਕੋਲ ਇਸ ਨੇ ਜਹਾਦੀਆਂ ਦੀ ਇਕ ਨੌ-ਆਬਾਦੀ ਬਣਾਈ ਤੇ ਇਕ ਬੜਾ ਵੱਡਾ ਸਮਾਗਮ ਕਰ ਕੇ ਸਿੱਖ-ਰਾਜ ਦੇ ਵਿਰੁੱਧ ਜਹਾਦ ਦਾ ਐਲਾਨ ਕਰ ਦਿੱਤਾ।[3]

ਅਟਕ ਦਰਿਆ ਦੇ ਸੱਜੇ ਪਾਸੇ ਬਿਲਕੁਲ ਅਟਕ ਦੇ ਕਿਲ੍ਹੇ ਦੇ ਸਾਹਮਣੇ ਦਰਿਆਉਂ ਪਾਰ ਮਹਾਰਾਜਾ ਰਣਜੀਤ ਸਿੰਘ ਨੇ ਖ਼ੈਰਾਬਾਦ ਦਾ ਕਿਲ੍ਹਾ ਬਣਵਾਇਆ ਸੀ। ਉਸ ਵੇਲੇ ਇਸ ਦਾ ਕਿਲ੍ਹੇਦਾਰ ਬੁੱਧ ਸਿੰਘ ਸੰਧਾਂਵਾਲੀਆ ਸੀ। ਜਦੋਂ ਜਹਾਦੀ ਖ਼ੈਰਾਬਾਦ ਵੱਲ ਵਧੇ, ਤਾਂ ਉਨ੍ਹਾਂ ਦਾ ਟਾਕਰਾ ਅਕੌੜੇ ਦੇ ਮੈਦਾਨ ਵਿਚ ਖ਼ਾਲਸਾ ਫ਼ੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਵਧ ਚੜ੍ਹ ਕੇ ਹਿੱਸਾ ਲਿਆ। ਲੜਾਈ ਦਾ ਹਾਲ ਗਣੇਸ਼ ਦਾਸ ਨੇ **''ਫ਼ਤਿਹ-ਨਾਮਾ ਗੁਰੂ ਖ਼ਾਲਸਾ ਜੀ ਕਾ''** ਵਿਚ ਇਸ ਤਰ੍ਹਾਂ ਲਿਖਿਆ ਹੈ :—

'ਮਾਰ ਪਠਾਣ ਸੁ ਬਰਛਾ ਹੋਓ
ਤਬ ਘਾਇਲ ਹੋਇ ਸੁ ਡੇਰੇ ਮੂੰ ਆਇਓ
ਸ਼ਾਮ ਸਿੰਘ ਅਟਾਰੀ ਸੂ ਵਾਲੇ ਤਬੈ
ਦੋਂ ਭਰਾਤਨ ਹੂੰ ਰਲ ਹੱਲਾ ਕਰਾਇਓ
ਇਹ ਕਹਿਓ ਲਲਕਾਰ ਤਿਨੈ

---

1 ''ਮਹਾਰਾਜਾ ਰਣਜੀਤ ਸਿੰਘ'', ਸੀਤਾ ਰਾਮ ਕੋਹਲੀ, ਪੰਨਾ 153
2 ''ਦੀ ਪਠਾਨਜ਼'', ਓਲਫ਼ ਕੈਰੋ, ਪੰਨਾ 302-3
3 ''ਦੀ ਵਹਾਬੀ ਮੂਵਮੈਂਟ ਇਨ ਇੰਡੀਆ।'' ਕਿਆਮੁੱਦੀਨ ਅਹਿਮਦ, ਪੰਨਾ 49

ਅਬ ਮਾਰੇਗੇ ਨਹਿੰ ਜਾਣ ਸੁ ਖਾਇਓ
ਤਲਵਾਰ ਕਟਾਰ ਸੁ ਬਰਛੇ ਬੰਦੂਕਨ
ਤੁਰਕ ਹਨੇ ਨਹਿ ਅੰਤ ਸੋ ਆਇਓ

ਦੋਹਰਾ

ਸਿਘਨ ਮਾਰੇ ਤੁਰਕ ਬਹੁ, ਫਿਰੇ ਮੂਰਛਾ ਖਾਇ
ਜਿਉ ਬਾਢੀ ਬਨ ਮੇਂ ਪਰਤ, ਬਿਰਛਨ ਕਾਟ ਗਿਰਾਏ ॥

ਇਸ ਜੰਗ ਵਿਚ ਨੁਕਸਾਨ ਭਾਵੇਂ ਬਹੁਤ ਹੋਇਆ ਪਰ ਜਿੱਤ ਖ਼ਾਲਸੇ ਨੂੰ ਪ੍ਰਾਪਤ ਹੋਈ ।[1]

1829 ਵਿਚ ਸੱਯਦ ਅਹਿਮਦ ਨੇ ਪਿਸ਼ਾਵਰ ਤੇ ਹੱਲਾ ਕਰ ਦਿੱਤਾ । ਇਥੇ ਜਨਰਲ ਵੈਂਤੂਰਾ ਤੇ ਸਿੱਖਾਂ ਨੇ ਸੱਯਦ ਅਹਿਮਦ ਨੂੰ ਭਜਾ ਦਿੱਤਾ । ਪਰ ਪਿਸ਼ਾਵਰ ਦਾ ਬਾਰਕਜ਼ਈ ਗਵਰਨਰ ਯਾਰ ਮੁਹੰਮਦ ਮਾਰਿਆ ਗਿਆ । ਸੁਲਤਾਨ ਮੁਹੰਮਦ ਨੂੰ ਪਿਸ਼ਾਵਰ ਸੌਂਪ ਦਿੱਤਾ ਗਿਆ । ਫਿਰ ਹਜ਼ਾਰੇ ਦੀਆਂ ਪਹਾੜੀਆ ਵਿਚ ਸਰਦਾਰ ਹਰੀ ਸਿੰਘ ਨਲਵੇ ਨਾਲ ਸੱਯਦ ਅਹਿਮਦ ਦੀਆਂ ਝੜਪਾਂ ਹੋਈਆਂ, ਪਰ ਉਥੋਂ ਵੀ ਉਸ ਨੂੰ ਨੱਸਣਾ ਪਿਆ । ਅਖ਼ਰੀ 1830 ਦੇ ਅਰੰਭ ਵਿਚ ਸੱਯਦ ਅਹਿਮਦ ਪਿਸ਼ਾਵਰ ਉੱਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਿਆ ।

ਯੂਸਫ਼ਜ਼ਈ ਤੇ ਹੋਰ ਪਠਾਣ ਕਬੀਲੇ ਭਾਵੇਂ ਰਾਜਸੀ ਸਥਿਤੀ ਤੇ ਧਾਰਮਕ ਜੋਸ਼ ਕਰਕੇ ਸੱਯਦ ਅਹਿਮਦ ਨਾਲ ਮਿਲ ਗਏ ਸਨ, ਪਰ ਉਹ ਇਹ ਕਦੀ ਵੀ ਪਸੰਦ ਨਹੀਂ ਕਰਦੇ ਸਨ ਕਿ ਕੋਈ ਬਾਹਰਲਾ ਮਨੁੱਖ ਉਨ੍ਹਾਂ ਦੇ ਸਮਾਜਕ ਅਧਿਕਾਰਾਂ ਵਿਚ ਦਖ਼ਲ ਦੇਵੇ । ਸੱਯਦ ਅਹਿਮਦ ਨੇ ਇਕ ਫ਼ਤਵਾ ਜਾਰੀ ਕੀਤਾ ਕਿ ਪਠਾਣ ਉਨ੍ਹਾਂ ਜਹਾਦੀਆਂ ਨਾਲ ਆਪਣੀਆਂ ਲੜਕੀਆਂ ਵਿਆਹ ਦੇਣ ਜਿਹੜੇ ਹਿੰਦੁਸਤਾਨ ਤੋਂ ਆਏ ਹਨ । ਇਸ ਨਾਲ ਪਠਾਣ ਭੜਕ ਉੱਠੇ ।

ਮਹਾਰਾਜਾ ਰਣਜੀਤ ਸਿੰਘ ਵੀ ਸੱਯਦ ਅਹਿਮਦ ਦੀ ਬਗ਼ਾਵਤ ਵਲੋਂ ਅਵੇਸਲਾ ਨਹੀਂ ਸੀ । ਉਸ ਨੇ ਕੰਵਰ ਸ਼ੇਰ ਸਿੰਘ, ਜਨਰਲ ਵੈਂਤੂਰਾ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਜਗਤ ਸਿੰਘ ਅਟਾਰੀਵਾਲਾ ਤੇ ਸਰਦਾਰ ਪਰਤਾਪ ਸਿੰਘ ਨੂੰ ਖ਼ਲੀਫ਼ੇ ਨਾਲ ਨਜਿੱਠਣ ਲਈ ਭੇਜਿਆ । ਖ਼ਲੀਫ਼ੇ ਦਾ ਬਹੁਤਾ ਅਸਰ ਰਸੂਖ਼ ਯੂਸਫ਼ਜ਼ਈਆਂ ਦੇ ਇਲਾਕੇ ਤੇ ਲਗਦੇ ਕਸ਼ਮੀਰ ਦੇ ਇਲਾਕੇ ਮੁਜ਼ੱਫ਼ਰਾਬਾਦ ਵਿਚ ਸੀ । ਮਾਰਚ 3, 1831 ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਖ਼ਲੀਫ਼ਾ ਸੱਯਦ ਅਹਿਮਦ

[1]ਐਲਫ਼ ਲੋਰੇ ਨੇ ਲਿਖਿਆ ਹੈ ਕਿ ਸਰਦਾਰ ਬੁੱਧ ਸਿੰਘ ਇਸ ਲੜਾਈ ਵਿਚ ਮਾਰਿਆ ਗਿਆ ਪਰ ਇਹ ਗੱਲ ਠੀਕ ਸਿੱਧ ਨਹੀਂ ਹੁੰਦੀ । ਗ੍ਰਿਫ਼ਿਨ ਲਿਖਦਾ ਹੈ ਕਿ ਉਹ ਇਸ ਲੜਾਈ ਤੋਂ ਵਾਪਸ ਆ ਕੇ ਹੈਜ਼ੇ ਨਾਲ ਮੋਇਆ । ਵੇਖੋ "ਚੀਫ਼ਸ ਐਂਡ ਫ਼ੈਮੀਲੀਜ਼ ਆਫ਼ ਨੋਟ", ਪੰਨਾ 402

ਆਪਣੇ ਸਾਥੀ ਜ਼ਬਰਦਸਤ ਖ਼ਾਂ ਨਾਲ ਮੁਜ਼ੱਫ਼ਰਾਬਾਦ ਪਹੁੰਚ ਗਿਆ ਤੇ ਉਸ ਨੇ ਬਹੁਤ ਸਾਰੇ ਪਿੰਡ ਉਜਾੜ ਦਿੱਤੇ ਹਨ। ਇਸ ਤੇ ਮਹਾਰਾਜੇ ਨੇ ਚਿੱਠੀ ਲਿਖਵਾਈ ਕਿ ਕੰਵਰ ਸ਼ੇਰ ਸਿੰਘ ਹਸਨ-ਅਬਦਾਲ ਤੇ ਸਰਾਏ-ਕਾਲਾ ਵਿਚ ਆਪਣਾ ਸਿੱਕਾ ਬਿਠਾਂਦਾ ਹੋਇਆ ਮੁਜ਼ੱਫ਼ਰਾਬਾਦ ਵੱਲ ਵਧੇ।[1] ਮਾਰਚ 16 ਨੂੰ ਮਹਾਰਾਜੇ ਨੇ ਫਿਰ ਕੰਵਰ ਸ਼ੇਰ ਸਿੰਘ ਨੂੰ ਚਿੱਠੀ ਲਿਖਵਾਈ, "ਜੇ ਕਰ ਖ਼ਲੀਫ਼ੇ ਦਾ ਕੰਮ ਇਸੇ ਮਹੀਨੇ ਵਿਚ ਮੁੱਕ ਜਾਏ ਤਾਂ ਵਿਸਾਖੀ ਦੇ ਸਮੇਂ ਤੇ ਇਸ਼ਨਾਨ ਕਰਨ ਲਈ ਅੰਮ੍ਰਿਤਸਰ ਪੁੱਜ ਜਾਉ।" ਇਸ ਦੇ ਉੱਤਰ ਵਿਚ ਕੰਵਰ ਸ਼ੇਰ ਸਿੰਘ ਨੇ ਲਿਖਿਆ ਕਿ "ਖ਼ਲੀਫ਼ਾ ਮੁਜ਼ੱਫ਼ਰਾਬਾਦ ਕਿਲ੍ਹੇ ਕੋਲ ਮੋਰਚੇ ਬਣਾ ਰਿਹਾ ਹੈ।"[2] ਫਿਰ 11 ਅਪ੍ਰੈਲ 1831 ਨੂੰ ਮਹਾਰਾਜਾ ਨੇ ਕੰਵਰ ਸ਼ੇਰ ਸਿੰਘ ਨੂੰ ਪਰਵਾਨਾ ਭੇਜਿਆ ਕਿ "ਸਰਦਾਰ ਮਹਾਂ ਸਿੰਘ ਥਾਣੇਦਾਰ ਹਜ਼ਾਰਾ ਤੇ ਫ਼ਤਿਹ ਸਿੰਘ ਮਾਨ ਨੂੰ ਮੁਜ਼ੱਫ਼ਰਾਬਾਦ ਛੱਡ ਕੇ ਆਪ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ, ਅਤਰ ਸਿੰਘ ਕਾਲਿਆਂਵਾਲੇ, ਜੈ ਸਿੰਘ ਅਟਾਰੀਵਾਲੇ, ਜਗਤ ਸਿੰਘ, ਸਾਧੂ ਸਿੰਘ, ਰਲਾ ਸਿੰਘ ਗੁਰਮੁਖ ਸਿੰਘ ਚਾਹਿਲ, ਗੁਰਮੁਖ ਸਿੰਘ ਲੰਮੇ ਨਾਲ ਬਾਰਾਮੂਲੇ ਜਾ ਕੇ 14700 ਰੁਪਏ ਵਸੂਲ ਕਰਨ ਤੇ ਉਪਰੋਕਤ ਸਰਦਾਰਾਂ ਵਿਚ ਵੰਡ ਦੇਣ।[3] ਇਸ ਪਰਵਾਨੇ ਤੋਂ ਪਤਾ ਲਗਦਾ ਹੈ ਕਿ ਸਿੱਖ ਫ਼ੌਜਾਂ ਖ਼ਲੀਫ਼ੇ ਦਾ ਪਿੱਛਾ ਕਰ ਰਹੀਆਂ ਸਨ ਤੇ ਨਾਲ ਨਾਲ ਜਹਾਦੀਆਂ ਨਾਲ ਇਕ ਆਖ਼ਰੀ ਟੱਕਰ ਲੈਣ ਲਈ ਤਿਆਰੀਆਂ ਵੀ ਕਰ ਰਹੀਆਂ ਸਨ।

ਜ਼ਿਲ੍ਹਾਂ ਹਜ਼ਾਰੇ ਦੇ ਉੱਤਰੀ ਹਿੱਸੇ ਵਿਚ ਯੂਸਫ਼ਜ਼ਈ ਪਹਾੜੀਆਂ ਵਿਚ ਕੁਨਹਾਰ ਨਾਂ ਦਾ ਇਕ ਦਰਿਆ ਵਗਦਾ ਸੀ। ਇਹ ਜਿਹਲਮ ਦਰਿਆ ਨੂੰ ਉਸ ਥਾਂ ਤੇ ਮਿਲਦਾ ਸੀ ਜਿੱਥੋਂ ਕਿ ਜਿਹਲਮ ਪਹਾੜੀ ਇਲਾਕੇ ਤੋਂ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦਾ ਹੈ। ਠੀਕ ਕਾਗ਼ਾਨ ਵਾਦੀ ਤੋਂ 100 ਮੀਲ ਦੱਖਣ ਵਿਚ ਇਕ ਪਹਾੜੀ ਕਿਲ੍ਹਾ ਤੇ ਨਗਰ ਬਾਲਾਕੋਟ ਸੀ। ਇਹ ਕੁਨਹਾਰ ਦਰਿਆ ਦੇ ਸੱਜੇ ਪਾਸੇ ਕੰਢੇ ਤੇ ਸੀ ਤੇ ਇਸ ਦੇ ਹੋਰ ਦੱਖਣ ਵਿਚ ਦਰਿਆ ਤੋਂ ਪਾਰ ਗੜ੍ਹੀ ਹਬੀਬੁੱਲਾ ਨਾਂ ਦਾ ਕਿਲ੍ਹਾ ਤੇ ਨਗਰ ਸੀ। ਇਹ ਦੋਵੇਂ ਅਸਥਾਨ ਮੁਜ਼ੱਫ਼ਰਾਬਾਦ ਦੇ ਨੇੜੇ ਸਨ। ਇਸ ਲਈ ਜਦੋਂ ਖ਼ਾਲਸਾ ਫ਼ੌਜਾਂ ਨੇ ਮੁਜ਼ੱਫ਼ਰਾਬਾਦ ਦੇ ਕਿਲ੍ਹੇ ਦਾ ਘੇਰਾ ਪਾਇਆ ਤਾਂ ਖ਼ਲੀਫ਼ਾ ਨੱਸ ਕੇ ਗੜ੍ਹੀ ਹਬੀਬੁੱਲਾ ਵਿਚ ਆ ਗਿਆ। ਪਰ ਫਿਰ ਇਥੇ ਵੀ ਆਪਣੇ ਆਪ ਨੂੰ ਸੁਰਖਿਅਤ ਨਾ ਸਮਝ ਕੇ ਦਰਿਆ ਤੋਂ ਪਾਰ ਬਾਲਾਕੋਟ ਦੇ ਕਿਲ੍ਹੇ ਵਿਚ ਆ ਗਿਆ। ਉਸ ਨੇ ਇਥੇ ਖ਼ਾਲਸਾ ਫ਼ੌਜਾਂ ਨਾਲ ਜੰਗ ਕਰਨ ਦਾ ਫ਼ੈਸਲਾ ਕਰ ਲਿਆ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚੋਂ ਜਹਾਦੀਆਂ ਦੇ ਸੈਨਿਕ ਦਸਤਿਆਂ ਨੂੰ ਇਥੇ ਮੰਗਵਾ ਲਿਆ। ਬਹੁਤ ਸਾਰੇ

---

[1] ਉਮਦਾਤੁ-ਤਵਾਰੀਖ਼ (ਅੰਗਰੇਜ਼ੀ ਉਲਥਾ) ਦਫ਼ਤਰ ਸੋਮ, ਹਿੱਸਾ 1, ਪੰਨਾ 15

[2] ਉਕਤ ਲਿਖਤ ਪੰਨਾ 17

[3] ਉਕਤ ਪੰਨਾ 23

ਜਹਾਦੀ ਭੋਗਰ, ਮੰਗ, ਰਾਜੌਰੀ ਤੇ ਮੁਜ਼ੱਫ਼ਰਾਬਾਦ ਤੋਂ ਇਥੇ ਪਹੁੰਚ ਗਏ ।[1] ਮੁਜ਼ੱਫ਼ਰਾਬਾਦ ਦੇ ਕਿਲ੍ਹੇ ਨੂੰ ਜਿੱਤ ਕੇ ਕੰਵਰ ਸ਼ੇਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਹੋਰ ਸਰਦਾਰ ਖ਼ਾਲਸਾ ਫ਼ੌਜਾਂ ਸਮੇਤ ਗੜ੍ਹੀ ਹਬੀਬੁੱਲਾ ਵਿਚ ਆ ਗਏ ਤੇ ਜਹਾਦੀਆਂ ਨਾਲ ਜੁੱਧ ਕਰਨ ਦੀਆਂ ਤਿਆਰੀਆਂ ਕਰਨ ਲੱਗੇ ।[2]

ਜਹਾਦੀਆਂ ਤੇ ਖ਼ਾਲਸਾ ਫ਼ੌਜਾਂ ਦੇ ਵਿਚਕਾਰ ਲੜਾਈ ਦਾ ਹਾਲ ਮਹਿਤਾਬ ਸਿੰਘ ਕਾਇਸਥ ਨੇ ਲਿਖਿਆ ਹੈ। ਉਹ ਕੰਵਰ ਖੜਕ ਸਿੰਘ, ਫ਼ਤਿਹ ਸਿੰਘ ਮਾਨ ਤੇ ਸਰਦਾਰ ਹਰੀ ਸਿੰਘ ਦੀ ਨੌਕਰੀ ਕਰ ਕੇ 1824 ਈ. ਵਿਚ ਦਫ਼ਤਰ ਸਿੱਖ ਸਰਕਾਰ ਹਜ਼ਾਰਾ ਵਿਚ ਨੌਕਰ ਹੋ ਗਿਆ ਸੀ ਜਿਥੇ ਉਹ ਤੀਹ ਸਾਲ ਮੁਲਾਜ਼ਮ ਰਿਹਾ। 1854 ਵਿਚ ਜੇਮਜ਼ ਐਬਟ ਦੇ ਕਹਿਣ ਤੇ ਉਸ ਨੇ 'ਤਾਰੀਖ਼ਿ-ਹਜ਼ਾਰਾ' ਨਾਮੀ ਪੁਸਤਕ ਲਿਖੀ ਜਿਸ ਦੀ ਇਕ ਕਾਪੀ ਕਾਮਨ ਵੈਲਥ ਰੀਲੇਸ਼ਨਜ਼ ਲਾਇਬਰੇਰੀ' (ਇੰਡੀਆ ਆਫ਼ਿਸ) ਵਿਚ ਪਈ ਹੈ। ਇਹ ਬਾਲਾਕੋਟ ਦੀ ਲੜਾਈ ਵਿਚ ਆਪ ਮੌਜੂਦ ਸੀ ਇਸ ਲਈ ਉਸ ਨੇ ਇਸ ਲੜਾਈ ਦਾ ਵਿਸਥਾਰ ਪੂਰਬਕ ਹਾਲ ਲਿਖਿਆ ਹੈ।

ਕਈ ਦਿਨ ਖ਼ਾਲਸਾ ਫ਼ੌਜ ਗੜ੍ਹੀ ਹਬੀਬੁੱਲਾ ਤੇ ਜਹਾਦੀ ਬਾਲਾਕੋਟ ਵਿਚ ਆਮੋ ਸਾਹਮਣੇ ਡਟੇ ਰਹੇ। ਕੰਵਰ ਸ਼ੇਰ ਸਿੰਘ ਨੇ ਇਕ ਦਿਨ ਇਕ ਫ਼ੌਜੀ ਟੁਕੜੀ ਨੂੰ ਦਰਿਆ ਪਾਰ ਕਰ ਕੇ ਜਹਾਦੀਆਂ ਦਾ ਪਤਾ ਲੈਣ ਲਈ ਭੇਜਿਆ। ਜਹਾਦੀ ਜੰਗਲਾਂ ਵਿਚ ਲੁਕੇ ਸਨ। ਉਹ ਇਕ ਦਮ ਇਸ ਫ਼ੌਜੀ ਦਸਤੇ ਤੇ ਟੁੱਟ ਪਏ ਤੇ ਇਸ ਦਸਤੇ ਦਾ ਕਾਫ਼ੀ ਨੁਕਸਾਨ ਹੋਇਆ ਤੇ ਬਾਕੀ ਦੇ ਫ਼ੌਜੀ ਵਾਪਸ ਆ ਗਏ। ਕੰਵਰ ਸ਼ੇਰ ਸਿੰਘ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਹੋਰ ਸਰਦਾਰਾਂ ਨੂੰ ਸਦ ਕੇ ਸਲਾਹ ਕੀਤੀ ਕਿ ਕਿਵੇਂ ਕਰਨਾ ਚਾਹੀਦਾ ਹੈ। ਫ਼ੈਸਲਾ ਹੋਇਆ ਕਿ ਉਤੀ ਦੇ ਥਾਣੇਦਾਰ ਟੇਕ ਸਿੰਘ ਨੂੰ ਇਕ ਹਜ਼ਾਰ ਬੰਦੂਕਚੀਆਂ ਨਾਲ ਡੇਰੇ ਤੇ ਛੱਡ ਦੇਣ, ਤੇ ਖ਼ਾਲਸਾ ਫ਼ੌਜਾਂ ਦਰਿਆ ਪਾਰ ਕਰ ਕੇ ਬਾਲਾਕੋਟ ਦੀ ਸਾਹਮਣੀ ਪਹਾੜੀ ਮਟੀਕੋਟ ਤੇ ਕਬਜ਼ਾ ਕਰ ਲੈਣ। ਸੋ ਇਸੇ ਤਰ੍ਹਾਂ ਕੀਤਾ ਗਿਆ।

ਜਹਾਦੀ ਇਸ ਪਹਾੜੀ ਉੱਤੇ ਪਹਿਰਾ ਦੇ ਰਹੇ ਸਨ। ਉਨ੍ਹਾਂ ਨੂੰ ਪਿੱਛੇ ਸੁੱਟ ਕੇ ਖ਼ਾਲਸਾ ਫ਼ੌਜਾਂ ਮਟੀਕੋਟ ਤੇ ਚੜ੍ਹ ਗਈਆਂ। ਇਥੇ ਪਾਣੀ ਦੀ ਥੁੜ ਸੀ ਪਰ ਮੀਂਹ ਪੈਣ ਕਰ ਕੇ ਉਹ ਪੂਰੀ ਹੋ ਗਈ ਸੀ। ਅਗਲੇ ਦਿਨ 6 ਮਈ 1831 ਨੂੰ ਖ਼ਾਲਸਾ ਫ਼ੌਜਾਂ ਨੇ ਜਹਾਦੀਆਂ ਉੱਤੇ ਹਲਾ ਕਰਨਾ ਸੀ।[3]

ਹਮਲੇ ਦੀ ਵਿਉਂਤ ਬਾਰੇ ਕੰਵਰ ਸ਼ੇਰ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਵਿਚਕਾਰ ਮਤਭੇਦ ਸੀ। ਕੰਵਰ ਦਾ ਖ਼ਿਆਲ ਸੀ ਕਿ ਹਜ਼ਾਰੇ ਦਾ

---

[1] "ਦੀ ਵਹਾਬੀ ਮੂਵਮੈਂਟ ਇਨ ਇੰਡੀਆ", ਕਿਆਮੁੱਦੀਨ ਅਹਿਮਦ, ਪੰਨਾ 57

[2] "ਤਾਰੀਖ਼ਿ-ਹਜ਼ਾਰਾ", ਮਹਿਤਾਬ ਸਿੰਘ ਕਾਇਸਥ ਦਾ ਬਿਆਨ, ਉਕਤ ਪੰਨਾ 57

[3] "ਤਾਰੀਖ਼ਿ-ਹਜ਼ਾਰਾ" ਦੀਆਂ ਟੂਕਾਂ "ਵਹਾਬੀ ਮੂਵਮੈਂਟ ਇਨ ਇੰਡੀਆ" ਦੇ ਪੰਨਾ 68

ਥਾਣੇਦਾਰ ਸਰਦਾਰ ਮਹਾਂ ਸਿੰਘ ਤੇ ਜਵਾਲਾ ਸਿੰਘ ਭੜਾਣੀਏ ਦਾ ਚਾਚਾ ਲਖਮੀਰ ਸਿੰਘ ਕੁਝ ਸੈਨਿਕਾਂ ਦੇ ਨਾਲ ਜਹਾਦੀਆਂ ਉੱਤੇ ਹਮਲਾ ਕਰਨ ਤੇ ਬਾਕੀ ਦੀ ਫ਼ੌਜ ਪਹਾੜੀ ਤੇ ਹਾਲਾਤ ਦਾ ਅੰਦਾਜ਼ਾ ਲਾਏ ਤੇ ਕੁਮਕ ਭੇਜਣ ਲਈ ਰਾਖਵੀਂ ਰੱਖੀ ਜਾਏ। ਸਰਦਾਰ ਸ਼ਾਮ ਸਿੰਘ ਦਾ ਵਿਚਾਰ ਸੀ ਕਿ ਹਮਲੇ ਲਈ ਥੋੜ੍ਹੀ ਫ਼ੌਜ ਭੇਜਣਾ ਗ਼ਲਤੀ ਹੈ, ਕਿਉਂਕਿ ਜਹਾਦੀਆਂ ਨੇ ਆਪਣੇ ਤਾਣ ਨਾਲ ਟਾਕਰਾ ਕਰਨਾ ਹੈ ਤੇ ਫ਼ੌਜ ਦੇ ਇਕ ਹਿੱਸੇ ਦੇ ਹਾਰਨ ਨਾਲ ਦੂਜੀ ਫ਼ੌਜ ਜਿੱਤ ਪਰਾਪਤ ਨਹੀਂ ਕਰ ਸਕੇਗੀ। ਕੰਵਰ ਸ਼ੇਰ ਸਿੰਘ ਸਰਦਾਰ ਸ਼ਾਮ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ। ਉਂਝ ਵੀ ਸਰਦਾਰ ਸ਼ਾਮ ਸਿੰਘ ਨੇ ਕੰਵਰ ਨਾਲੋਂ ਜ਼ਿਆਦਾ ਲੜਾਈਆਂ ਲੜੀਆਂ ਸਨ ਤੇ ਉਹ ਸੈਨਿਕ ਚਾਲਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਸ ਲਈ ਕੰਵਰ ਅਟਾਰੀਵਾਲੇ ਸਰਦਾਰ ਦੀ ਤਜਵੀਜ਼ ਨਾਲ ਸਹਿਮਤ ਹੋ ਗਿਆ ਤੇ ਇਹ ਫ਼ੈਸਲਾ ਹੋਇਆ ਕਿ ਸਾਰੀ ਫ਼ੌਜ ਇਕੋ ਵਾਰੀ ਹੱਲਾ ਬੋਲੇ। ਨਵੀਂ ਵਿਉਂਤ ਅਨੁਸਾਰ ਸਰਦਾਰ ਸ਼ਾਮ ਸਿੰਘ ਤੇ ਪਰਤਾਪ ਸਿੰਘ ਦੇ ਫ਼ੌਜੀ ਦਸਤੇ ਪਿੱਛੇ ਸਨ ਤੇ ਮਹਾਂ ਸਿੰਘ ਤੇ ਜਵਾਲਾ ਸਿੰਘ ਦੇ ਦਸਤੇ ਮੋਹਰੇ ਸਨ। ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਤੇ ਸਰਦਾਰ ਗੁਰਮੁਖ ਸਿੰਘ ਲਾਂਬੇ ਦੀਆਂ ਫ਼ੌਜਾਂ ਪਾਸੇ ਤੇ ਸਨ। ਕੰਵਰ ਸ਼ੇਰ ਸਿੰਘ ਆਪ ਵਿਚਕਾਰ ਸੀ।[1]

ਬਾਲਾਕੋਟ ਤੇ ਮਤੀਕੋਟ ਦੇ ਵਿਚਕਾਰ ਕੁਝ ਥੋੜ੍ਹੀ ਜੇਹੀ ਥਾਂ ਨੀਵੀਂ ਸੀ। ਖ਼ਾਲਸਾ ਫ਼ੌਜਾਂ ਨੇ ਜਿਹੜੀਆਂ ਤੋਪਾਂ ਕਸ਼ਮੀਰੋਂ ਲਿਆਂਦੀਆਂ ਸਨ ਉਹ ਉੱਚੇ ਗੱਡ ਦਿੱਤੀਆਂ। 6 ਮਈ ਦੀ ਸਵੇਰ ਨੂੰ ਗੋਲਾਬਾਰੀ ਆਰੰਭ ਹੋ ਗਈ। ਜਹਾਦੀਆਂ ਨੇ ਵੀ ਜਵਾਬੀ ਗੋਲੇ ਛੱਡੇ ਤੇ ਇਸ ਤਰ੍ਹਾਂ ਕਰਦਿਆਂ ਦੁਪਹਿਰ ਆ ਗਈ। ਜਹਾਦੀਆਂ ਦੇ ਗੋਲਿਆਂ ਨਾਲ ਸਰਦਾਰ ਮਹਾਂ ਸਿੰਘ ਤੇ ਜਵਾਲਾ ਸਿੰਘ ਦੀਆਂ ਫ਼ੌਜਾਂ ਦੇ ਝੰਡਾ-ਬਰਦਾਰ ਮਾਰੇ ਗਏ ਤੇ ਹੋਰ ਸੈਨਿਕ ਝੰਡੇ ਉੱਚੇ ਰੱਖਣ ਲਈ ਦੌੜੇ। ਝੰਡੇ ਡਿਗਦੇ ਵੇਖ ਕੇ ਜਹਾਦੀ ਜੋਸ਼ ਵਿਚ ਆ ਗਏ ਤੇ "ਭੱਜ ਗਏ, ਭੱਜ ਗਏ" ਦੇ ਨਾਹਰੇ ਲਾ ਦਿੱਤੇ। ਸੱਯਦ ਅਹਿਮਦ ਤੇ ਉਸ ਦੇ ਜਹਾਦੀਆਂ ਨੇ ਬਾਲਾਕੋਟ ਦੇ ਕਿਲ੍ਹੇ ਵਿਚੋਂ ਨਿਕਲ ਕੇ ਜ਼ੋਰਦਾਰ ਹੱਲਾ ਬੋਲਿਆ ਤੇ ਅਤਰ ਸਿੰਘ ਕਾਲਿਆਂਵਾਲੇ ਤੇ ਗੁਰਮੁਖ ਸਿੰਘ ਲਾਂਬੇ ਦੇ ਪਾਸੇ ਵਲ ਵਧੇ। ਇਸ ਵੇਲੇ ਕੰਵਰ ਸ਼ੇਰ ਸਿੰਘ ਵੀ ਉਸੇ ਪਾਸੇ ਨੂੰ ਹੋ ਗਏ ਤੇ ਜ਼ੋਰਦਾਰ ਲੜਾਈ ਆਰੰਭ ਹੋ ਗਈ। ਜਹਾਦੀਆਂ ਦੇ ਜ਼ੋਰ ਦੇ ਹੱਲੇ ਕਰਕੇ ਖ਼ਾਲਸਾ ਫ਼ੌਜਾਂ ਨੂੰ ਥੋੜ੍ਹਾ ਪਿੱਛੇ ਹਟਣਾ ਪਿਆ। ਇਸ ਸਮੇਂ ਕੰਵਰ ਸ਼ੇਰ ਸਿੰਘ ਬੜੇ ਜੋਸ਼ ਨਾਲ ਸੈਨਿਕਾਂ ਨੂੰ ਹਲਾਸ਼ੇਰੀ ਦੇ ਰਹੇ ਸਨ ਤੇ ਆਪ ਅੱਗੇ ਰਣਭੂਮੀ ਵਿਚ ਜਾਣਾ ਚਾਹੁੰਦੇ ਸਨ, ਪਰ ਸਰਦਾਰ ਮਹਾਂ ਸਿੰਘ ਨੇ ਉਨ੍ਹਾਂ ਨੂੰ ਮਨ੍ਹਾ ਕਰ ਦਿੱਤਾ। ਹੁਣ ਕੰਵਰ ਨੇ ਸਰਦਾਰ ਸ਼ਾਮ ਸਿੰਘ ਨੂੰ ਸੁਨੇਹਾ ਭੇਜਿਆ ਕਿ ਗੋਲਾਬਾਰੀ ਆਰੰਭ ਕਰ ਦਿਉ ਤੇ ਇਸੇ ਤਰ੍ਹਾਂ ਦੇ ਸੁਨੇਹੇ ਅਤਰ ਸਿੰਘ ਤੇ ਪਰਤਾਪ ਸਿੰਘ ਨੂੰ ਵੀ ਭੇਜੇ ਗਏ। ਜਦੋਂ ਸਿੱਖਾਂ ਨੇ ਇਸ ਤਰ੍ਹਾਂ ਪੂਰੇ

---

[1] "ਵਹਾਬੀ ਮੂਵਮੈਂਟ ਇਨ ਇੰਡੀਆ", ਪੰਨਾ 69

ਜ਼ੋਰ ਨਾਲ ਹੱਲਾ ਕੀਤਾ, ਤਾਂ ਜਹਾਦੀ ਭੱਜ ਉੱਠੇ। ਦੋਹਾਂ ਪਹਾੜੀਆਂ ਵਿਚਕਾਰ ਨੀਵੀਂ ਥਾਂ ਤੇ 187 ਲਾਸ਼ਾਂ ਵਿਚੋਂ ਸੱਯਦ ਅਹਿਮਦ ਦੀ ਲੋਥ ਲੱਭੀ, ਜੋ ਸਤਿਕਾਰ ਨਾਲ ਦਫ਼ਨਾ ਦਿੱਤੀ ਗਈ।[1]

ਇਸ ਜਿੱਤ ਦਾ ਪਤਾ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਲੱਗਾ ਤਾਂ ਉਹ ਬਹੁਤ ਪ੍ਰਸੰਨ ਹੋਇਆ। ਲਾਹੌਰ ਤੇ ਅੰਮ੍ਰਿਤਸਰ ਵਿਚ ਲਗਾਤਾਰ ਤਿੰਨ ਦਿਨ ਦੀਪਮਾਲਾ ਹੁੰਦੀ ਰਹੀ।

ਜਦੋਂ ਇਹ ਵਿਜੇਈ ਸੈਨਿਕ ਲਾਹੌਰ ਪੁੱਜੇ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਦਾ ਬਹੁਤ ਸ਼ਾਨਦਾਰ ਸੁਆਗਤ ਕੀਤਾ। ਭਰੇ ਦਰਬਾਰ ਵਿਚ ਕੰਵਰ ਸ਼ੇਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਅਤੇ ਸਰਦਾਰ ਜੈ ਸਿੰਘ ਨੂੰ ਬਹੁਤ ਸਤਿਕਾਰਿਆ ਤੇ ਇਨ੍ਹਾਂ ਨੂੰ ਮੋਹਰਾਂ, ਈਰਾਨੀ ਬੰਦੂਕਾਂ, ਜਹਾਦੀਆਂ ਦੇ ਤਿੰਨ ਝੰਡੇ ਤੇ ਉਹ ਹਾਥੀ ਜਿਸ ਤੇ ਸੱਯਦ ਅਹਿਮਦ ਚੜ੍ਹਿਆ ਕਰਦਾ ਸੀ, ਇਨਾਮ ਵਜੋਂ ਦਿੱਤੇ ਗਏ।[2]

ਜਹਾਦੀਆਂ ਦੇ ਵਿਰੁੱਧ ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਨੇ ਬੜੀ ਸਿਆਣਪ ਵਿਖਾਈ ਤੇ ਕਈ ਨਾਜ਼ਕ ਸਮਿਆਂ ਉੱਤੇ ਕੰਵਰ ਸ਼ੇਰ ਸਿੰਘ ਨੂੰ ਆਪਣੀ ਫ਼ੌਜੀ ਯੋਗਤਾ ਦਾ ਸਬੂਤ ਦਿੱਤਾ। ਜਿਥੇ ਪਹਿਲਾਂ ਉਹ ਬਹਾਦਰੀ ਤੇ ਨਿਰਭੈਤਾ ਕਰਕੇ ਪ੍ਰਸਿੱਧ ਸੀ ਉੱਥੇ ਹੁਣ ਉਹ ਸੈਨਿਕ ਚਾਲਾਂ ਵਿਚ ਵੀ ਨਿਪੁੰਨ ਸਮਝਿਆ ਜਾਣ ਲੱਗਾ।

---

[1]"ਵਹਾਬੀ ਮੂਵਮੈਂਟ ਇਨ ਇੰਡੀਆ" ਪੰਨਾ 64

[2]"ਉਮਦਾਤੁ-ਤਵਾਰੀਖ" (ਅੰਗਰੇਜ਼ੀ) ਹਿੱਸਾ ਤੀਜਾ, ਪੰਨਾ 48

## ਸਰਹੱਦਾਂ ਦੀ ਰਾਖੀ (1832-39)

'ਰਣ-ਭੂਮੀ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਦ੍ਰਿੜ੍ਹਤਾ ਤੇ ਦਲੇਰੀ ਅਵਸ਼ਕ ਤੌਰ ਤੇ ਇਕ ਪ੍ਰਸੰਸਾਯੋਗ ਕਰਤੱਵ ਸੀ'।

—ਮਹਾਰਾਜਾ ਰਣਜੀਤ ਸਿੰਘ

**ਸੰਗੜ ਦੀ ਮੁਹਿੰਮ :** ਜਦੋਂ ਸ਼ੇਰ ਸ਼ਾਹ ਸੂਰੀ ਨੇ ਪੰਜਾਬ ਜਿੱਤਿਆ ਤੇ ਰੋਹਤਾਸ ਦੇ ਕਿਲ੍ਹੇ ਦੀ ਨੀਂਹ ਰੱਖੀ, ਤਾਂ ਸਿੰਧ ਦੇ ਪਰਲੇ ਇਲਾਕਿਆਂ ਦੇ ਸਰਦਾਰ ਖ਼ੁਸ਼ਾਬ ਦੇ ਅਸਥਾਨ ਤੇ ਮਿਲਣ ਆਏ। ਇਨ੍ਹਾਂ ਵਿਚੋਂ ਦੋ ਬਲੋਚੀ ਕਬੀਲਿਆਂ ਦੇ ਸਰਦਾਰ ਗ਼ਾਜ਼ੀ ਖ਼ਾਂ ਤੇ ਇਸਮਾਈਲ ਖ਼ਾਂ ਸਨ। ਇਨ੍ਹਾਂ ਦੋਹਾਂ ਦੇ ਕਬਜ਼ੇ ਵਿਚ ਦੋ ਵੱਖ ਵੱਖ ਇਲਾਕੇ ਸਨ ਜੋ ਸ਼ੇਰ ਸ਼ਾਹ ਸੂਰੀ ਨੇ ਇਨ੍ਹਾਂ ਦੋਹਾਂ ਨੂੰ ਵਾਪਸ ਦੇ ਦਿੱਤੇ। ਇਨ੍ਹਾਂ ਦੋਹਾਂ ਇਲਾਕਿਆਂ ਦੇ ਨਾਂ ਉਨ੍ਹਾਂ ਦੇ ਸਰਦਾਰਾਂ ਦੇ ਡੇਰਿਆਂ ਦੇ ਨਾਂ ਉੱਤੇ ਪ੍ਰਸਿੱਧ ਹੋ ਗਏ।[1] ਇਹ ਇਲਾਕੇ ਸਿੰਧ ਦਰਿਆਂ ਤੋਂ ਪਾਰ ਕੋਲ ਕੋਲ ਆਬਾਦ ਹੋਣ ਕਰਕੇ ਇਨ੍ਹਾਂ ਦਾ ਮਿਲਵਾਂ ਨਾਂ ਡੇਰਾਜਾਤ ਪੈ ਗਿਆ। ਪੰਜਾਬ ਦੀ ਸਰਹੱਦ ਦੇ ਨਾਲ ਲੱਗਣ ਦੇ ਕਾਰਨ ਇਨ੍ਹਾਂ ਦੀ ਵਿਸ਼ੇਸ਼ ਮਹਾਨਤਾ ਸੀ। ਪਿਸ਼ਾਵਰ ਤੋਂ ਮੁਲਤਾਨ ਵੱਲ ਜਾਂਦੀ ਸੜਕ ਇਸੇ ਇਲਾਕੇ ਵਿਚੋਂ ਲੰਘਦੀ ਸੀ ਤੇ ਇਸ ਪੁਰਾਣੀ ਸ਼ਾਹ-ਰਾਹ ਤੋਂ ਹੀ ਮੁਹੰਮਦ ਗ਼ੋਰੀ ਤੇ ਤੈਮੂਰ ਨੇ ਹਿੰਦ ਤੇ ਹੱਲਾ ਕੀਤਾ ਸੀ। ਦੱਸਵੀਂ ਸ਼ਤਾਬਦੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਇਹ ਇਲਾਕੇ ਵਧੇਰਾ ਸਮਾਂ ਅਫ਼ਗਾਨਾਂ ਦੇ ਅਧਿਕਾਰ ਥੱਲੇ ਰਹੇ। ਏਹੀ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਇਲਾਕੇ ਉਸ ਦੇ ਵਿਰੋਧੀਆਂ ਦੇ ਵਿਦਰੋਹ ਦਾ ਅੱਡਾ ਬਣੇ ਹੋਏ ਸਨ। ਜਦੋਂ ਖ਼ਾਲਸਾ ਫ਼ੌਜਾਂ ਨੇ 1817 ਈਸਵੀ ਨੂੰ ਮਿੱਠੇ ਟਿਵਾਣੇ ਦੇ ਅਹਿਮਦ ਯਾਰ ਖ਼ਾਂ ਨੂੰ ਨੂਰਪੁਰ ਦੇ ਕਿਲ੍ਹੇ ਵਿਚ ਬੰਦ ਕੀਤਾ, ਤਾਂ ਇਸ ਨੇ ਉਥੋਂ ਨੱਸ ਕੇ ਡੇਰਾ ਇਸਮਾਈਲ ਖ਼ਾਂ ਦੇ ਇਲਾਕੇ ਮਨਕੇਰਾ ਵਿਚ ਜਾ ਸਿਰ ਲੁਕਾਇਆ।[2] ਜਦੋਂ ਪਹਿਲੀ ਵੇਰ ਮਹਾਰਾਜਾ ਰਣਜੀਤ ਸਿੰਘ ਨੇ ਪਿਸ਼ਾਵਰ ਜਿੱਤਿਆ, ਤਾਂ ਸ਼ਾਹਸ਼ੁਜਾਹ ਨੂੰ ਵੀ ਜੋਸ਼ ਆਇਆ ਤੇ ਉਹ ਲੁਧਿਆਣੇ ਤੋਂ ਚਲ ਕੇ ਪਿਸ਼ਾਵਰ ਜਾ ਪਹੁੰਚਿਆ। ਪਰ ਜਦੋਂ ਬਾਰਕਜ਼ਈਆਂ ਨੇ ਉਸ ਦੀ ਦਾਲ ਨਾ ਗਲਣ ਦਿੱਤੀ ਤਾਂ ਉਹ ਡੇਰਾ ਗ਼ਾਜ਼ੀ ਖ਼ਾਂ ਆ ਗਿਆ ਤੇ ਇਥੋਂ ਉਸ ਨੂੰ ਸਹਾਇਤਾ ਮਿਲ ਗਈ।[3]

---

[1] "ਦੀ ਪਠਾਨਜ਼", ਔਲਫ਼ ਕੈਰੋ, ਪੰਨਾ 144

[2] "ਮਹਾਰਾਜਾ ਰਣਜੀਤ ਸਿੰਘ", ਸੀਤਾ ਰਾਮ ਕੋਹਲੀ, ਪੰਨਾ 138

[3] ਉਕਤ ਲਿਖਤ, ਪੰਨਾ 159

ਮੁਲਤਾਨ ਤੇ ਕਸ਼ਮੀਰ ਦੀਆਂ ਵੱਡੀਆਂ ਮੁਸਲਮਾਨੀ ਰਿਆਸਤਾਂ ਨੂੰ ਜਿੱਤਣ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਡੇਰਾਜਾਤ ਵੱਲ ਧਿਆਨ ਦਿੱਤਾ। ਡੇਰਾ ਗ਼ਾਜ਼ੀ ਖ਼ਾਂ ਦਾ ਨਵਾਬ ਜ਼ਮਾਨ ਸ਼ਾਹ ਕਾਬਲ ਸਰਕਾਰ ਦੀ ਹਕੂਮਤ ਮੰਨਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਹ ਇਲਾਕਾ ਜਿੱਤ ਕੇ ਤਿੰਨ ਲੱਖ ਦੇ ਬਦਲੇ ਨਵਾਬ ਬਹਾਵਲਪੁਰ ਨੂੰ ਦੇ ਦਿੱਤਾ।[1] ਭਾਵੇਂ ਡੇਰਾ ਗਾਜ਼ੀਖ਼ਾਂ ਦੇ ਇਲਾਕੇ ਉੱਤੇ ਮਹਾਰਾਜੇ ਦਾ ਦਾਬਾ ਬੈਠ ਸੀ, ਪਰ ਡੇਰਾ ਗਾਜ਼ੀਖ਼ਾਂ ਦੇ ਉੱਤਰੀ ਹਿੱਸੇ ਵਿਚ ਸੰਗੜ (ਇਹ ਅੰਗਰੇਜ਼ੀ ਸਮੇਂ ਵਿਚ ਜ਼ਿਲ੍ਹਾ ਡੇਰਾ ਗ਼ਾਜ਼ੀ ਖ਼ਾਂ ਦੀ ਇਕ ਤਹਿਸੀਲ ਸੀ), ਦਾ ਨਵਾਬ ਅਸਦ ਖ਼ਾਂ ਸਿੱਖਰਾਜ ਦਾ ਸਿੱਕਾ ਪੂਰੀ ਤਰ੍ਹਾਂ ਨਹੀਂ ਮੰਨਦਾ ਸੀ। 1823 ਈਸਵੀ ਵਿਚ ਮਹਾਰਾਜਾ ਆਪ ਇਸ ਇਲਾਕੇ ਵਿਚ ਆਏ ਤੇ ਉਨ੍ਹਾਂ ਨੇ ਅਸਦ ਖ਼ਾਂ ਕੋਲੋਂ ਤਿੰਨ ਲੱਖ ਰੁਪਿਆ ਕਰ ਵਸੂਲ ਕੀਤਾ। ਇਸ ਤੋਂ ਛੁਟ ਅਸਦ ਖ਼ਾਂ ਨੇ ਆਪਣੇ ਪੁੱਤਰ ਨੂੰ ਜ਼ਮਾਨਤ ਦੇ ਤੌਰ ਤੇ ਮਹਾਰਾਜੇ ਦੇ ਨਾਲ ਭੇਜ ਦਿੱਤਾ।[2]

ਪਰ ਜਾਪਦਾ ਹੈ ਕਿ ਨਵਾਬ ਅਸਦ ਖ਼ਾਂ ਨੇਮ ਨਾਲ ਨਜ਼ਰਾਨਾ ਭੇਜਣ ਵਿਚ ਘੌਲ ਕਰਦਾ ਰਿਹਾ, ਜਿਸ ਕਰਕੇ 1828 ਈਸਵੀ ਵਿਚ ਮਹਾਰਾਜਾ ਨੇ ਸਰਦਾਰ ਅਤਰ ਸਿੰਘ ਨੂੰ ਨਜ਼ਰਾਨਾ ਵਸੂਲ ਕਰਨ ਲਈ ਭੇਜਿਆ। ਫਿਰ 23 ਅਪ੍ਰੈਲ 1831 ਨੂੰ ਜਨਰਲ ਵੈਂਤੂਰਾ ਨੂੰ ਕਿਹਾ ਗਿਆ ਕਿ ਉਹ ਅਸਦ ਖ਼ਾਂ ਕੋਲੋਂ ਨਜ਼ਰਾਨਾ ਵਸੂਲ ਕਰੇ। ਇਸ ਤੋਂ ਛੇਤੀ ਹੀ ਪਿੱਛੋਂ ਅਸਦ ਖ਼ਾਂ ਨੇ ਖੁਲ੍ਹਮਖੁਲ੍ਹਾ ਸਿਖ-ਰਾਜ ਦੇ ਵਿਰੁੱਧ ਬਗਾਵਤ ਕਰ ਦਿੱਤੀ। ਅਸਦ ਖ਼ਾਂ ਦੀ ਇਹ ਬਗ਼ਾਵਤ ਕਿਸੇ ਵੇਲੇ ਵੀ ਸੰਗੀਰ ਰੂਪ ਧਾਰਨ ਕਰ ਸਕਦੀ ਸੀ, ਕਿਉਂਕਿ ਸਰਹੱਦੀ ਇਲਾਕਾ ਹਾਲੀ ਪੂਰੀ ਤਰ੍ਹਾਂ ਸਿਖ-ਰਾਜ ਵਿਚ ਸ਼ਾਮਲ ਨਹੀਂ ਹੋਇਆ ਸੀ। ਇਸ ਲਈ ਪਹਿਲਾਂ ਕੰਵਰ ਖੜਕ ਸਿੰਘ ਤੇ ਜਨਰਲ ਵੈਂਤੂਰਾ ਨੂੰ ਨਵਾਬ ਅਸਦ ਖ਼ਾਂ ਦੀ ਬਗ਼ਾਵਤ ਦਬਾਉਣ ਲਈ ਭੇਜਿਆ ਗਿਆ ਤੇ ਫਿਰ 12 ਫ਼ਰਵਰੀ 1832 ਨੂੰ ਇਕ ਤਾਕੀਦੀ ਹੁਕਮ ਜਾਰੀ ਕੀਤਾ ਗਿਆ ਜਿਸ ਵਿਚ ਲਿਖਿਆ ਸੀ ਕਿ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਦੀਵਾਨ ਕਿਰਪਾ ਰਾਮ ਤੇ ਵੈਂਤੂਰਾ ਆਪਸ ਵਿਚ ਸਲਾਹ ਮਸ਼ਵਰਾ ਕਰ ਕੇ ਪਿਛਲਾ ਤੇ ਮੌਜੂਦਾ ਨਜ਼ਰਾਨਾ ਵਸੂਲ ਕਰਨ[3] ਤੇ ਅਸਦ ਖ਼ਾਂ ਨੂੰ ਲਾਹੌਰ ਭੇਜਣ।'' ਕੰਵਰ ਖੜਕ ਸਿੰਘ, ਵੈਂਤੂਰਾ ਤੇ ਸਰਦਾਰ ਸ਼ਾਮ ਸਿੰਘ ਨੇ ਸੰਗੜ ਦੇ ਦੁਆਲੇ ਘੇਰਾ ਘੱਤ ਲਿਆ ਤੇ ਨਵਾਬ ਨੂੰ ਗਰਿਫ਼ਤਾਰ ਕਰ ਕੇ ਲਾਹੌਰ ਦਰਬਾਰ ਵਿਚ ਹਾਜ਼ਰ ਕਰ ਦਿੱਤਾ। ਵੈਂਤੂਰਾ ਨੂੰ ਸੰਗੜ ਦੇ ਇਲਾਕੇ ਦਾ ਪ੍ਰਬੰਧਕ ਥਾਪਿਆ ਗਿਆ। ਮਹਾਰਾਜੇ ਨੇ ਹੁਕਮ ਜਾਰੀ ਕੀਤਾ ਕਿ ਵੈਂਤੂਰਾ ਇਲਾਕੇ ਦਾ ਨਜ਼ਰਾਨਾ

[1]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 159

[2]"ਮਹਾਰਾਜਾ ਰਣਜੀਤ ਸਿੰਘ", ਸੀਤਾ ਰਾਮ ਕੋਹਲੀ, ਪੰਨਾ 174

[3]"ਉਮਦਾਤ-ਉਤ-ਤਵਾਰੀਖ਼", ਦਫ਼ਤਰ ਤੀਜਾ, ਅੰਗਰੇਜ਼ੀ ਉਲਥਾ, ਸੂਰੀ, ਪੰਨਾ 24, 123, 134

ਸਰਦਾਰ ਸ਼ਾਮ ਸਿੰਘ ਦੇ ਹੱਥ ਭੇਜ ਦੇਵੇ। ਇਸ ਤਰ੍ਹਾਂ ਸਰਦਾਰ ਸ਼ਾਮ ਸਿੰਘ ਸੰਗੜ ਨੂੰ ਜਿੱਤ ਕੇ ਅਤੇ ਨਜ਼ਰਾਨਾ ਵਸੂਲ ਕਰ ਕੇ ਲਾਹੌਰ ਵਾਪਸ ਆ ਗਿਆ।[1]

ਜਨਰਲ ਵੈਂਤੂਰਾ ਤੇ ਕੰਵਰ ਖੜਕ ਸਿੰਘ ਦੇ ਹੁੰਦਿਆਂ ਮਹਾਰਾਜੇ ਦਾ ਸਰਦਾਰ ਸ਼ਾਮ ਸਿੰਘ ਨੂੰ ਸੰਗੜ ਭੇਜਣਾ ਇਸ ਗੱਲ ਦਾ ਸੂਚਕ ਹੈ ਕਿ ਮਹਾਰਾਜੇ ਨੂੰ ਉਸ ਦੀ ਸੈਨਿਕ ਯੋਗਤਾ ਉਤੇ ਪੂਰਾ ਪੂਰਾ ਵਿਸ਼ਵਾਸ਼ ਸੀ ਅਤੇ ਅਟਾਰੀਵਾਲੇ ਸਰਦਾਰ ਨੂੰ ਨਜ਼ਰਾਨਾ ਲਿਆਉਣ ਲਈ ਨਿਯੁਕਤ ਕਰਨਾ ਸਾਬਤ ਕਰਦਾ ਹੈ ਕਿ ਮਹਾਰਾਜੇ ਨੂੰ ਉਸ ਦੀ ਈਮਾਨਦਾਰੀ ਅਤੇ ਉੱਚ ਆਚਰਨ ਤੇ ਭਰੋਸਾ ਸੀ।

ਜਿਥੇ ਸੰਗੜ ਦੀ ਮੁਹਿੰਮ ਸ਼ਾਮ ਸਿੰਘ ਦੀ ਦਿਆਨਤਦਾਰੀ ਦਾ ਸਬੂਤ ਦੇਂਦੀ ਹੈ, ਉੱਥੇ ਉਸ ਤੋਂ ਅਗਲੀ, ਅਰਥਾਤ ਬੰਨੂੰ ਦੀ, ਮੁਹਿੰਮ ਉਸ ਦੀ ਸੈਨਿਕ-ਸ਼ਕਤੀ ਨੂੰ ਪ੍ਰਗਟ ਕਰਦੀ ਹੈ।

## ਬੰਨੂੰ ਦੀ ਜਿਤ (1834)

ਬੰਨੂੰ ਟੋਚੀ ਦੱਰੇ ਦੇ ਉੱਤੇ ਇਕ ਮਹੱਤਤਾ ਵਾਲਾ ਇਲਾਕਾ ਸੀ ਜਿਸ ਨੂੰ ਅੰਗਰੇਜ਼ੀ ਰਾਜ ਦੇ ਸਮੇਂ ਬੰਨੂੰ ਜ਼ਿਲ੍ਹੇ ਦਾ ਨਾਂ ਦਿੱਤਾ ਗਿਆ। ਇਹ ਉਨ੍ਹਾਂ ਪੰਜਾਂ ਜ਼ਿਲ੍ਹਿਆਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਇਕੱਠਾ ਕਰ ਕੇ 1901 ਈਸਵੀ ਵਿਚ ਉੱਤਰ ਪੱਛਮੀ ਸਰਹੱਦੀ ਸੂਬਾ ਬਣਾਇਆ ਗਿਆ। ਇਸ ਜ਼ਿਲ੍ਹੇ ਦੀਆਂ ਦੋ ਤਹਿਸੀਲਾਂ ਸਨ ਬੰਨੂੰ ਤੇ ਮਰਵਤ। ਮਰਵਤ ਬੰਨੂੰ ਦੇ ਦੱਖਣ ਵੱਲ ਸੀ। ਸਾਰੇ ਜ਼ਿਲ੍ਹੇ ਵਿਚ ਦੋਹੀ ਵੱਡੀਆਂ ਕੌਮਾਂ ਰਹਿੰਦੀਆਂ ਸਨ – ਮਰਵਤ ਤੇ ਬਨੂਚੀ। ਮਰੱਵਤ ਦੱਖਣ ਵਿਚ ਸਨ, ਤੇ ਬਨੂਚੀ ਉੱਤਰ ਵਿਚ। ਮਰਵਤਾਂ ਦੇ ਇਲਾਕੇ ਨੂੰ ਮਨਕੇਰੇ ਦੇ ਨਵਾਬ ਨੇ 1818 ਈ: ਵਿਚ ਜਿਤ ਲਿਆ ਸੀ ਅਤੇ ਅਖੀਰ ਤੇ ਜਦੋਂ ਨਵਾਬ ਨੇ ਸਿਖ-ਰਾਜ ਦੀ ਅਧੀਨਤਾ ਮੰਨ ਲਈ ਤਾਂ ਇਹ ਸਾਰਾ ਇਲਾਕਾ ਲਾਹੌਰ ਦਰਬਾਰ ਦੇ ਅਧੀਨ ਹੋ ਗਿਆ। ਪਰ ਬੰਨੂੰ ਦੇ ਇਲਾਕੇ ਨੂੰ ਸਰ ਕਰਨ ਲਈ ਬੜੀ ਘਾਲ ਘਾਲਣੀ ਪਈ, ਕਿਉਂਕਿ ਬਨੂਚੀਆਂ ਨੇ ਉਨ੍ਹਾਂ ਦਾ ਡੱਟ ਕੇ ਟਾਕਰਾ ਕੀਤਾ।[2]

ਬਨੂਚੀਆਂ ਦੀ ਚੋਖੀ ਵੱਸੋਂ ਕੁਰਮ ਤੇ ਟੋਚੀ ਦਰਿਆਵਾਂ ਦੇ ਵਿਚਕਾਰ ਵਸਦੀ ਸੀ ਤੇ ਜਾਂ ਕੁਰਮ ਦਰਿਆ ਦੇ ਉੱਤਰ ਵੱਲ। ਉੱਥੇ ਉਨ੍ਹਾਂ ਦੇ ਚਾਰ ਸੌ ਪਿੰਡ ਸਨ, ਜੋ ਇਕ ਦੂਜੇ ਦੇ ਨਾਲ ਨਾਲ ਆਬਾਦ ਸਨ। ਹਰੇਕ ਪਿੰਡ ਦੇ ਦੁਆਲੇ ਇਕ ਕੱਚਾ ਕਿਲ੍ਹਾ ਸੀ, ਜਿਸ ਦੇ ਕਈ ਮੁਨਾਰੇ ਸਨ। ਉਨ੍ਹਾਂ ਵਿਚ ਬੈਠ ਕੇ ਬਨੂਚੀ ਲੜਦੇ ਸਨ। ਇਹ ਲੋਕ ਰਾਤ ਨੂੰ ਹੱਲੇ ਬੋਲ ਕੇ ਵੈਰੀ ਨੂੰ ਮਾਰ ਦੇਣ ਵਿਚ ਬੜੇ ਹੁਸ਼ਿਆਰ ਸਨ।

[1] ਉਕਤ, ਪੰਨਾ 157
[2] "ਬੰਨੂੰ ਗਜ਼ਟੀਅਰ, 1907"—ਪੰਨਾ 30

ਇਨ੍ਹਾਂ ਦੇ ਨਾਲ ਪੱਛਮ ਵਾਲੇ ਪਾਸੇ ਲਗਦਾ ਇਲਾਕਾ ਵਜ਼ੀਰਿਸਤਾਨ ਸੀ ਜਿੱਥੋਂ ਦੇ ਲੋਕਾਂ ਨਾਲ ਇਹ ਸਦਾ ਲੜਦੇ ਰਹਿੰਦੇ ਸਨ। ਪਰ ਜਦੋਂ ਸਿੱਖ ਫ਼ੌਜਾਂ ਇਨ੍ਹਾਂ ਦੇ ਇਲਾਕੇ ਦਾ ਘੇਰਾ ਪਾਉਂਦੀਆਂ ਤਾਂ ਇਹ ਵਜ਼ੀਰਿਸਤਾਨ ਦੇ ਲੋਕਾਂ ਨਾਲ ਇਕ ਮਿਕ ਹੋ ਜਾਂਦੇ ਤੇ ਦੋਵੇਂ ਰੱਲ ਕੇ ਟਾਕਰਾ ਕਰਦੇ ਸਨ।[1]

1834 ਈਸਵੀ ਵਿਚ ਦਾਊਦ ਸ਼ਾਹ ਤਪੇ ਦੇ ਮੁਖੀ ਦਿਲਾਸਾ ਖ਼ਾਂ ਨੇ ਬਗ਼ਾਵਤ ਕਰ ਦਿੱਤੀ। ਇਹ ਇਲਾਕਾ ਉਸ ਵੇਲੇ ਦੀਵਾਨ ਤਾਰਾ ਚੰਦ ਦੇ ਅਧੀਨ ਸੀ, ਇਸ ਲਈ ਦੀਵਾਨ ਤਾਰਾ ਚੰਦ ਨੇ ਦਿਲਾਸਾ ਖ਼ਾਂ ਦੀ ਗੜ੍ਹੀ ਦੇ ਦੁਆਲੇ ਘੇਰਾ ਪਾ ਲਿਆ। ਮੁਹੰਮਦ ਲਤੀਫ਼ ਦੇ ਕਥਨ ਅਨੁਸਾਰ ਗੜ੍ਹੀ ਵਿਚ 2000 ਸੈਨਿਕ ਸਨ। ਸਿਖ ਫ਼ੌਜਾਂ ਕੋਈ 8000 (ਅੱਠ ਹਜ਼ਾਰ) ਦੇ ਲੱਗ ਪੱਗ ਸਨ। ਗੜ੍ਹੀ ਵਿਚ ਘਿਰੇ ਹੋਇਆਂ ਨੇ ਅਚਣਚੇਤ ਹੀ ਸਿੱਖ ਫ਼ੌਜਾਂ ਤੇ ਹੱਲਾ ਬੋਲ ਦਿੱਤਾ, ਦੋ ਸੌ ਤੋਂ ਵਧ ਸੈਨਿਕ ਮਾਰ ਦਿੱਤੇ[2] ਤੇ ਕਈਆਂ ਨੂੰ ਜ਼ਖ਼ਮੀ ਕੀਤਾ। ਇਸੇ ਲੜਾਈ ਵਿਚ ਸਰਦਾਰ ਜੈ ਸਿੰਘ ਅਟਾਰੀਵਾਲਾ, ਜੋ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦਾ ਦੂਰੋਂ ਭਰਾ ਲਗਦਾ ਸੀ, ਮਾਰਿਆ ਗਿਆ।[3]

ਉਮਦਾਤੁ-ਤਵਾਰੀਖ਼ ਦੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਸਰਦਾਰ ਸ਼ਾਮ ਸਿੰਘ ਨੇ ਇਸ ਲੜਾਈ ਵਿਚ ਬੜੀ ਦ੍ਰਿੜ੍ਹਤਾ ਤੇ ਬਹਾਦਰੀ ਵਿਖਾਈ, ਪਰ ਇਹ ਨਿਸਚਿਤ ਨਹੀਂ ਹੁੰਦਾ ਕਿ ਸਰਦਾਰ ਸ਼ਾਮ ਸਿੰਘ ਇਸ ਲੜਾਈ ਵਿਚ ਸ਼ੁਰੂ ਤੋਂ ਹੀ ਦੀਵਾਨ ਤਾਰਾ ਚੰਦ ਨਾਲ ਸ਼ਾਮਲ ਸੀ ਜਾਂ ਦਿਲਾਸਾ ਖ਼ਾਂ ਵੱਲੋਂ ਕੀਤੇ ਨੁਕਸਾਨ ਦੀ ਖ਼ਬਰ ਸੁਣ ਕੇ ਮਹਾਰਾਜੇ ਨੇ ਸਰਦਾਰ ਸ਼ਾਮ ਸਿੰਘ ਨੂੰ ਬੰਨੂੰ ਭੇਜਿਆ। ਸਰਦਾਰ ਜਗਤ ਸਿੰਘ ਅਟਾਰੀਵਾਲਾ, ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਫ਼ੌਜ ਵਿਚ ਸੀ, ਤਾਂ ਨਿਸਚੇ ਹੀ ਸਰਦਾਰ ਸ਼ਾਮ ਸਿੰਘ ਪਹਿਲਾਂ ਤੋਂ ਹੀ ਦੀਵਾਨ ਤਾਰਾ ਚੰਦ ਨਾਲ ਸੀ। ਕੁਝ ਵੀ ਹੋਵੇ, ਇਹ ਗੱਲ ਸਪਸ਼ਟ ਹੈ ਕਿ ਦੀਵਾਨ ਤਾਰਾ ਚੰਦ ਨੇ ਕਾਹਲ ਕਰ ਕੇ ਨੁਕਸਾਨ ਕਰਵਾਇਆ। ਜਿਸ ਵੇਲੇ ਮਹਾਰਾਜੇ ਨੂੰ ਇਸ ਨੁਕਸਾਨ ਦਾ ਪਤਾ ਲੱਗਾ ਤਾਂ ਉਸ ਨੇ ਦੀਵਾਨ ਤਾਰਾ ਚੰਦ ਨੂੰ ਇਨ੍ਹਾਂ ਸ਼ਬਦਾਂ ਵਿਚ ਝਾੜ ਪਾਈ :

> 'ਕਾਹਲ ਤੇ ਜਲਦਬਾਜ਼ੀ ਠੀਕ ਨਹੀਂ', ਦ੍ਰਿੜ੍ਹਤਾ ਤੇ ਦਲੇਰੀ ਨਾਲ ਕੰਮ ਕਰਨਾ ਚਾਹੀਦਾ ਹੈ। ਇਥੇ ਸਭ ਪਾਸਿਆਂ ਤੋਂ ਇਕੋ ਵਾਰੀ ਹੱਲਾ ਕਰਨਾ ਠੀਕ ਨਹੀਂ ਸੀ, ਸਗੋਂ ਇਕੋ ਪਾਸੇ ਲੜਾਈ ਲੜਨਾ ਯੋਗ ਸੀ।'[4]

ਕੈਪਟਨ ਵੇਡ ਨੂੰ ਇਸ ਨੁਕਸਾਨ ਦਾ ਕਾਰਨ ਦਸਦਿਆਂ ਹੋਇਆਂ ਮਹਾਰਾਜਾ

---

[1] "ਬੰਨੂੰ ਗਜ਼ੀਟਰ", ਪੰਨਾ 31

[2] ਲਤੀਫ਼ ਮਾਰੇ ਗਏ ਸਿਖ ਸੈਨਿਕਾਂ ਦੀ ਗਿਣਤੀ 300 ਤੇ ਜ਼ਖ਼ਮੀਆਂ ਦੀ ਗਿਣਤੀ 500 ਦਸਦਾ ਹੈ ਪਰ ਬੰਨੂੰ ਗਜ਼ਟੀਅਰ ਵਿਚ ਇਨ੍ਹਾਂ ਦੀ ਗਿਣਤੀ 200 ਤੋਂ ਕੁਝ ਵਧ ਲਿਖੀ ਹੈ। ਕਨਿੰਘਮ ਨੇ ਵੀ 300 ਆਦਮੀ ਮਰੇ ਲਿਖਿਆ ਹੈ।

[3] "ਉਮਦਾਤੁ-ਤਵਾਰੀਖ਼", ਹਿੱਸਾ ਤੀਜਾ, ਅੰਗਰੇਜ਼ੀ ਉਲਥਾ, ਹਿਸਾ ਤੀਜਾ, ਪੰਨਾ 197-98

[4] ਉਕਤ ਲਿਖਤ—ਪੰਨਾ 197

ਨੇ ਕਿਹਾ ਕਿ ਉਸ ਦੇ ਅਫ਼ਸਰਾਂ ਨੇ ਕਾਹਲ ਕੀਤੀ ਹੈ ਤੇ ਕਿਲ੍ਹੇ ਦੀ ਦੀਵਾਰ ਵਿਚ ਸ਼ਗਾਫ਼ ਹੋਣ ਨੂੰ ਨਾ ਉਡੀਕਿਆ ਜਿਸ ਕਰ ਕੇ ਕਾਫ਼ੀ ਨੁਕਸਾਨ ਹੋਇਆ।

ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਇਸ ਲੜਾਈ ਵਿਚ ਬਹੁਤ ਦਲੇਰੀ ਤੇ ਯੋਗਤਾ ਵਿਖਾਈ ਜਾਪਦੀ ਹੈ। ਭਾਵੇਂ ਇਸ ਲੜਾਈ ਦਾ ਵਿਸਥਾਰ ਨਹੀਂ ਮਿਲਦਾ ਪਰ ਉਮਦਾਤੁ-ਤਵਾਰੀਖ਼ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਸਰਦਾਰ ਸ਼ਾਮ ਸਿੰਘ ਦੀ ਸੈਨਿਕ ਸਿਆਣਪ ਨੇ ਇਸ ਲੜਾਈ ਵਿਚ ਬਹੁਤ ਨਾਮਣਾ ਖੱਟਿਆ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਸ਼ਬਦਾਂ ਵਿਚ ਸਰਦਾਰ ਸ਼ਾਮ ਸਿੰਘ ਦੀ ਪ੍ਰਸੰਸਾ ਕੀਤੀ:—

"ਦੀਵਾਨ ਤਾਰਾ ਚੰਦ ਨੂੰ ਕੋਈ ਤਜਰਬਾ ਨਹੀਂ ਸੀ, ਪਰ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਰਣਭੂਮੀ ਵਿਚ ਦ੍ਰਿੜ੍ਹਤਾ ਤੇ ਦਲੇਰੀ ਅਵਸ਼ਕ ਤੌਰ ਤੇ ਇਕ ਪ੍ਰਸੰਸਾ ਯੋਗ ਕਰਤੱਵ ਸੀ।[1]

ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਨੇ ਵੈਰੀ ਦਾ ਡੱਟ ਕੇ ਟਾਕਰਾ ਕੀਤਾ ਤੇ ਵਧਦੇ ਵੈਰੀ ਨੂੰ ਪਿੱਛੇ ਮੋੜ ਦਿੱਤਾ। ਭਾਵੇਂ ਇਸ ਲੜਾਈ ਵਿਚ ਉਸ ਦਾ ਘੋੜਾ ਮਾਰਿਆ ਗਿਆ[2] ਪਰ ਉਹ ਸੂਰਮਿਆਂ ਵਾਂਗ ਦ੍ਰਿੜ੍ਹਤਾ ਤੇ ਦਲੇਰੀ ਨਾਲ ਲੜਦਾ ਰਿਹਾ ਤੇ ਉਸ ਨੇ ਉਸ ਵੇਲੇ ਸਾਹ ਲਿਆ ਜਦੋਂ ਵੈਰੀ ਤੇ ਪੂਰਨ ਜਿੱਤ ਪ੍ਰਾਪਤ ਹੋ ਗਈ।

ਬੰਨੂ ਦੀ ਜਿੱਤ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਿਲ ਉੱਤੇ ਸਰਦਾਰ ਸ਼ਾਮ ਸਿੰਘ ਦੀ ਬੀਰਤਾ ਤੇ ਸੂਰਮਗਤੀ ਦਾ ਸਿੱਕਾ ਬਿਠਾ ਦਿੱਤਾ।

## ਪਿਸ਼ਾਵਰ ਨੂੰ ਸਿਖ-ਰਾਜ ਨਾਲ ਮਿਲਾਉਣਾ (1834)

ਅਹਿਮਦ ਸ਼ਾਹ ਦੁਰਾਨੀ ਦੀ ਸੰਤਾਨ ਵਿਚੋਂ ਸ਼ਾਹ ਸ਼ੁਜਾਹ ਨੂੰ ਫ਼ਤਿਹ ਖ਼ਾਂ ਬਾਰਕਜ਼ਈ ਨੇ 1809 ਈਸਵੀ ਵਿਚ ਨੀਲਮਾ ਦੇ ਅਸਥਾਨ ਤੇ ਹਾਰ ਦਿੱਤੀ ਤੇ ਉਸ ਨੂੰ ਅਫ਼ਗਾਨਿਸਤਾਨ ਵਿਚੋਂ ਨੱਸਾ ਦਿੱਤਾ। ਸ਼ਾਹ ਸ਼ੁਜਾਹ ਭਜ ਕੇ ਲਾਹੌਰ ਆ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੀ ਬਹੁਤ ਆਉ ਭਗਤ ਕੀਤੀ, ਕਿਉਂਕਿ ਪੰਜਾਬ ਦੀਆਂ ਮੁਸਲਮਾਨੀ ਰਿਆਸਤਾਂ ਮੁਲਤਾਨ, ਕਸ਼ਮੀਰ ਤੇ ਸਿੰਧ ਤੋਂ ਪਰਲੇ ਇਲਾਕੇ, ਜਿਨ੍ਹਾਂ ਨੂੰ ਮਹਾਰਾਜਾ ਜਿੱਤਣਾ ਚਾਹੁੰਦਾ ਸੀ, ਸ਼ਾਹ ਸ਼ੁਜਾਹ ਨੂੰ ਬਾਦਸ਼ਾਹ ਮੰਨਦੀਆਂ ਸਨ। ਕੁਝ ਸਮਾਂ ਲਾਹੌਰ ਰਹਿ ਕੇ ਸ਼ਾਹ ਸ਼ੁਜਾਹ ਲੁਧਿਆਣੇ ਚਲਿਆ ਗਿਆ। 1833 ਵਿਚ ਉਸ ਨੇ ਮਹਾਰਾਜੇ ਨਾਲ ਇਕ ਸੰਧੀ ਕੀਤੀ, ਜੋ 1838 ਦੀ

[2]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 200

[3]"ਉਮਦਾਤੁ-ਤਵਾਰੀਖ਼", ਪੰਨਾ 197-98

ਤ੍ਰੈ-ਪੱਖੀ ਸੰਧੀ ਦਾ ਮੁਖ ਆਧਾਰ ਬਣੀ। ਸ਼ਾਹ ਸੁਜਾਹ ਕਾਬਲ ਦਾ ਬਾਦਸ਼ਾਹ ਬਣਨਾ ਚਾਹੁੰਦਾ ਸੀ ਤੇ ਮਹਾਰਾਜਾ ਨੇ ਸਹਾਇਤਾ ਦਾ ਇਕਰਾਰ ਕੀਤਾ। 1832 ਵਿਚ ਈਰਾਨੀਆਂ ਦੇ ਹਿਰਾਤ ਵੱਲ ਵਧਣ ਕਰਕੇ ਸਿੰਧ ਦੇ ਅਮੀਰਾਂ ਨੇ ਸ਼ਾਹ ਸੁਜਾਹ ਨੂੰ ਬਾਦਸ਼ਾਹ ਮੰਨ ਲਿਆ। ਇਸ ਨਾਲ ਉਸ ਦੇ ਦਿਲ ਵਿਚ ਕਾਬਲ ਦਾ ਬਾਦਸ਼ਾਹ ਬਣਨ ਦਾ ਉਤਸ਼ਾਹ ਜਾਗ ਉੱਠਿਆ। ਉਸ ਨੇ ਕੁਝ ਫ਼ੌਜ ਭਰਤੀ ਕੀਤੀ ਤੇ ਦੱਰਾ ਬੂਲਾਨ ਦੇ ਰਸਤੇ ਕਾਬਲ ਪੁੱਜ ਗਿਆ। ਜੁਲਾਈ 1834 ਵਿਚ ਸ਼ਾਹ ਸੁਜਾਹ ਨੂੰ ਦੋਸਤ ਮੁਹੰਮਦ ਬਾਰਕਜ਼ਈ ਕੋਲੋਂ ਹਾਰ ਹੋਈ ਤੇ ਉਸ ਨੂੰ ਵਾਪਸ ਲੁਧਿਆਣੇ ਮੁੜਨਾ ਪਿਆ।[1]

ਮਹਾਰਾਜਾ ਰਣਜੀਤ ਸਿੰਘ ਨੇ ਇਸ ਰਾਜ ਰੌਲੇ ਤੋਂ ਬਹੁਤ ਲਾਭ ਉਠਾਇਆ। ਕਿਉਂਕਿ ਸ਼ਾਹ ਸੁਜਾਹ ਨੂੰ ਹਾਰ ਦੇਣ ਤੋਂ ਪਿੱਛੋਂ ਦੋਸਤ ਮੁਹੰਮਦ ਨੇ ਪਿਸ਼ਾਵਰ ਜਿੱਤਣ ਦਾ ਉਪਰਾਲਾ ਕਰਨਾ ਸੀ, ਇਸ ਲਈ ਮਹਾਰਾਜੇ ਨੇ ਪਿਸ਼ਾਵਰ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਲਈ ਕੰਵਰ ਨੌਨਿਹਾਲ ਸਿੰਘ ਤੇ ਹਰੀ ਸਿੰਘ ਨਲਵੇ ਦੀ ਸਰਦਾਰੀ ਹੇਠ ਇਕ ਤਗੜੀ ਫ਼ੌਜ ਪਿਸ਼ਾਵਰ ਵਲ ਭੇਜ ਦਿੱਤੀ। ਇਸ ਸਮੇਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਵੀ ਕੰਵਰ ਨੌਨਿਹਾਲ ਸਿੰਘ ਦੀ ਫ਼ੌਜ ਵਿਚ ਸ਼ਾਮਲ ਸੀ।

ਬਾਰਕਜ਼ਈ ਸਰਦਾਰ ਵੀ ਮਹਾਰਾਜੇ ਦੀ ਤਿਆਰੀ ਤੋਂ ਅਣਜਾਣ ਨਹੀਂ ਸਨ। ਉਨ੍ਹਾਂ ਨੇ ਜਹਾਦੀਆਂ ਨੂੰ ਪਿਸ਼ਾਵਰ ਤੇ ਚਮਕਨੀ ਦੇ ਵਿਚਾਲੇ ਇਕੱਠਾ ਕਰ ਲਿਆ। ਹਾਜੀ ਖ਼ਾਂ ਤੇ ਉਸ ਦਾ ਭਰਾ ਖ਼ਾਨ ਮੁਹੰਮਦ ਬਹੁਤ ਬੀਰਤਾ ਨਾਲ ਲੜੇ, ਪਰ ਖ਼ਾਲਸੇ ਦੀਆਂ ਫ਼ੌਜਾਂ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। 6 ਮਈ 1834 ਨੂੰ ਬਾਰਕਜ਼ਈ ਪਿਸ਼ਾਵਰ ਨੂੰ ਖ਼ਾਲੀ ਕਰ ਗਏ ਅਤੇ ਪਿਸ਼ਾਵਰ ਤੇ ਬਾਲਾ-ਹਿਸਾਰ ਉੱਤੇ ਖ਼ਾਲਸੇ ਦਾ ਕਬਜ਼ਾ ਹੋ ਗਿਆ।[2]

16 ਸਤੰਬਰ 1834 ਨੂੰ ਪਿਸ਼ਾਵਰ ਤੋਂ ਮਹਾਰਾਜੇ ਨੂੰ ਲਾਹੌਰ ਖ਼ਬਰ ਪੁੱਜੀ ਕਿ ਦੋਸਤ ਮੁਹੰਮਦ ਬਾਰਕਜ਼ਈ ਨੇ ਕੰਵਰ ਨੌਨਿਹਾਲ ਸਿੰਘ ਨੂੰ ਚਿੱਠੀ ਲਿਖੀ ਹੈ ਕਿ ਜੇ ਕਰ ਪਿਸ਼ਾਵਰ ਨੂੰ ਉਸ ਦੇ ਦਿੱਤਾ ਜਾਏ ਤਾਂ ਉਹ ਸਦਾ ਮਹਾਰਾਜੇ ਦਾ ਆਗਿਆਕਾਰ ਤੇ ਅਧੀਨ ਰਹੇਗਾ ਤੇ ਅਧੀਨਗੀ ਵਜੋਂ ਲਾਹੌਰ ਤੋਹਫ਼ੇ ਭੇਜਦਾ ਰਹੇਗਾ ਪਰ ਜੇ ਕਰ ਉਸ ਦੀ ਇਹ ਬੇਨਤੀ ਪਰਵਾਨ ਨਾ ਕੀਤੀ ਗਈ, ਤਾਂ ਉਸ ਦੇ ਤਜਰਬਾਕਾਰ ਜਹਾਦੀ ਜੋਸ਼ ਨਾਲ ਲੜਨਗੇ ਤੇ ਪਿਸ਼ਾਵਰ ਉੱਤੇ ਕਬਜ਼ਾ ਕਰ ਲੈਣਗੇ। ਇਸ ਦੇ ਨਾਲ ਇਹ ਵੀ ਲਿਖਿਆ ਸੀ ਕਿ ਕੰਵਰ ਸਾਹਿਬ ਇਸ ਚਿੱਠੀ ਨੂੰ ਮਹਾਰਾਜਾ ਸਾਹਿਬ ਲਈ ਵੰਗਾਰ ਸਮਝਦੇ ਹਨ

[1] "ਦੀ ਪਠਾਨਜ਼", ਔਲਫ਼ ਕੈਰੋ, ਪੰਨਾ 312, "ਸਰ ਵਿਲੀਅਮ ਮੈਕਨਾਟਨਜ਼ ਕਾਰਸਪਾਡੈਂਸ", ਲਜਪਤ ਰਾਏ ਨੀਅਰ, ਪੰਨਾ 4

[2] "ਮਹਾਰਾਜਾ ਰਣਜੀਤ ਸਿੰਘ", ਬਾਬਾ ਪ੍ਰੇਮ ਸਿੰਘ, ਦੱਸਵੀਂ ਐਡੀਸ਼ਨ, ਪੰਨਾ 146

ਤੇ ਕੰਵਰ ਸਾਹਿਬ, ਸਰਦਾਰ ਹਰੀ ਸਿੰਘ ਤੇ ਰਾਜਾ ਸੁਚੇਤ ਸਿੰਘ ਬੜੀ ਸਰਗਰਮੀ ਨਾਲ ਇਸ ਤੇ ਵਿਚਾਰ ਕਰ ਰਹੇ ਹਨ ।[1]

ਕੰਵਰ ਨੌਨਿਹਾਲ ਸਿੰਘ ਦੀ ਇਸ ਚਿੱਠੀ ਤੋਂ ਦੋ ਦਿਨ ਪਿੱਛੋਂ ਭਾਵ 19 ਸਤੰਬਰ ਨੂੰ ਮਹਾਰਾਜੇ ਨੇ ਸਭ ਵੱਡੇ ਵੱਡੇ ਸਰਦਾਰਾਂ ਨੂੰ ਖਿਲਅਤਾਂ ਭੇਜੀਆਂ ਤੇ ਮੁਣਸ਼ੀ ਕਰਮ ਚੰਦ ਨੂੰ, ਜੋ ਇਹ ਖਿਲਅਤਾਂ ਲੈ ਕੇ ਜਾ ਰਿਹਾ ਸੀ, ਤਾਕੀਦ ਕੀਤੀ ਕਿ ਕੰਵਰ ਨੌਨਿਹਾਲ ਸਿੰਘ ਆਪਣੀ ਹੱਥੀਂ ਇਹ ਬਸਤਰ ਸਰਦਾਰਾਂ ਨੂੰ ਦੇਣ। ਹਰ ਇਕ ਸਰਦਾਰ ਲਈ ਕਪੜਿਆਂ ਦੀ ਗਿਣਤੀ ਨਿਸਚਿਤ ਸੀ। ਕੰਵਰ ਨੌਨਿਹਾਲ ਸਿੰਘ ਲਈ 25 ਕਪੜੇ ਸਨ ਤੇ ਬਾਕੀ ਸਰਦਾਰਾਂ ਦੇ ਵੱਧ ਤੋਂ ਵੱਧ ਯਾਰਾਂ ਤੇ ਘਟ ਤੋਂ ਘਟ ਚਾਰ ਸਨ। ਇਨ੍ਹਾਂ ਵਿਚੋਂ 9 ਕਪੜਿਆਂ ਦੀ ਖਿਲਅਤ ਸਰਦਾਰ ਸ਼ਾਮ ਅਟਾਰੀਵਾਲੇ ਵਾਸਤੇ ਸੀ ।[2]

ਮਹਾਰਾਜ ਦਾ ਇਸ ਤਰ੍ਹਾਂ ਖਿਲਅਤਾਂ ਭੇਜਣਾ ਖ਼ਾਲਸਾ ਫ਼ੌਜਾਂ ਦੇ ਆਗੂਆਂ ਦੀ ਪ੍ਰਸੰਸਾ ਤੇ ਪਿਸ਼ਾਵਰ ਜਿੱਤਣ ਦੀ ਵਧਾਈ ਭੇਜਣ ਦੇ ਤੁੱਲ ਸੀ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਹੁਣ ਤਕ ਖ਼ਾਲਸਾ ਫ਼ੌਜਾਂ ਦੇ ਆਗੂ ਠੀਕ ਠੀਕ ਨੀਤੀ ਅਪਣਾ ਰਹੇ ਸਨ ਤੇ ਦੋਸਤ ਮੁਹੰਮਦ ਦੀ ਉਪਰੋਕਤ ਚਿਠੀ ਨੂੰ ਠੀਕ ਸ਼ਬਦਾਂ ਵਿਚ ਸਮਝ ਰਹੇ ਸਨ।

## ਜਮਰੌਦ ਦੀ ਮੁਹਿੰਮ

ਪਿਸ਼ਾਵਰ ਨੂੰ ਜਿੱਤਣ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵੇ ਨੂੰ ਪਿਸ਼ਾਵਰ ਦਾ ਗਵਰਨਰ ਨੀਅਤ ਕੀਤਾ। ਨਲਵੇ ਸਰਦਾਰ ਨੇ ਸਰਹੱਦ ਨੂੰ ਪੱਕਾ ਕਰਨ ਲਈ ਇਥੇ ਕਈ ਕਿਲ੍ਹੇ ਬਣਵਾਏ ਜਿਨ੍ਹਾਂ ਵਿਚੋਂ ਜਮਰੌਦ ਸਭ ਤੋਂ ਪ੍ਰਸਿੱਧ ਕਿਲ੍ਹਾ ਸੀ। ਇਹ ਕਿਲ੍ਹਾ ਕਾਬਲ ਤੋਂ ਪਿਸ਼ਾਵਰ ਵੱਲ ਆਉਂਦੀ ਸੜਕ ਉੱਤੇ ਖ਼ੈਬਰ ਦੇ ਪੂਰਬ ਵੱਲ ਸੀ। ਇਸ ਕਿਲ੍ਹੇ ਦੀ ਰਖਿਆ ਲਈ ਪਿਸ਼ਾਵਰ ਵੱਲੋਂ ਜਾਂਦੀ ਸੜਕ ਉੱਤੇ ਛੋਟਾ ਜਿਹਾ ਕਿਲ੍ਹਾ ਬਣਵਾਇਆ ਜਿਸ ਦਾ ਨਾਂ ਬੁਰਜ ਹਰੀ ਸਿੰਘ ਪ੍ਰਸਿੱਧ ਹੋ ਗਿਆ[3]। ਜਮਰੌਦ ਪਿਸ਼ਾਵਰ ਤੋਂ ਸਾਢੇ ਦੱਸ ਮੀਲ ਪੱਛਮ ਵਲ ਸੀ ਤੇ ਇਹ ਕਿਲ੍ਹਾ ਬਹੁਤ ਮਹੱਤਵ ਵਾਲਾ ਸੀ।

ਪਿਸ਼ਾਵਰ ਉੱਤੇ ਖ਼ਾਲਸੇ ਦਾ ਕਬਜ਼ਾ ਪਠਾਣਾਂ ਦੇ ਮਨੀਂ ਵਿਚ ਬਹੁਤ ਰੜਕਦਾ ਸੀ, ਜਮਰੌਦ ਦਾ ਕਿਲ੍ਹਾ ਪਠਾਣਾਂ ਨੂੰ ਤੇ ਵਿਸ਼ੇਸ਼ ਕਰ ਕੇ ਦੋਸਤ ਮੁਹੰਮਦ ਨੂੰ ਬਹੁਤ

[1] "ਉਮਦਾਤੁ-ਤਵਾਰੀਖ਼", ਦਫ਼ਤਰ ਸੋਮ, ਹਿੱਸਾ ਦੋਮ, ਅੰਗਰੇਜ਼ੀ—ਪੰਨਾ 205

[2] ਉਕਤ, ਪੰਨਾ 205 ਵੀ. ਐਸ. ਸੂਰੀ ਦੇ ਅੰਗਰੇਜ਼ੀ ਉਲਥੇ ਵਿਚ ਸ਼ਾਮ ਸਿੰਘ ਦੀ ਥਾਂ ਸ਼ਮਸ਼ੇਰ ਸਿੰਘ ਨਾਂ ਛਪਿਆ ਹੈ ਜੋ ਛਾਪੇ ਦੀ ਗ਼ਲਤੀ ਹੈ ਕਿਉਂਕਿ ਅਸਲ ਵਿਚ ਦਫ਼ਤਰ ਸੋਮ ਹਿੱਸਾ ਦੋਮ ਦੇ ਪੰਨੇ 216 ਤੇ ਸ਼ਾਮ ਸਿੰਘ ਹੈ।

[3] "ਸਰਦਾਰ ਹਰੀ ਸਿੰਘ ਨਲਵਾ", ਬਾਬਾ ਪ੍ਰੇਮ ਸਿੰਘ, ਪੰਨਾ 242

ਚੁਭਦਾ ਸੀ। ਤੇ ਇਉਂ ਜਾਪਣ ਲੱਗ ਪਿਆ ਸੀ ਕਿ ਸਿੱਖ ਪਿਸ਼ਾਵਰ ਉੱਤੇ ਆਪਣਾ ਕਬਚਾ ਪੱਕਾ ਕਬਜ਼ਾ ਕਰ ਕੇ ਅਫ਼ਗਾਨਿਸਤਾਨ ਤੇ ਹੱਲਾ ਕਰਨ ਵਾਲੇ ਹਨ। ਦੋਸਤ ਮੁਹੰਮਦ ਲਈ ਅਫ਼ਗਾਨਾਂ ਨੂੰ ਭੜਕਾਉਣ ਦਾ ਇਹ ਸਭ ਤੋਂ ਵੱਡਾ ਅਵਸਰ ਸੀ, ਸੋ ਦੋਸਤ ਮੁਹੰਮਦ ਖ਼ਾਂ ਦੇ ਲੜਕੇ ਅਕਬਰ ਖ਼ਾਂ ਨੇ ਜਹਾਦੀਆਂ ਦਾ ਇਕ ਬਹੁਤ ਵੱਡਾ ਲਸ਼ਕਰ ਤਿਆਰ ਕਰ ਕੇ ਅਪ੍ਰੈਲ 1837 ਨੂੰ ਖ਼ੈਬਰ ਤੇ ਹੱਲਾ ਬੋਲ ਦਿੱਤਾ। ਜਮਰੌਦ ਦੇ ਕਿਲ੍ਹੇਦਾਰ ਮਹਾਂ ਸਿੰਘ ਨੇ ਡੱਟ ਕੇ ਟਾਕਰਾ ਕੀਤਾ। ਇਉਂ ਜਾਪਦਾ ਹੈ ਕਿ ਦੋਸਤ ਮੁਹੰਮਦ ਨੂੰ ਪਤਾ ਲੱਗ ਗਿਆ ਸੀ ਕਿ ਪਿਸ਼ਾਵਰ ਦੇ ਇਲਾਕੇ ਵਿੱਚੋਂ ਸਿੱਖ ਫ਼ੌਜਾਂ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਉੱਤੇ ਲਾਹੌਰ ਚਲੀਆਂ ਗਈਆਂ ਹਨ। ਕਿਉਂਕਿ ਇਸ ਵਿਆਹ ਤੇ ਈਸਟ ਇੰਡੀਆ ਕੰਪਨੀ ਦੇ ਕਮਾਂਡਰ-ਇਨਚੀਫ਼ ਸਰ ਹੈਨਰੀ ਫ਼ੇਨ ਆਏ ਸਨ ਤੇ ਮਹਾਰਾਜਾ ਚਾਹੁੰਦਾ ਸੀ ਕਿ ਉਸ ਨੂੰ ਫ਼ੌਜੀ ਕਵਾਇਦ ਵਿਖਾਈ ਜਾਏ।[1] ਇਸ ਲਈ ਉਨ੍ਹਾਂ ਦੇ ਹੌਂਸਲੇ ਵਧੇ ਹੋਏ ਸਨ। ਸਰਦਾਰ ਹਰੀ ਸਿੰਘ ਉਸ ਵੇਲੇ ਪਿਸ਼ਾਵਰ ਵਿਚ ਸੀ। ਉਹ ਜਮਰੌਦ ਦੇ ਹੱਲੇ ਵੇਲੇ ਕੁਮਕ ਲੈ ਕੇ ਪੁੱਜ ਗਿਆ। ਪਠਾਣਾਂ ਵਿਚ ਉਸ ਦੇ ਨਾਂ ਦੀ ਧਾਕ ਬੈਠੀ ਹੋਈ ਸੀ। ਸੋ ਉਸ ਦੇ ਆਉਣ ਨਾਲ ਲੜਾਈ ਦਾ ਪਾਸਾ ਪਲਟ ਗਿਆ ਤੇ ਪਠਾਣ ਨੱਸ ਉੱਠੇ। ਜਦੋਂ ਸਿੱਖ ਫ਼ੌਜਾਂ ਨੱਸੇ ਜਾਂਦੇ ਅਫ਼ਗਾਨਾਂ ਦਾ ਪਿੱਛਾ ਕਰ ਰਹੀਆਂ ਸਨ ਤਾਂ ਇਕ ਖੱਡ ਵਿਚ ਲੁਕੇ ਪਠਾਣ ਨੇ ਸਰਦਾਰ ਹਰੀ ਸਿੰਘ ਨੂੰ ਗੋਲੀ ਮਾਰੀ, ਜਿਸ ਨਾਲ ਉਹ ਜਮਰੌਦ ਦੇ ਕਿਲ੍ਹੇ ਵਿਚ ਪਹੁੰਚ ਕੇ ਸ਼ਹੀਦ ਹੋ ਗਿਆ।[2]

ਜਦੋਂ ਇਸ ਭਿਆਨਕ ਸਾਕੇ ਦੀ ਖ਼ਬਰ ਮਹਾਰਾਜਾ ਨੂੰ ਪਹੁੰਚੀ ਤਾਂ ਉਸ ਨੂੰ ਬਹੁਤ ਦੁਖ ਹੋਇਆ। ਮਹਾਰਾਜੇ ਨੇ ਉਸੇ ਵੇਲੇ ਪਰਵਾਨੇ ਭੇਜ ਕੇ ਖ਼ਾਲਸਾ ਫ਼ੌਜਾਂ ਨੂੰ ਪਿਸ਼ਾਵਰ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। 27 ਅਪ੍ਰੈਲ 1837 ਨੂੰ ਸਰਦਾਰ ਤੇਜਾ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ, ਜੋ ਹੁਣੇ ਹੀ ਆਪਣੀ ਲੜਕੀ ਦੇ ਵਿਆਹ ਤੋਂ ਵਿਹਲਾ ਹੋਇਆ ਸੀ, ਪਿਸ਼ਾਵਰ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਗਿਆ। 28 ਅਪ੍ਰੈਲ ਨੂੰ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਭੇਜਿਆ ਗਿਆ।[3] ਇਸ ਦੇ ਨਾਲ ਹੀ ਮਹਾਰਾਜਾ ਸਾਹਿਬ ਨੇ ਆਪ ਵੀ ਪਿਸ਼ਾਵਰ ਵਲ ਚਾਲੇ ਪਾ ਦਿੱਤੇ। ਸਿੱਖ ਫ਼ੌਜਾਂ ਦੇ ਪਿਸ਼ਾਵਰ ਪੁੱਜਣ ਦੀ ਦੇਰ ਸੀ ਕਿ ਅਫ਼ਗਾਨ ਜਮਰੌਦ ਦੇ ਆਲੇਦੁਆਲੇ ਤੋਂ ਨੱਸ ਉੱਠੇ। 17 ਮਈ ਦੀਚਿੱਠੀ ਵਿਚ ਕੋਰਟ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਸਿਆ ਕਿ ਉਸ ਨੇ ਖ਼ੈਬਰ ਤੋਂ ਅੱਗੇ ਤਕ ਅਫ਼ਗਾਨਾਂ ਦਾ ਪਿੱਛਾ ਕੀਤਾ। ਬਹੁਤ ਸਾਰੇ ਪਠਾਣ ਮਾਰੇ ਗਏ ਤੇ ਕਾਫ਼ੀ ਅਲੀ ਮਜਸਿਦ ਤੋਂ ਅੱਗੇ ਨੱਸ ਗਏ। ਇਨ੍ਹਾਂ ਪਿੱਛਾ

---

[1] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 214-15

[2] "ਉਮਦਾਤੁ-ਤਵਾਰੀਖ਼", ਦਫ਼ਤਰ ਤੀਜਾ, ਅੰਗਰੇਜ਼ੀ, ਪੰਨਾ 351; "ਦੀ ਪੰਜਾਬ ਚੀਫ਼ਸ ਐਂਡ ਫੈਮਲੀਜ਼", ਪੰਨਾ 315

[3] "ਉਮਦਾਤੁ-ਤਵਾਰੀਖ਼", ਦਫ਼ਤਰ ਤੀਜਾ (ਅੰਗਰੇਜ਼ੀ), ਪੰਨਾ 352 ਤੇ 362

ਕਰਨ ਵਾਲੀਆਂ ਫ਼ੌਜਾਂ ਵਿਚ ਸਰਦਾਰ ਸ਼ਾਮ ਸਿੰਘ ਵੀ ਸਨ। ਅਫ਼ਗਾਨਾਂ ਤੋਂ ਜਮਰੌਦ ਨੂੰ ਸੁਰਖਿਅਤ ਕਰ ਕੇ ਇਹ ਇਮਦਾਦੀ ਫ਼ੌਜਾਂ ਵਾਪਸ ਲਾਹੌਰ ਮੁੜ ਆਈਆਂ ਤੇ ਸਰਦਾਰ ਸ਼ਾਮ ਸਿੰਘ ਵੀ ਵਾਪਸ ਆ ਗਏ।[1]

## ਹਜ਼ਾਰੇ ਦੀਆਂ ਮੁਹਿੰਮਾਂ

ਹਜ਼ਾਰੇ ਦਾ ਜ਼ਿਲ੍ਹਾ ਸਿੰਧ ਦਰਿਆ ਤੋਂ ਉਰਾਰ ਰਾਵਲਪਿੰਡੀ ਤੇ ਅਟਕ ਦੇ ਉੱਤਰ ਵੱਲ ਸੀ ਤੇ ਇਕ ਪਾਸੇ ਕਸ਼ਮੀਰ ਨਾਲ ਲਗਦਾ ਸੀ। ਇਸ ਦੇ ਪੱਛਮ ਵੱਲ ਕਬਾਇਲੀ ਇਲਾਕਾ ਤੇ ਯੂਸਫਜ਼ਈ ਪਹਾੜੀਆਂ ਸਨ। ਇਹ ਸਰਹੱਦ ਉੱਤੇ ਬਹੁਤ ਮਹਾਨਤਾ ਵਾਲਾ ਇਲਾਕਾ ਸੀ। ਅੰਗਰੇਜ਼ਾਂ ਦੇ ਸਮੇਂ ਇਸ ਜ਼ਿਲ੍ਹੇ ਦਾ ਬਹੁਤ ਹਿਸਾ ਕਸ਼ਮੀਰ ਵਿਚ ਸ਼ਾਮਲ ਸੀ, ਜੋ ਸਿੱਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ਪਿਛੋਂ ਜੇਮਜ਼ ਐਬਟ ਨੇ ਰਾਜਾ ਗੁਲਾਬ ਸਿੰਘ ਕੋਲੋਂ ਲੈ ਕੇ ਹਜ਼ਾਰੇ ਨਾਲ ਮਿਲਾ ਲਿਆ।[2] ਇਸ ਲਈ ਕਸਮੀਰ ਤੇ ਹਜ਼ਾਰੇ ਦਾ ਇਤਿਹਾਸ ਇਕ ਦੂਜੇ ਤੋਂ ਬਹੁਤ ਪ੍ਰਭਾਵਤ ਹੋਇਆ। ਹੁਣ ਵੀ ਹਜ਼ਾਰੇ ਦੇ ਨਾਲ ਲਗਦਾ ਕਸ਼ਮੀਰ ਦਾ ਇਲਾਕਾ ਪਾਕਿਸਤਾਨ ਦੇ ਅਧੀਨ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਜਿੱਤਿਆ ਤਾਂ ਹਜ਼ਾਰੇ ਦਾ ਬਹੁਤਾ ਇਲਾਕਾ ਕਸ਼ਮੀਰ ਦੇ ਅਧੀਨ ਸੀ ਇਸ ਕਰਕੇ ਇੱਥੋਂ ਦੇ ਪਠਾਣ ਸਰਦਾਰਾਂ ਤੇ ਜਾਗੀਰਦਾਰਾਂ ਨੂੰ ਵੀ ਡਰ ਪੈ ਗਿਆ ਕਿ ਉਨ੍ਹਾਂ ਨੂੰ ਕਸ਼ਮੀਰ ਦੇ ਗਵਰਨਰ ਦੀ ਅਧੀਨਗੀ ਮੰਨਣੀ ਪਏਗੀ। ਇਸ ਲਈ ਉਨ੍ਹਾਂ ਨੇ ਬਗ਼ਾਵਤ ਕਰ ਦਿੱਤੀ।

1819 ਈਸਵੀ ਵਿਚ ਤੁਰੇਨ ਦੇ ਜਾਗੀਰਦਾਰ ਨੇ ਇਕ ਲੜਾਈ ਵਿਚ ਰਾਵਲਪਿੰਡੀ ਦੇ ਨਾਜ਼ਮ ਮੱਖਣ ਸਿੰਘ ਨੂੰ ਮਾਰ ਦਿੱਤਾ ਸੀ। ਇਸ ਤੇ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਸ਼ੇਰ ਸਿੰਘ ਦੀ ਅਗਵਾਈ ਥੱਲੇ ਹਜ਼ਾਰੇ ਵੱਲ ਇਕ ਤਕੜੀ ਫ਼ੌਜ ਭੇਜੀ। ਇਸ ਮੁਹਿੰਮ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਫ਼ਤਿਹ ਸਿੰਘ ਆਹਲੂਵਾਲੀਆ ਤੇ ਮਿਸਰ ਰਾਮ ਦਿਆਲ ਸ਼ਾਮਲ ਸਨ। ਅਤੇ ਕੰਵਰ ਸ਼ੇਰ ਸਿੰਘ ਦੀ ਨਾਨੀ ਸਦਾ ਕੌਰ ਵੀ ਆਪਣੀ ਫ਼ੌਜ ਸਮੇਤ ਨਾਲ ਗਈ ਸੀ। ਹਜ਼ਾਰੇ ਦੀ ਇਹ ਬਗ਼ਾਵਤ ਕਿਸੇ ਇਕ ਥਾਂ ਵਿਚ ਸੀਮਤ ਨਹੀਂ ਸੀ ਸਗੋਂ ਪਖਲੀ, ਧਮਤੌੜ, ਤਰਬੇਲਾ ਆਦਿ ਕਈ ਇਲਾਕਿਆਂ ਦੇ ਜ਼ਿਮੀਂਦਾਰ ਜੰਗ ਕਰਨ ਲਈ ਉੱਠ ਖੜੇ ਹੋਏ ਸਨ। ਇਸ ਲਈ ਖ਼ਾਲਸਾ ਫ਼ੌਜਾਂ ਨੇ ਵੀ ਇਕ ਥਾਂ ਲੜਨ ਨਾਲੋਂ ਬਹੁਤੀ ਥਾਂਈਂ ਜੰਗ ਕਰਨਾ ਯੋਗ ਸਮਝਿਆ। ਇਕ ਵਾਰੀ ਸਾਰਾ ਦਿਨ ਜੰਗ ਕਰਨ ਤੋਂ ਪਿੱਛੋਂ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਦੀਵਾਨ ਰਾਮ ਦਿਆਲ ਨੇ ਸੰਧਿਆ ਵੇਲੇ ਜ਼ਰਾ ਪਿੱਛੇ ਹੱਟ ਕੇ ਫਿਰ

---

[1] "ਉਮਦਾਤੁ-ਤਵਾਰੀਖ਼", ਦਫ਼ਤਰ ਤੀਜਾ, ਪੰਨਾ 358

"ਸਰਦਾਰ ਸ਼ਾਮ ਸਿੰਘ ਅਟਾਰੀਵਾਲਾ", ਗੰਡਾ ਸਿੰਘ, ਦੂਜੀ ਐਡੀਸ਼ਨ, ਪੰਨਾ 97

[2] ਕਰਤਾ ਦੀ ਰਚਨਾ "ਪੰਜਾਬ ਦੇ ਮੁੱਢਲੇ ਸੁਤੰਤਰਤਾ ਸੰਗਰਾਮੀਏ", ਪੰਨਾ 80-81

ਪੂਰੇ ਜੋਸ਼ ਨਾਲ ਹੱਲਾ ਬੋਲਿਆ ਤੇ ਵੈਰੀਆਂ ਨੂੰ ਨਸਾ ਕੱਢਿਆ। ਦੀਵਾਨ ਰਾਮ ਦਿਆਲ ਵੈਰੀਆਂ ਦਾ ਪਿੱਛਾ ਕਰਦੇ ਜਦ ਖੱਡ ਕੋਲ ਪਹੁੰਚੇ ਤਾਂ ਉੱਥੇ ਲੁਕੇ ਹੋਏ ਵੈਰੀਆਂ ਦੀ ਗੋਲੀ ਵੱਜਣ ਨਾਲ ਮਾਰੇ ਗਏ।[1] ਪਰ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਹਜ਼ਾਰੇ ਦਾ ਇਲਾਕਾ ਜਿੱਤ ਕੇ ਕੰਵਰ ਸ਼ੇਰ ਸਿੰਘ ਨਾਲ ਲਾਹੌਰ ਵਾਪਸ ਆ ਗਏ।

ਕਸ਼ਮੀਰ ਤੇ ਹਜ਼ਾਰੇ ਦੀਆਂ ਲੜਾਈਆਂ ਵਿਚ ਸਰਦਾਰ ਸ਼ਾਮ ਸਿੰਘ ਨੇ ਕਈ ਵਾਰੀ ਹਿੱਸਾ ਲਿਆ ਸੀ। ਉਸ ਦੇ ਤਜਰਬੇ ਤੋਂ ਪੂਰਾ ਲਾਭ ਉਠਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ 1831 ਵਿਚ ਸ਼ਾਮ ਸਿੰਘ ਨੂੰ ਸੱਯਦ ਅਹਿਮਦ ਬਰੇਲਵੀ ਦੇ ਵਿਰੁੱਧ ਭੇਜਿਆ। ਇਸ ਮੁਹਿੰਮ ਦਾ ਹਾਲ ਅਸੀਂ ਪਹਿਲਾਂ ਹੀ ਵਿਸਥਾਰ ਨਾਲ ਦਸ ਚੁਕੇ ਹਾਂ।

ਜਿਨਾ ਚਿਰ ਸਰਦਾਰ ਹਰੀ ਸਿੰਘ ਨਲਵਾ ਜੀਊਂਦਾ ਰਿਹਾ ਉਹ ਇਸ ਇਲਾਕੇ ਦੀਆਂ ਔਕੜਾਂ ਨਜਿੱਠਦਾ ਰਿਹਾ। ਉਸ ਦੇ ਅਕਾਲ ਚਲਾਣੇ ਤੋਂ ਪਿੱਛੋਂ 1838 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰੇ ਦਾ ਮਾਮਲਾ ਉਗਰਾਹੁਣ ਲਈ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੂੰ ਨੀਅਤ ਕੀਤਾ।[2] ਸ਼ਾਮ ਸਿੰਘ ਦੀ ਇਸ ਮੁਹਿੰਮ ਦਾ ਵਿਸਥਾਰ ਨਹੀਂ ਮਿਲਦਾ। ਪਰ ਇਹ ਗੱਲ ਸਪਸ਼ਟ ਜਾਪਦੀ ਹੈ ਕਿ ਸਰਦਾਰ ਸ਼ਾਮ ਸਿੰਘ ਇਸ ਮੁਹਿੰਮ ਤੋਂ ਸਫ਼ਲਤਾ ਨਾਲ ਵਾਪਸ ਮੁੜੇ।

---

[1] "ਹਜ਼ਾਰਾ ਗਜ਼ਟੀਅਰ", 1883-84, ਪੰਨਾ 23

[2] "ਉਮਦਾਤੁ-ਤਵਾਰੀਖ", ਹਿੱਸਾ ਤੀਜਾ, (ਅੰਗਰੇਜ਼ੀ), ਪੰਨਾ 462

## ਮਹਾਰਾਜਾ ਸਾਹਿਬ ਨਾਲ ਰਿਸ਼ਤੇਦਾਰੀ

"10 ਮਾਰਚ 1837 (29 ਫੱਗਣ) ਨੂੰ ਮਹਾਰਾਜਾ ਸਾਹਿਬ ਅਟਾਰੀ ਗਏ ਤੇ ਉਨ੍ਹਾਂ ਨੇ ਸਰਦਾਰ ਸ਼ਾਮ ਸਿੰਘ ਦੇ ਘਰ ਨੂੰ ਪਵਿੱਤਰ ਕੀਤਾ। ਸਰਦਾਰ ਸ਼ਾਮ ਸਿੰਘ ਨੇ ਅੱਗੋਂ ਸੁਆਗਤ ਕੀਤਾ ਤੇ ਰਿਵਾਜ ਅਨੁਸਾਰ ਮਿਠਿਆਈ ਦਾ ਥਾਲ ਭੇਟ ਕੀਤਾ, ਜਿਸ ਵਿਚੋਂ ਮਹਾਰਾਜਾ ਸਾਹਿਬ ਨੇ ਮਿਠਿਆਈ ਖਾਧੀ।" (ਸੋਹਣ ਲਾਲ ਸੂਰੀ)

ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਬੰਨੂ ਤੇ ਪਿਸ਼ਾਵਰ ਦੀਆਂ ਮੁਹਿੰਮਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੂੰ ਬਹੁਤ ਨੇੜਿਓਂ ਵੇਖਿਆ ਸੀ ਤੇ ਉਹ ਉਸ ਦੇ ਗੁਣਾਂ ਤੋਂ ਬਹੁਤ ਪ੍ਰਭਾਵਤ ਹੋਇਆ ਸੀ। ਜਾਪਦਾ ਹੈ ਕਿ ਪਿਸ਼ਾਵਰ ਦੀ ਮੁਹਿੰਮ ਤੋਂ ਵਾਪਸ ਆਉਂਦਿਆਂ ਹੀ ਸ਼ਾਮ ਸਿੰਘ ਨੇ ਆਪਣੀ ਲੜਕੀ ਨਾਨਕੀ ਦਾ ਰਿਸ਼ਤਾ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕਰਨ ਦਾ ਇਰਾਦਾ ਬਣਾ ਲਿਆ ਸੀ। ਸੋ ਉਸ ਨੇ ਆਪਣੇ ਦਿਲ ਦੀ ਗੱਲ ਮਹਾਰਾਜਾ ਸਾਹਿਬ ਦੇ ਸਾਹਮਣੇ ਰੱਖ ਦਿੱਤੀ। ਇਸ ਮਾਮਲੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵਿਚਾਰ ਬਹੁਤ ਸੁਲਝੇ ਹੋਏ, ਦ੍ਰਿੜ੍ਹ ਤੇ ਸਪੱਸ਼ਟ ਸਨ। ਕਿਸੇ ਸਰਦਾਰ ਨਾਲ ਰਿਸ਼ਤੇਦਾਰੀ ਜੋੜਨ ਲੱਗਿਆਂ ਉਹ ਸਾਵਧਾਨ ਤੇ ਸੁਚੇਤ ਹੋਇਆ ਕਰਦਾ ਸੀ। ਜੇਕਰ ਉਸ ਨੇ ਸਰਦਾਰ ਸ਼ਾਮ ਸਿੰਘ ਦੇ ਆਚਰਣ ਵਿਚ ਕੋਈ ਵੀ ਖ਼ਾਮੀ ਵੇਖੀ ਹੁੰਦੀ ਤਾਂ ਉਸ ਨੇ ਇਹ ਰਿਸ਼ਤਾ ਲੈਣ ਤੋਂ ਇਨਕਾਰ ਕਰ ਦੇਣਾ ਸੀ। ਕੰਵਰ ਨੌਨਿਹਾਲ ਸਿੰਘ ਦੀ ਮੰਗਣੀ ਬਾਰੇ ਸਰਦਾਰ ਸ਼ਾਮ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਗੱਲ ਬਾਤ ਕਿਥੇ ਹੋਈ ਜਾਂ ਕਿਵੇਂ ਹੋਈ ਇਸ ਦਾ ਕੋਈ ਪਤਾ ਨਹੀਂ ਲਗਦਾ। ਕੇਵਲ ਮੁਨਸ਼ੀ ਸੋਹਣ ਲਾਲ ਨੇ ਲਿਖਿਆ ਹੈ ਕਿ ਮਹਾਰਾਜਾ ਸਾਹਿਬ ਨੇ 29 ਸਾਵਣ 1892 ਬਿਕ੍ਰਮੀ ਮੁਤਾਬਕ 11 ਅਗਸਤ 1835 ਈਸਵੀ ਨੂੰ ਦੀਵਾਨ ਹਾਕਿਮ ਰਾਏ ਨੂੰ ਹੁਕਮ ਦਿੱਤਾ ਕਿ ਉਹ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਦੇ ਸ਼ਗਨ ਲਈ 2500 ਰੁਪਏ ਦਾ ਮੁਕਟ, 1500 ਰੁਪਏ ਦਾ ਚੌਂਕ, 1500 ਰੁਪਏ ਦੀਆਂ ਮਾਲਾ ਤੇ 2000 ਰੁਪਏ ਦੇ ਹੀਰਿਆਂ ਆਦਿ ਦਾ ਪ੍ਰਬੰਧ ਕਰ ਕੇ ਮਹਾਰਾਜੇ ਨੂੰ ਭੇਜੇ।[1] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ

[1] "ਉਮਦਾਤੁ-ਤਵਾਰੀਖ਼", ਹਿੱਸਾ ਤੀਜਾ – ਉਲਥਾਕਾਰ ਵੀ. ਐਸ. ਸੂਰੀ, ਪੰਨਾ 242

ਮਹਾਰਾਜਾ ਸਾਹਿਬ ਨੇ ਆਪਣੇ ਪੋਤਰੇ ਦੀ ਮੰਗਣੀ 1835 ਈਸਵੀ ਵਿਚ ਕੀਤੀ ਤੇ ਡੇਢ ਸਾਲ ਪਿਛੋਂ ਮਾਰਚ 1837 ਵਿਚ ਵਿਆਹ ਰਚਾ ਦਿੱਤਾ ।

ਕੰਵਰ ਨੌਨਿਹਾਲ ਸਿੰਘ ਦਾ ਵਿਆਹ ਇਕ ਅਦੁਤੀ ਸਮਾਗਮ ਸੀ । ਜਿਸ ਦੀਆਂ ਤਿਆਰੀਆਂ ਛੇ ਮਹੀਨੇ ਪਹਿਲਾਂ ਤੋਂ ਆਰੰਭ ਹੋ ਗਈਆਂ ਸਨ । 15 ਸਤੰਬਰ 1836 ਦੀ ਇਕ ਚਿੱਠੀ ਦੁਆਰਾ ਮਹਾਰਾਜਾ ਰਣਜੀਤ ਸਿੰਘ ਨੇ ਕਾਰਦਾਰਾਂ ਨੂੰ ਸੂਚਤ ਕੀਤਾ ਕਿ ਕੰਵਰ ਨੌਨਿਹਾਲ ਸਿੰਘ ਦੇ ਸੰਬੰਧ ਵਿਚ ਆਉਣ ਵਾਲੀਆਂ ਵਸਤਾਂ ਉੱਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੋਂ ਮਸੂਲ ਚੁੰਗੀ ਨਾ ਲਿਆ ਜਾਏ । ਫਿਰ 12 ਫ਼ਰਵਰੀ 1837 ਨੂੰ ਮਹਾਰਾਜੇ ਨੇ ਸਰਦਾਰ ਸ਼ਾਮ ਸਿੰਘ ਦੀ ਸਹਾਇਤਾ ਲਈ ਭਾਈ ਰਾਮ ਸਿੰਘ ਨੂੰ ਭੇਜਿਆ, ਤਾਂ ਜੋ ਉਹ ਬਾਹਰੋਂ ਆਏ ਪਰਾਹੁਣਿਆਂ ਦੇ ਸੁਆਗਤ ਤੇ ਰਿਹਾਇਸ਼ ਆਦਿ ਦਾ ਪ੍ਰਬੰਧ ਕਰੇ ।[1]

ਕੰਵਰ ਨੌਨਿਹਾਲ ਸਿੰਘ ਦੇ ਵਿਆਹ ਤੇ ਆਉਣ ਲਈ ਮਹਾਰਾਜਾ ਨੇ ਪੰਜ ਲੱਖ ਦੇ ਕਰੀਬ ਸੱਦਾ ਪੱਤਰ ਭੇਜੇ । ਪਟਿਆਲੇ, ਨਾਭੇ, ਜੀਂਦ, ਫ਼ਰੀਦਕੋਟ ਦੇ ਰਾਜੇ, ਮਲੇਰ ਕੋਟਲੇ ਦਾ ਨਵਾਬ, ਕਪੂਰਥਲੇ, ਕਲਸੀਆ, ਨਰੈਣਗੜ੍ਹ, ਲਾਡਵਾ ਦੇ ਸਰਦਾਰਾਂ, ਸੁਕੇਤ ਮੰਡੀ, ਚੰਬੇ, ਨੂਰਪੁਰ ਦੇ ਪਹਾੜੀ ਰਾਜੇ ਤੇ ਹੋਰ ਸਤਲੁਜ ਤੋਂ ਲੈ ਕੇ ਪਿਸ਼ਾਵਰ ਤਕ ਦੇ ਸਭ ਸਰਦਾਰ ਜਾਗੀਰਦਾਰ ਸ਼ਾਮਲ ਸਨ । ਈਸਟ ਇੰਡੀਆ ਕੰਪਨੀ ਵਿਚੋਂ ਲਾਰਡ ਆਕਲੈਂਡ ਗਵਰਨਰ ਜਨਰਲ, ਸਰ ਚਾਰਲਸ ਮੈਟਕਾਫ਼, ਗਵਰਨਰ ਆਗਰਾ ਤੇ ਸਰ ਹੈਨਰੀ ਫ਼ੇਨ ਕਮਾਂਡਰ-ਇਨ-ਚੀਫ਼ ਈਸਟ ਇੰਡੀਆ ਕੰਪਨੀ ਨੂੰ ਸਦਾ-ਪੱਤਰ ਭੇਜੇ ਗਏ ਸਨ । ਪਰ ਅੰਗਰੇਜ਼ਾਂ ਵੱਲੋਂ ਈਸਟ ਇੰਡੀਆ ਕੰਪਨੀ ਦੇ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫ਼ੇਨ ਵਿਆਹ ਵਿਚ ਸ਼ਾਮਲ ਹੋਇਆ । ਉਸ ਨੇ 3 ਮਾਰਚ 1837 ਨੂੰ ਹਰੀਕੇ ਤੋਂ ਸਤਲੁਜ ਪਾਰ ਕੀਤਾ । ਕੰਵਰ ਸ਼ੇਰ ਸਿੰਘ ਨੇ ਉਸ ਦਾ ਸੁਆਗਤ ਕੀਤਾ । ਅੰਗਰੇਜ਼ ਪਰਾਹੁਣੇ ਕੰਵਰ ਦੀ ਸੁੰਦਰ ਪੁਸ਼ਾਕ ਤੇ ਉਸ ਦੇ ਸੁਆਗਤ ਤੋਂ ਬਹੁਤ ਪ੍ਰਭਾਵਤ ਹੋਏ । ਕੰਵਰ ਨੇ ਹੈਨਰੀ ਫ਼ੇਨ ਨੂੰ ਮਿੱਤਰ ਬਣਾ ਲਿਆ ਤੇ ਜਦੋਂ ਹੈਨਰੀ ਫ਼ੇਨ ਕੰਵਰ ਦੇ ਕੈਂਪ ਵਿਚ ਆਇਆ ਤਾਂ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਕੰਵਰ ਫ਼ਰਾਂਸੀਸੀ ਤੇ ਹੋਰ ਯੂਰਪੀਨ ਦੇਸ਼ਾਂ ਦੀਆਂ ਸੁੰਦਰ ਸ਼ਿੰਗਾਰ ਵਸਤਾਂ ਵਰਤਦਾ ਹੈ । ਕੰਵਰ ਨੇ ਕਮਾਂਡਰ-ਇਨ-ਚੀਫ਼ ਨੂੰ ਨਾਲ ਲੈ ਕੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ । ਅੰਮ੍ਰਿਤਸਰ ਤੋਂ ਦੋ ਮੀਲ ਅੱਗੇ ਜਾ ਕੇ ਕੰਵਰ ਖੜਕ ਸਿੰਘ ਨੇ ਉਸ ਦਾ ਸੁਆਗਤ ਕੀਤਾ । ਜਦੋਂ ਉਹ ਅੰਮ੍ਰਿਤਸਰ ਸ਼ਹਿਰ ਵਿਚ ਦਾਖ਼ਲ ਹੋਇਆ, ਤਾਂ ਗੋਬਿੰਦਗੜ੍ਹ ਤੋਂ ਉਸ ਦੇ ਸੁਆਗਤ ਲਈ ਤੋਪਾਂ ਚਲੀਆਂ ।

ਫਿਰ ਕੁਝ ਸਮੇਂ ਪਿੱਛੋਂ ਸਰ ਹੈਨਰੀ ਮਹਾਰਾਜਾ ਰਣਜੀਤ ਸਿੰਘ ਨੂੰ ਰਾਮ ਬਾਗ ਮਿਲਣ ਲਈ ਆਇਆ । ਮਹਾਰਾਜਾ ਸਾਹਿਬ ਨੇ ਉਸ ਸਮੇਂ ਹਰੀ ਦਸਤਾਰ

[1]"ਉਮਦਾਤੁ-ਤਵਾਰੀਖ਼", ਤਰਜਮਾ ਵੀ. ਐਸ: ਸੂਰੀ, ਹਿੱਸਾ ਤੀਜਾ, ਪੰਨਾ 306-307

ਬੱਧੀ ਹੋਈ ਸੀ ਤੇ ਗਲ ਵਿਚ ਹੀਰਿਆਂ ਦੀ ਮਾਲਾ ਪਾਈ ਹੋਈ ਸੀ । ਜਿਸ ਸ਼ਾਮਿਆਨੇ ਥੱਲੇ ਬੈਠੇ ਹੋਏ ਸਨ ਉਹ ਸੁੰਦਰ ਕਸ਼ਮੀਰੀ ਸ਼ਾਲ ਦਾ ਬਣਿਆ ਹੋਇਆ ਸੀ ਤੇ ਉਸ ਦੇ ਉੱਤੇ ਚਾਂਦੀ ਦੇ ਤਿੱਲੇ ਦਾ ਕੰਮ ਕੀਤਾ ਹੋਇਆ ਸੀ । ਮਹਾਰਾਜਾ ਨੇ ਸਰ ਹੈਨਰੀ ਫ਼ੈਨ ਦਾ ਬੜੇ ਪਿਆਰ ਨਾਲ ਸੁਆਗਤ ਕੀਤਾ ਤੇ ਉਸ ਕੋਲੋਂ ਕਈ ਪ੍ਰਸ਼ਨ ਪੁੱਛੇ, ਜਿਨ੍ਹਾਂ ਵਿਚੋਂ ਕੁਝ ਕੁ ਇਹ ਹਨ :

1. ਈਸਟ ਇੰਡੀਆ ਕੰਪਨੀ ਕੋਲ ਕਿੰਨ੍ਹੀਆਂ ਫ਼ੌਜਾਂ ਹਨ ?
2. ਸਰ ਹੈਨਰੀ ਫ਼ੇਨ ਨੇ ਕਿੰਨੀਆਂ ਲੜਾਈਆਂ ਲੜੀਆਂ ਹਨ ?
3. ਅੰਗਰੇਜ਼ੀ ਤੋਪਾਂ ਕਿਸ ਤਰ੍ਹਾਂ ਢਾਲੀਆਂ ਜਾਂਦੀਆਂ ਹਨ ?[1]

ਸਰ ਹੈਨਰੀ ਨੇ ਇਨ੍ਹਾਂ ਪ੍ਰਸ਼ਨਾਂ ਦੇ ਯੋਗ ਉੱਤਰ ਦਿੱਤੇ। ਇਸੇ ਦਿਨ ਸ਼ਾਮ ਨੂੰ ਨਿਉਂਦਰੇ ਦੀ ਰਸਮ ਅਦਾ ਹੋਈ ।

ਸੋਹਣ ਲਾਲ ਸੂਰੀ ਨੇ, ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਇਤਿਹਾਸਕਾਰ ਸੀ, ਵਿਆਹ ਦਾ ਹਾਲ ਬਹੁਤ ਵਿਸਥਾਰ ਨਾਲ ਲਿਖਿਆ ਹੈ । ਇਹ ਵਿਆਹ ਪੰਜਾਬ ਦੀਆਂ ਸਭ ਪ੍ਰਚਲਤ ਰਸਮਾਂ ਅਨੁਸਾਰ ਹੋਇਆ । ਜਿਸ ਦਿਨ ਸਰ ਹੈਨਰੀ ਫ਼ੈਨ ਅੰਮ੍ਰਿਤਸਰ ਪਹੁੰਚਿਆ, ਉਸ ਦਿਨ ਸ਼ਾਮੀ ਨਿਉਂਦਰੇ ਦੀ ਰਸਮ ਅਦਾ ਹੋਈ । ਇਹ ਦਿਨ 6 ਮਾਰਚ 1837 ਦਾ ਸੀ । ਇਹ ਰਸਮ ਕਿਲ੍ਹਾ ਭੰਗੀਆਂ ਅੰਮ੍ਰਿਤਸਰ ਵਿਚ ਅਦਾ ਕੀਤੀ ਗਈ । ਇਸ ਵੇਲੇ ਸਤਲੁਜ ਉਰਾਰ ਦੇ ਬਹੁਤ ਸਾਰੇ ਰਾਜੇ ਤੇ ਸਰਦਾਰ ਉੱਥੇ ਮੌਜੂਦ ਸਨ । ਕੰਵਰ ਨੌਨਿਹਾਲ ਸਿੰਘ ਨੇ ਸਰ ਹੈਨਰੀ ਫ਼ੇਨ ਤੋਂ 2100 ਰੁਪਏ ਦਾ ਸਿਰ ਵਾਰਨਾ ਕੀਤਾ ਤੇ ਉਸ ਨੇ ਵੀ ਕੰਵਰ ਤੋਂ ਸਿਰ ਵਾਰਨਾ ਕੀਤਾ । ਇਸ ਤੋਂ ਪਿੱਛੋਂ ਢੋਲ ਵੱਜਣੇ ਆਰੰਭ ਹੋ ਗਏ ਤੇ ਸਭ ਸਰਦਾਰ ਤੰਬੋਲ ਦੀ ਤਿਆਰੀ ਕਰਨ ਲੱਗੇ । ਸਭ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਗ੍ਰੰਥੀਆਂ ਨੇ 125 ਰੁਪਏ ਤੰਬੋਲ ਪਾਇਆ । ਇਸ ਤੋਂ ਪਿੱਛੋਂ ਸਭ ਦਰਬਾਰੀਆਂ, ਮਹਾਰਾਣੀਆਂ ਤੇ ਸਤਲੁਜ ਉਰਾਰ ਦੇ ਰਾਜਿਆਂ ਨੇ ਨਿਉਂਦਰਾ ਪਾਇਆ । ਲਾਟ ਸਾਹਿਬ ਸਰ ਹੈਨਰੀ ਫ਼ੈਨ ਨੇ 15000 ਰੁਪਏ ਤੰਬੋਲ ਵਜੋਂ ਦਿੱਤੇ ਤੇ ਰਾਜਾ ਗੁਲਾਬ ਸਿੰਘ ਨੇ 51000 ਰੁਪਏ । ਤੰਬੋਲ ਪਾਣ ਵਾਲਿਆਂ ਵਿਚ ਆਮ ਮਨੁੱਖ ਤੋਂ ਲੈ ਕੇ ਵੱਡੇ ਤੋਂ ਵੱਡੇ ਸਰਦਾਰ ਤੇ ਰਾਜੇ ਸ਼ਾਮਲ ਸਨ । ਤੰਬੋਲ 51 ਰੁਪਏ ਤੋਂ ਲੈ ਕੇ 51000 ਰੁਪਏ ਤਕ ਪਏ । ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਕੋਲੋਂ ਹਰ ਇਕ ਨੂੰ ਉਸ ਦੀ ਪਦਵੀ ਅਨੁਸਾਰ ਕਪੜੇ ਆਦਿ ਦਿਵਾਏ ।

**ਜੰਞ ਦੀ ਰਵਾਨਗੀ :**—7 ਮਾਰਚ 1837 ਨੂੰ ਹੁਕਮ ਜਾਰੀ ਕੀਤਾ ਗਿਆ ਕਿ ਵੱਖ ਵੱਖ ਫ਼ੌਜਾਂ ਦੀਆਂ ਟੁਕੜੀਆਂ ਅਟਾਰੀ ਨੂੰ ਚਾਲੇ ਪਾ ਦੇਣ । ਮਹਾਰਾਜਾ ਆਪ ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਦਾ ਸ਼ੁਕਰਾਨਾ ਗੁਜ਼ਾਰਨ ਲਈ ਦਰਬਾਰ ਸਾਹਿਬ ਗਿਆ

[1]"ਦੀ ਹੈਰੀਟੇਜ ਆਫ਼ ਦੀ ਸਿਖਸ," ਹਰਬੰਸ ਸਿੰਘ, ਪੰਨਾ 99-100

ਤੇ ਕੰਵਰ ਨੌਨਿਹਾਲ ਸਿੰਘ ਨੂੰ ਸਿਹਰੇ ਬਨ੍ਹੰਣ ਦੀ ਰਸਮ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਤੀ ਗਈ। 500 ਰੁਪਿਆ ਤੇ 5 ਕੂਜ਼ੇ ਮਿਸਰੀ ਦੇ ਦਰਬਾਰ ਸਾਹਿਬ ਵਿਚ ਭੇਟਾ ਕੀਤੇ ਗਏ ਤੇ ਹੋਰ ਸਭ ਗੁਰਦਵਾਰਿਆਂ ਵਿਚ ਚੜ੍ਹਾਵੇ ਚੜ੍ਹਾਏ ਗਏ। ਇਸ ਤੋਂ ਬਾਅਦ ਕੰਵਰ ਨੌਨਿਹਾਲ ਸਿੰਘ ਨੂੰ ਨਾਲ ਲੈ ਕੇ ਮਹਾਰਾਜਾ ਪਿੰਡ ਬੋਪਾਰਾਏ ਪਹੁੰਚ ਗਏ। ਇਸ ਰਾਤ ਬਹੁਤ ਹਨੇਰੀ ਤੇ ਮੀਂਹ ਆਇਆ ਤੇ ਗੜੇ ਵੀ ਪਏ। ਮਹਾਰਾਜਾ ਰਾਤ ਪਿੰਡ ਬੋਪਾ ਰਾਏ ਹੀ ਰਹੇ। ਸਵੇਰੇ ਹੀ ਮਹਾਰਾਜ ਉੱਠ ਕੇ ਅਟਾਰੀ ਵੱਲ ਟੁਰ ਪਏ। ਸੜਕ ਤੇ ਮਿਥੇ ਪ੍ਰੋਗਰਾਮ ਅਨੁਸਾਰ ਸਰ ਹੈਨਰੀ ਫ਼ੇਨ ਉਡੀਕ ਰਿਹਾ ਸੀ। ਮਹਾਰਾਜਾ ਅਟਾਰੀ ਪਿੰਡ ਤੋਂ ਇਕ ਕੋਹ ਅੱਗੇ ਉਸ ਨੂੰ ਲੈਣ ਲਈ ਆਇਆ। ਹਾਥੀਆਂ ਤੇ ਚੜ੍ਹ ਕੇ ਜੰਞ ਅਟਾਰੀ ਵਲ ਟੁਰੀ। ਜਿਉਂ ਜਿਉਂ ਜੰਞ ਅੱਗੇ ਜਾਂਦੀ ਮਹਾਰਾਜਾ ਚੌਹਾਂ ਪਾਸੇ ਸੁੱਟ ਕਰੀ ਜਾਂਦਾ। ਮਹਾਰਾਜੇ ਦੇ ਹਾਥੀ ਦੁਆਲੇ ਬਹੁਤ ਭੀੜ ਸੀ। ਦੂਰ ਦੂਰ ਤੋਂ ਲੋਕ ਖ਼ੈਰਾਤ ਲੈਣ ਵਾਸਤੇ ਆਏ ਹੋਏ ਸਨ। ਲਤੀਫ਼ ਦੇ ਕਥਨ ਅਨੁਸਾਰ ਇਹ ਭੀੜ ਛੇ ਲੱਖ ਦੇ ਕਰੀਬ ਸੀ। ਕਈ ਲੋਕ ਇਸ ਭੀੜ ਭੜਕੇ ਵਿਚ ਹੀ ਮਾਰੇ ਗਏ।[1]

ਮਹਾਰਾਜਾ ਰਣਜੀਤ ਸਿੰਘ ਨੇ ਇਸ ਵੇਲੇ ਹੀਰੇ ਤੇ ਜਵਾਹਰਾਤ ਪਹਿਨੇ ਹੋਏ ਸਨ ਤੇ ਉਸ ਦੇ ਚੋਲੇ ਤੇ ਕੋਹ ਨੂਰ ਚਮਕ ਰਿਹਾ ਸੀ। ਕੰਵਰ ਖੜਕ ਸਿੰਘ, ਕੰਵਰ ਸ਼ੇਰ ਸਿੰਘ, ਰਾਜਾ ਧਿਆਨ ਸਿੰਘ ਤੇ ਹੋਰ ਸਰਦਾਰਾਂ ਨੇ ਇਕ ਤੋਂ ਇਕ ਵੱਧ ਪੁਸ਼ਾਕਾਂ ਸਜਾਈਆਂ ਹੋਈਆਂ ਸਨ।

ਜੰਞ ਦੇ ਸੁਆਗਤ ਲਈ ਸਰਦਾਰ ਸ਼ਾਮ ਸਿੰਘ ਆਪ ਘੋੜੇ ਤੋਂ ਉਤਰ ਕੇ ਆਏ ਤੇ ਮਹਾਰਾਜੇ ਨੂੰ ਆਪਣੀ ਹਵੇਲੀ ਵਿਚ ਪਧਾਰਨ ਲਈ ਬੇਨਤੀ ਕੀਤੀ। ਮਿਲਣੀ ਵਜੋਂ ਮਹਾਰਾਜਾ ਅਤੇ ਹੋਰ ਸਰਦਾਰਾਂ ਨੂੰ ਮੋਹਰਾਂ ਦਿੱਤੀਆਂ, ਇਸ ਤੋਂ ਪਿੱਛੋਂ ਕੰਵਰ ਗਈਆਂ ਨੌਨਿਹਾਲ ਸਿੰਘ ਹਵੇਲੀ ਅੰਦਰ ਗਏ।

ਮਹਾਰਾਜੇ ਦਾ ਉਤਾਰਾ ਬਾਰਾਦਰੀ ਵਿਚ ਸੀ। ਬਾਰਾਦਰੀ ਤੋਂ ਲੈ ਕੇ ਅਟਾਰੀ ਪਿੰਡ ਵਿਚ ਸਰਦਾਰ ਸ਼ਾਮ ਸਿੰਘ ਦੀ ਹਵੇਲੀ ਤਕ ਦੋ ਪਾਸੇ ਦੀਪ ਮਾਲਾ ਕੀਤੀ ਹੋਈ ਸੀ। ਇਹ ਰੰਗ ਬਰੰਗੀ ਦੀਪਮਾਲਾ ਦੀ ਰੌਣਕ ਵੇਖਣ ਯੋਗ ਸੀ। ਮਹਾਰਾਜਾ ਰਣਜੀਤ ਸਿੰਘ ਨੇ ਟੁਰਨ ਤੋਂ ਪਹਿਲਾਂ ਸਾਰੀ ਜੰਞ ਨੂੰ ਵੇਖਿਆ ਤੇ ਫਿਰ ਹੌਲੀ ਹੌਲੀ ਜੰਞ ਚਲਣ ਲੱਗੀ। ਮਹਾਰਾਜਾ ਰਣਜੀਤ ਸਿੰਘ ਆਤਸ਼ਬਾਜ਼ੀ ਤੇ ਦੀਪਮਾਲਾ ਨੂੰ ਵੇਖ ਕੇ ਬਹੁਤ ਖ਼ੁਸ਼ ਹੋ ਰਿਹਾ ਸੀ। ਵਾਪਸੀ ਤੇ ਬਾਰਾਦਰੀ ਵਿਚ ਇਕ ਬੜਾ ਵੱਡਾ ਜਸ਼ਨ ਦਰਬਾਰ ਹੋਇਆ, ਜਿਸ ਵਿਚ ਹੈਨਰੀ ਫ਼ੇਨ ਵੀ ਸ਼ਾਮਲ ਹੋਇਆ।

9 ਮਾਰਚ 1837 ਨੂੰ ਮਹਾਰਾਜਾ ਰਣਜੀਤ ਸਿੰਘ ਸਵੇਰੇ ਸੈਰ ਕਰਨ ਲਈ ਘੋੜੇ ਤੇ ਸਵਾਰ ਹੋ ਕੇ ਬਾਹਰ ਗਏ ਤਾਂ ਉਨ੍ਹਾਂ ਨੇ ਵੇਖਿਆ ਕਿ ਪਿੰਡ ਕੋਲ ਬਹੁਤ ਸਾਰੀ

---

[1] "ਉਮਦਾਤੁ-ਤਵਾਰੀਖ਼", ਤਰਜਮਾ ਵੀ. ਐਸ. ਸੂਰੀ, ਹਿੱਸਾ ਤੀਜਾ, ਪੰਨਾ 333—337 ਤੇ "ਹਿਸਟਰੀ ਆਫ਼ ਪੰਜਾਬ", ਲਤੀਫ਼ ਪੰਨਾ 353



ਸਰਦਾਰ ਸ਼ਾਮ ਸਿੰਘ ਦੀ ਹਵੇਲੀ ਦਾ ਦਰਵਾਜ਼ਾ

ਖ਼ਲਕਤ ਇਕੱਠੀ ਹੋਈ ਹੋਈ ਹੈ। ਇਸ ਵੱਡੀ ਭੀੜ ਵਿਚ ਮਰਦ ਤੇ ਇਸਤ੍ਰੀਆਂ ਤੋਂ ਬਿਨਾ ਬੱਚੇ ਵੀ ਸ਼ਾਮਲ ਸਨ। ਮਹਾਰਾਜਾ ਨੇ ਘੋੜ ਸਵਾਰਾਂ ਨੂੰ ਹੁਕਮ ਦਿੱਤਾ ਕਿ ਇਸ ਵੱਡੀ ਭੀੜ ਨੂੰ ਘੇਰਾ ਪਾ ਲੋ ਤੇ ਕਿਸੇ ਜੀਅ ਨੂੰ ਬਾਹਰ ਨਾ ਜਾਣ ਦਿਉ। ਇਸ ਤਰ੍ਹਾਂ ਇਹ ਲੋਕ ਪੰਜ ਮੀਲ ਦੇ ਘੇਰੇ ਵਿਚ ਘੇਰੇ ਗਏ। ਫਿਰ ਅੱਸੀ ਥਾਵਾਂ ਉੱਤੇ ਅਫ਼ਸਰ ਨੀਅਤ ਕਰ ਕੇ ਹੁਕਮ ਦਿੱਤਾ ਗਿਆ ਕਿ ਹਰ ਇਕ ਨੂੰ ਇਕ ਬੁਗਤੀ ਜਿਸ ਦਾ ਮੁੱਲ ਪੰਜ ਰੁਪਏ ਸੀ ਦੇ ਕੇ ਬਾਹਰ ਕੱਢੀ ਜਾਉ। ਸੋਹਣ ਲਾਲ ਲਿਖਦਾ ਹੈ ਕਿ ਹਰ ਇਕ ਨੂੰ ਇਕ ਰੁਪਿਆ ਤੇ ਇਕ ਪਸ਼ੂ ਦਾਨ ਵਜੋਂ ਦਿੱਤਾ ਗਿਆ। ਲੋਕੀ ਝੋਲੀਆਂ ਭਰੀ ਦਾਨ ਲੈ ਕੇ ਉਸ ਘੇਰੇ ਤੋਂ ਬਾਹਰ ਨਿਕਲਣੇ ਸ਼ੁਰੂ ਹੋਏ। ਕੋਈ ਬੰਦਾ ਦੂਜੀ ਵਾਰੀ ਉਸ ਘੇਰੇ ਵਿਚ ਨਹੀਂ ਆ ਸਕਦਾ ਸੀ। ਇਸ ਤਰ੍ਹਾਂ ਮਹਾਰਾਜਾ ਨੇ ਸ਼ਾਮ ਤਕ ਵੀਹ ਲੱਖ ਰੁਪਿਆ ਦਾਨ ਕੀਤਾ।

ਲੌਢੇ ਵੇਲੇ ਮਹਾਰਾਜਾ ਸਾਹਿਬ ਬੜੇ ਚਾਅ ਨਾਲ ਖੱਟ (ਦਾਜ) ਵੇਖਣ ਗਏ। ਸਰਦਾਰ ਸ਼ਾਮ ਸਿੰਘ ਨੇ ਇਹ ਸਾਮਾਨ ਖੱਟ ਵਿਚ ਰਖਿਆ। 11 ਜੋੜੇ ਤਿਉਰ ਤੇ ਬਿਉਰ, 4 ਸੋਨੇ ਦੇ ਬਣੇ ਕਪੜੇ ਦੇ ਜੋੜੇ, 101 ਉਠ, 101 ਘੋੜੇ, 101 ਗਾਈਆਂ, 101 ਮੱਝਾਂ, 101 ਬਕਰੀਆਂ, ਛੇ ਹਾਥੀ ਜਿਨ੍ਹਾਂ ਵਿਚੋਂ ਦੋ ਹੌਦੀਆਂ ਸਮੇਤ ਸਨ, ਕਈ ਗਹਿਣੇ, ਸੋਨੇ ਦੇ ਭਾਂਡੇ ਤੇ ਯਾਰਾਂ ਹਜ਼ਾਰ ਰੁਪਿਆ ਨਕਦ। ਮਹਾਰਾਜਾ ਖੱਟ ਵੇਖ ਕੇ ਵਾਪਸ ਬਾਰਾਦਰੀ ਚਲਿਆ ਗਿਆ।

ਡੋਲੀ ਦੀ ਰਵਾਨਗੀ 10 ਮਾਰਚ ਨੂੰ ਹੋਈ। ਮਹਾਰਾਜਾ ਸਾਹਿਬ ਸਰਦਾਰ ਸ਼ਾਮ ਸਿੰਘ ਦੇ ਘਰ ਗਏ। ਸਰਦਾਰ ਸ਼ਾਮ ਸਿੰਘ ਨੇ ਅੱਗੋਂ ਸੁਆਗਤ ਕੀਤਾ ਤੇ ਅੰਦਰ ਲਿਜਾ ਕੇ ਬਿਠਾਇਆ। ਉਸ ਨੇ ਮਹਾਰਾਜਾ ਸਾਹਿਬ ਅੱਗੇ ਮਿਠਿਆਈ ਦਾ ਥਾਲ ਰੱਖਿਆ ਜਿਸ ਵਿਚੋਂ ਮਹਾਰਾਜੇ ਨੇ ਰਸਮੀ ਤੌਰ ਤੇ ਮਿਠਿਆਈ ਨੂੰ ਭੋਗ ਲਾਇਆ। ਫਿਰ ਡੋਲੀ ਤੁਰੀ। ਮਹਾਰਾਜਾ ਨੇ ਡੋਲੀ ਨੂੰ ਬਹੁਤ ਅਸੀਸਾਂ ਦੇ ਕੇ ਅੰਮ੍ਰਿਤਸਰ ਟੋਰਿਆ ਤੇ ਹੇਠ ਲਿਖੇ ਸ਼ਬਦਾਂ ਵਿਚ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ :—

"ਇਹ ਦਿਨ ਵਾਹਿਗੁਰੂ ਨੇ ਬਹੁਤ ਸੁਭਾਗਾ ਵਿਖਾਇਆ ਹੈ। ਮੇਰੇ ਵੱਡੇ ਵਡੇਰਿਆਂ ਨੇ ਇਹੋ ਜਿਹੇ ਦਿਨ ਨਹੀਂ ਸਨ ਵੇਖੇ। ਅਕਾਲ ਪੁਰਖ ਦਾ ਲੱਖ ਲੱਖ ਸ਼ੁਕਰ ਹੈ, ਮੇਰੀ ਜੀਭ ਇਸ ਜੋਗ ਨਹੀਂ ਕਿ ਉਸ ਵਾਹਿਗੁਰੂ ਦਾ ਧੰਨਵਾਦ ਕਰ ਸਕੇ।"[1]

ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦੀ ਖ਼ੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਕ ਨਵਾਂ ਤਕਮਾ ਕੱਢਿਆ ਜਿਸ ਦਾ ਨਾਂ 'ਕੌਕਬਿ-ਇਕਬਾਲ-ਇ-ਪੰਜਾਬ' (ਭਾਵ ਪੰਜਾਬ ਦੀ ਖ਼ੁਸ਼ਹਾਲੀ ਦਾ ਸਿਤਾਰਾ) ਸੀ।

---

[1]"ਉਮਦਾਤੁ-ਤਵਾਰੀਖ਼", ਹਿੱਸਾ ਤੀਜਾ, ਅੰਗਰੇਜ਼ੀ ਉਲਥਾ, ਪੰਨਾ 337

ਇਸ ਤਕਮੇ ਦੇ ਇਕ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਸੀ। ਇਸ ਦੀ ਸ਼ਕਲ ਤਾਰੇ ਵਰਗੀ ਸੀ ਤੇ ਇਸ ਨੂੰ ਗਲ ਵਿਚ ਲਟਕਾਉਣਾ ਹੁੰਦਾ ਸੀ। ਇਹ ਤਿਨ ਪਰਕਾਰ ਦੇ ਤਕਮੇ ਸਨ: ਪਹਿਲਾ ਦਰਜਾ ਸ਼ਾਹੀ ਘਰਾਨੇ ਦੇ ਬੰਦਿਆਂ ਵਾਸਤੇ ਸੀ ਜਾਂ ਉਨ੍ਹਾਂ ਦਰਬਾਰੀਆਂ ਵਾਸਤੇ ਜਿਹੜੇ ਵਿਸ਼ੇਸ਼ ਤੌਰ ਤੇ ਵਫ਼ਾਦਾਰ ਸਨ। ਦੂਜਾ ਸਾਰਿਆਂ ਦਰਬਾਰੀਆਂ ਤੇ ਸਰਦਾਰਾਂ ਵਾਸਤੇ ਤੇ ਤੀਜਾ ਹੋਰ ਫ਼ੌਜੀ ਤੇ ਦੂਜੇ ਅਫ਼ਸਰਾਂ ਵਾਸਤੇ ਸੀ। ਪਹਿਲੇ ਤਕਮੇ ਵਿਚ ਇਕ ਕੀਮਤੀ ਹੀਰਾ ਜੜਿਆ ਹੁੰਦਾ ਸੀ। ਦੂਜੇ ਵਿਚ ਇਕ ਹੀਰਾ ਤੇ ਇਕ ਪੰਨਾ ਤੇ ਤੀਜੇ ਵਿਚ ਇਕ ਪੰਨਾ ਸੀ।[1] ਕਨਿਘੰਮ ਦੇ ਕਥਨ ਅਨੁਸਾਰ ਇਹ ਤਕਮਾ ਅੰਗਰੇਜ਼ੀ ਤੇ ਯੂਰਪੀ ਤਰੀਕੇ ਉੱਤੇ ਚਾਲੂ ਕੀਤਾ ਗਿਆ ਸੀ ਅਤੇ ਇਸ ਦਾ ਇਕ ਮਨੋਰਥ ਬਾਹਰੋਂ ਆਏ ਅਗਰੇਜ਼ ਪਰਾਹੁਣਿਆਂ ਨੂੰ ਖ਼ੁਸ਼ ਕਰਨਾ ਸੀ।

ਅਖ਼ੀਰ ਤੇ ਸਰਦਾਰ ਸ਼ਾਮ ਸਿਘ ਨੇ ਅੰਗਰੇਜ਼ ਪਰਾਹੁਣਿਆਂ ਦੀ ਵਾਪਸੀ ਤੇ ਕਸੂਰ ਵਿਚ ਉਨ੍ਹਾਂ ਦੇ ਦਿਲ-ਪਰਚਾਵੇ ਲਈ ਇਕ ਸਮਾਗਮ ਕੀਤਾ। ਇਹ ਪਰਾਹੁਣਿਆਂ ਦੇ ਸਬੰਧ ਵਿਚ ਵਿਆਹ ਨਾਲ ਸੰਬੰਧਤ ਆਖ਼ਰੀ ਸਮਾਗਮ ਸੀ।

ਕੰਵਰ ਨੌਨਿਹਾਲ ਸਿੰਘ ਦੇ ਇੰਨੀ ਸਜ ਧਜ ਨਾਲ ਹੋਏ ਵਿਆਹ ਨੇ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੀ ਵਡਿੱਤ ਦੀਆਂ ਧੁਮਾਂ ਪਾ ਦਿੱਤੀਆਂ ਉੱਥੇ ਸਰਦਾਰ ਸ਼ਾਮ ਸਿੰਘ ਨੂੰ ਵੀ ਬਹੁਤ ਸਨਮਾਨ ਪ੍ਰਾਪਤ ਹੋਇਆ। ਮਹਾਰਾਜਾ ਸਾਹਿਬ ਦਾ ਰਿਸ਼ਤੇਦਾਰ ਬਣਨਾ ਕੋਈ ਛੋਟੀ ਜਹੀ ਗੱਲ ਨਹੀਂ ਸੀ। ਸਰਦਾਰ ਸ਼ਾਮ ਸਿਘ ਨੇ ਆਪਣੀ ਪੁੱਤਰੀ ਦੇ ਵਿਆਹ ਤੇ ਪੂਰਾ ਤਾਣ ਲਾ ਕੇ ਪਰਾਹੁਣਿਆਂ ਦੀ ਸੇਵਾ ਕੀਤੀ ਤੇ ਵਿੱਤ ਅਨੁਸਾਰ ਦਾਜ ਵੀ ਦਿੱਤਾ, ਜਿਹੜਾ ਮਹਾਰਾਜਾ ਰਣਜੀਤ ਸਿੰਘ ਨੇ ਬੜੇ ਚਾਅ ਨਾਲ ਪਰਵਾਨ ਕੀਤਾ।

ਹੁਣ ਤਕ ਸਰਦਾਰ ਸ਼ਾਮ ਸਿਘ ਦੀ ਪ੍ਰਸਿਧਤਾ ਕੇਵਲ ਲਾਹੌਰ ਦਰਬਾਰ ਤਕ ਹੀ ਸੀ ਪਰ ਇਸ ਵਿਆਹ ਤੋਂ ਪਿੱਛੋਂ ਉਸ ਦੀ ਮਸ਼ਹੂਰੀ ਦੇਸ਼ਾਂ ਪਰਦੇਸਾਂ ਵਿਚ ਫੈਲ ਗਈ।

[1] "ਹਿਸਟਰੀ ਆਫ਼ ਦੀ ਸਿਖਸ", ਕੰਨਿਘਮ, ਪੰਨਾ 214 ਤੇ "ਦੀ ਹੈਰੀਟੇਜ ਆਫ਼ ਦੀ ਸਿਖਸ" ਹਰਬੰਸ ਸਿੰਘ, ਪੰਨਾ 103-104

"ਦੂਜੇ ਦਿਨ ਕਰਨਲ ਵੇਡ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਕੈਂਪ ਵਿਚ ਆਇਆ ਅਤੇ ਉਸ ਨੇ ਸਰਦਾਰ ਜਗਤ ਸਿੰਘ ਅਟਾਰੀਵਾਲੇ ਦੇ ਦੇਹਾਂਤ ਤੇ ਅਫ਼ਸੋਸ ਕੀਤਾ ।" (ਸੋਹਣ ਲਾਲ ਸੂਰੀ)

## (ੳ) ਕਰਨਲ ਸੀ. ਐਮ. ਵੇਡ ਨਾਲ ਮਿਲਵਰਤਣ

ਸਰਦਾਰ ਸ਼ਾਮ ਸਿੰਘ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਨਾਲ ਮਿਲਵਰਤਣ ਦਾ ਹਾਮੀ ਸੀ । ਉਹ ਸਮਝਦਾ ਸੀ ਕਿ ਜਿਨਾ ਚਿਰ ਅੰਗਰੇਜ਼ ਮਿੱਤਰਤਾ ਰੱਖਣ ਉਨਾ ਚਿਰ ਉਨ੍ਹਾਂ ਨਾਲ ਮਿੱਤਰਤਾ ਵਾਲਾ ਵਰਤਾਉ ਕਰਨਾ ਚਾਹੀਦਾ ਹੈ । ਜਦੋਂ ਕਦੀ ਵੀ ਲਾਹੌਰ ਦਰਬਾਰ ਵੱਲੋਂ ਉਸ ਨੂੰ ਕਿਸੇ ਅਗਰੇਜ਼ ਨਾਲ ਨਿਯੁਕਤ ਕੀਤਾ ਗਿਆ, ਉਸ ਨੇ ਆਪਣੇ ਨਿੱਘੇ ਸੁਭਾ ਨਾਲ ਤੇ ਦਿਲੀ ਮਿਲਵਰਤਣ ਨਾਲ ਉਸ ਨੂੰ ਜਿੱਤਿਆ ਤੇ ਆਪਣਾ ਫ਼ਰਜ਼ ਕਠਨਤਾਈਆਂ ਦੇ ਹੁੰਦਿਆਂ ਵੀ ਪੂਰੀ ਸਫਲਤਾ ਨਾਲ ਨਿਭਾਇਆ ।

ਸੰਨ 1838 ਵਿਚ ਅੰਗਰੇਜ਼ਾਂ ਨੇ ਰੂਸ ਦੀ ਨਾਕਾਬੰਦੀ ਕਰਨ ਲਈ ਦੋਸਤ ਮੁਹੰਮਦ ਨਾਲ ਮਿੱਤਰਤਾ ਗੰਢਣ ਦਾ ਜਤਨ ਕੀਤਾ । ਦੋਸਤ ਮੁਹੰਮਦ ਨੇ ਇਹ ਖ਼ਿਆਲ ਕਰ ਕੇ ਕਿ ਹੁਣ ਰੂਸ ਤੇ ਅੰਗਰੇਜ਼ ਦੋਵੇਂ ਉਸ ਦੀ ਮਿੱਤਰਤਾ ਦੇ ਚਾਹਵਾਨ ਹਨ, ਅੰਗਰੇਜ਼ਾਂ ਤੋਂ ਇਹ ਗੱਲ ਮਨਵਾਉਣ ਦਾ ਜਤਨ ਕੀਤਾ ਕਿ ਉਹ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਪਿਸ਼ਾਵਰ ਦਿਵਾ ਦੇਣ ਜਾਂ ਪਿਸ਼ਾਵਰ ਵਾਪਸ ਲੈਣ ਵਿਚ ਉਸ ਦੀ ਸਹਾਇਤਾ ਕਰਨ । ਕਿਉਂਕਿ ਅੰਗਰੇਜ਼ ਮਹਾਰਾਜਾ ਨਾਲ ਵਿਗਾੜ ਨਹੀਂ ਸਨ ਪਾਉਣਾ ਚਾਹੁੰਦੇ ਇਸ ਲਈ ਬਹੁਤ ਲਿਖਾ-ਪੜ੍ਹੀ ਪਿੱਛੋਂ ਦੋਸਤ ਮੁਹੰਮਦ ਨਾਲ ਮਿੱਤਰਤਾ ਦੀ ਗਲਬਾਤ ਟੁੱਟ ਗਈ । ਹੁਣ ਅੰਗਰੇਜ਼ ਸ਼ਾਹ ਸ਼ੁਜਾਹ ਨੂੰ ਤਖ਼ਤ ਤੇ ਬਿਠਾਉਣਾ ਚਾਹੁੰਦੇ ਸਨ । ਮਹਾਰਾਜਾ ਰਣਜੀਤ ਸਿੰਘ ਵੀ ਇਸ ਸ਼ਰਤ ਤੇ ਸ਼ਾਹਸ਼ੁਜਾਹ ਦੀ ਸਹਾਇਤਾ ਕਰਨੀ ਮੰਨ ਗਿਆ ਕਿ ਸ਼ਾਹ ਸ਼ੁਜਾਹ ਕਾਬਲ ਦਾ ਬਾਦਸ਼ਾਹ ਬਣਨ ਤੋਂ ਪਿੱਛੋਂ ਦਰਿਆ ਸਿੰਧ ਦੇ ਪਾਰਲੇ ਇਲਾਕੇ ਉੱਤੇ, ਜਿਸ ਤੇ ਮਹਾਰਾਜੇ ਦਾ ਕਬਜ਼ਾ ਹੋ ਚੁਕਿਆ ਸੀ, ਸਦਾ ਲਈ ਆਪਣਾ ਦਾਅਵਾ ਛੱਡ ਦੇਵੇਗਾ ਤੇ ਮਹਾਰਾਜੇ ਨੂੰ ਇਸ ਇਲਾਕੇ ਦਾ ਅਮਲੀ ਤੇ ਕਾਨੂੰਨੀ ਮਾਲਕ ਮੰਨ ਲਵੇਗਾ । ਇਸ ਤਰ੍ਹਾਂ ਅੰਗਰੇਜ਼ਾਂ, ਮਹਾਰਾਜੇ ਤੇ ਸ਼ਾਹ

ਸੁਜਾਹ ਦੇ ਵਿਚਕਾਰ 26 ਜੂਨ 1838 ਨੂੰ ਇਕ ਸੰਧੀ-ਪੱਤਰ ਹੋਇਆ ਜਿਸ ਨੂੰ ਤ੍ਰੈ-ਪੱਖੀ ਸੰਧੀ ਕਹਿੰਦੇ ਹਨ। ਇਸ ਦੀਆਂ ਕੁਲ 18 ਧਾਰਾਵਾਂ ਹਨ :

ਪਹਿਲੀ ਧਾਰਾ ਦੁਆਰਾ ਇਹ ਫ਼ੈਸਲਾ ਹੋਇਆ ਕਿ ਸ਼ਾਹ ਸੁਜਾਹ ਦਰਿਆ ਸਿੰਧ ਦੇ ਦੋਹਾਂ ਪਾਸਿਆਂ ਦੇ ਇਲਾਕਿਆਂ ਤੋਂ ਆਪਣਾ ਅਧਿਕਾਰ ਛੱਡ ਦੇਵੇਗਾ ਤੇ ਉਸ ਦਾ ਕੋਈ ਵਾਰਸ ਇਨ੍ਹਾਂ ਇਲਾਕਿਆਂ ਉੱਤੇ ਆਪਣਾ ਅਧਿਕਾਰ ਨਹੀਂ ਰੱਖੇਗਾ। ਇਸ ਵਿਚ ਸਿੰਧ ਦਰਿਆ ਤੋਂ ਲੈ ਕੇ ਜਮਰੌਦ ਤਕ ਦੇ ਸਾਰੇ ਇਲਾਕੇ ਸ਼ਾਮਲ ਸਨ। ਇਕ ਹੋਰ ਧਾਰਾ ਅਨੁਸਾਰ ਸਤਲੁਜ ਤੇ ਸਿੰਧ ਦਰਿਆ ਨੂੰ ਮਹਾਰਾਜਾ ਦੀ ਆਗਿਆ ਤੋਂ ਬਿਨਾਂ ਕੋਈ ਪਾਰ ਨਹੀਂ ਕਰ ਸਕੇਗਾ। ਮਹਾਰਾਜੇ ਦੇ ਇਲਾਕੇ ਵਿਚੋਂ ਲੰਘਣ ਲਈ ਆਗਿਆ ਲੈਣੀ ਜ਼ਰੂਰੀ ਹੋਵੇਗੀ। ਇਸ ਵਿਚ ਇਕ ਧਾਰਾ (ਦੱਸਵੀਂ ਧਾਰਾ) ਇਹ ਵੀ ਸੀ ਕਿ ਜਦੋਂ ਸਿੱਖਾਂ ਦੀਆਂ ਤੇ ਅਫ਼ਗਾਨਾਂ ਦੀਆਂ ਫ਼ੌਜਾਂ ਇਕੋ ਥਾਂ ਇਕੱਠੀਆਂ ਹੋਣਗੀਆਂ, ਤਾਂ ਗਊ-ਬੱਧ ਕਰਨ ਦੀ ਮਨਾਹੀ ਹੋਵੇਗੀ।[1]

ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀਆਂ ਫ਼ੌਜਾਂ ਨੂੰ ਪੰਜਾਬ ਵਿਚੋਂ ਲੰਘਣ ਦੀ ਸਪੱਸ਼ਟ ਆਗਿਆ ਨਹੀਂ ਦਿਤੀ ਸੀ। ਇਸ ਲਈ ਸ਼ਾਹ ਸੁਜਾਹ ਨੂੰ ਤਖ਼ਤ ਤੇ ਬਿਠਾਉਣ ਲਈ ਅਫ਼ਗਾਨਿਸਤਾਨ ਵਿਚ ਫ਼ੌਜਾਂ ਭੇਜਣ ਦੀ ਵਿਉਂਤ ਇਸ ਤਰ੍ਹਾਂ ਬਣਾਈ ਗਈ ਕਿ ਅੰਗਰੇਜ਼ਾਂ ਦੀਆਂ ਫ਼ੌਜਾਂ ਸ਼ਾਹ ਸੁਜਾਹ ਨੂੰ ਨਾਲ ਲੈ ਕੇ ਬਹਾਵਲਪੁਰ, ਸਿੰਧ ਤੇ ਦੱਰਾ ਬੋਲਾਨ ਵਿਚੋਂ ਦੀ ਲੰਘ ਕੇ ਦੋਸਤ ਮੁਹੰਮਦ ਉੱਤੇ ਹੱਲਾ ਕਰਨ ਤੇ ਸ਼ਾਹ ਸੁਜਾਹ ਦਾ ਪੁੱਤਰ ਸ਼ਹਿਜ਼ਾਦਾ ਤੈਮੂਰ ਕਰਨਲ ਸੀ. ਐਮ. ਵੇਡ ਨਾਲ ਲਾਹੌਰ ਤੋਂ ਚਾਲੇ ਪਾਏ।[2] ਕੰਵਰ ਨੌਨਿਹਾਲ ਸਿੰਘ ਦੇ ਅਧੀਨ ਕੁਝ ਸਿੱਖ ਫ਼ੌਜਾਂ ਵੇਡ ਨਾਲ ਭੇਜੀਆਂ ਗਈਆਂ, ਜਿਨ੍ਹਾਂ ਨੇ ਅਫ਼ਗਾਨਾਂ ਦੇ ਵਿਰੁੱਧ ਲੜਾਈ ਵਿਚ ਅੰਗਰੇਜ਼ਾਂ ਦੀ ਸਹਾਇਤਾ ਕਰਨੀ ਸੀ। ਇਸ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵੀ ਸ਼ਾਮਲ ਸਨ। ਸ਼ਾਮ ਸਿੰਘ ਕਲੌਡ ਮਾਰਟਿਨ ਵੇਡ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਵੇਡ ਦਾ ਜਨਮ 1794 ਵਿਚ ਬੰਗਾਲ ਵਿਚ ਹੋਇਆ ਸੀ। ਇਸ ਦਾ ਪਿਤਾ ਈਸਟ ਇੰਡੀਆ ਕੰਪਨੀ ਦੀ ਫ਼ੌਜ ਵਿਚ ਲੈਫ਼ਟੀਨੈਂਟ ਕਰਨਲ ਸੀ। ਅਤੇ ਵੇਡ ਵੀ ਫ਼ੌਜ ਵਿਚ ਭਰਤੀ ਹੋ ਗਿਆ। ਬਹੁਤ ਸਾਰੀਆਂ ਥਾਵਾਂ ਉੱਤੇ ਨੌਕਰੀ ਕਰ ਕੇ ਉਹ 1823 ਵਿਚ ਲੁਧਿਆਣੇ ਪਲੀਟੀਕਲ ਏਜੰਟ ਨਿਯੁਕਤ ਹੋਇਆ ਤੇ ਇਸ ਪਦਵੀ ਉੱਤੇ ਉਹ 1840 ਤੱਕ ਰਿਹਾ।[3] ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਦੇ ਵਿਚਕਾਰ ਮਿੱਤਰਤਾ ਦੇ ਸੰਬੰਧ ਰੱਖਣ ਵਿਚ ਉਸ ਦਾ ਕਾਫ਼ੀ ਹੱਥ ਸੀ। ਉਹ ਲਾਹੌਰ ਦਰਬਾਰ ਦੀਆਂ ਪ੍ਰਸਿੱਧ ਵਿਅਕਤੀਆਂ ਨੂੰ ਜਾਣਦਾ ਸੀ ਤੇ ਲਾਹੌਰ ਦਰਬਾਰ ਦੇ ਕਰਮਚਾਰੀ ਉਸ ਤੋਂ ਵਾਕਫ਼ ਸਨ। ਸੋ ਪਿਸ਼ਾਵਰ ਵਲ

[1]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 389-392
[2]"ਲਾਹੌਰ ਦਰਬਾਰ", ਆਰ. ਆਰ. ਸੇਠੀ, ਪੰਨਾ 249-50
[3]"ਲਾਹੌਰ ਦਰਬਾਰ", ਪੰਨਾ 15 21

ਇਕੱਠਾ ਕੂਚ ਕਰਨ ਨਾਲ ਸਰਦਾਰ ਸ਼ਾਮ ਸਿੰਘ ਤੇ ਸੀ. ਐਮ. ਵੇਡ ਦੀ ਮਿੱਤਰਤਾ ਵਿਚ ਚੋਖਾ ਵਾਧਾ ਹੋਇਆ।[1]

ਸਰਦਾਰ ਸ਼ਾਮ ਸਿੰਘ ਨੇ ਵੇਡ ਬਾਰੇ ਇਕ ਪੱਤਰ ਮਹਾਰਾਜਾ ਰਣਜੀਤ ਸਿੰਘ ਨੂੰ ਲਿਖਿਆ, ਜਿਸ ਵਿਚ ਪਿਸ਼ਾਵਰ ਦੇ ਹਾਲ ਅਤੇ ਉਸ ਦੀ ਤੇ ਵੇਡ ਦੀ ਗੱਲ ਬਾਤ ਦਾ ਸਾਰ ਸੀ। ਇਹ ਪੱਤਰ ਅਪ੍ਰੈਲ 16, 1839 ਨੂੰ ਮਿਲਿਆ। ਉਮਦਾਤੁ-ਤਵਾਰੀਖ਼ ਦੇ ਕਰਤਾ ਸੋਹਣ ਲਾਲ ਸੂਰੀ ਨੇ ਇਸ ਪੱਤਰ ਦਾ ਵਧੇਰਾ ਹਿੱਸਾ ਆਪਣੇ ਰੋਜ਼ਨਾਮਚੇ ਵਿਚ ਅੰਕਤ ਕੀਤਾ, ਜੋ ਇਸ ਤਰ੍ਹਾਂ ਹੈ:

"ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਵੱਲੋਂ ਇਕ ਚਿੱਠੀ (ਮਹਾਰਾਜਾ ਰਣਜੀਤ ਸਿੰਘ ਵੱਲ) ਆਈ, ਜਿਸ ਵਿਚ ਕਰਨਲ ਵੇਡ ਨਾਲ ਹੋਈ ਗੱਲ ਬਾਤ ਦਾ ਹਾਲ ਲਿਖਿਆ ਸੀ। ਇਸ ਵਿਚ ਕਰਨਲ ਸਾਹਿਬ ਦੇ ਗੁਣਾਂ ਅਤੇ ਚੰਗੇ ਅਖ਼ਲਾਕ ਦਾ ਵਰਣਨ ਸੀ। ਗੱਲ ਬਾਤ ਦਾ ਵਿਸ਼ਾ ਦੋਹਾਂ ਸਰਕਾਰਾਂ ਵਿਚ ਮਿਲਾਪ ਤੇ ਇਤਫ਼ਾਕ ਦੀਆਂ ਨੀਹਾਂ ਨੂੰ ਪੱਕਾ ਕਰਨਾ ਸੀ। ਸਰਦਾਰ ਸ਼ਾਮ ਸਿੰਘ ਨੇ ਵਾਪਸ ਆਉਣ ਵੇਲੇ ਦੋ ਪਸਤੌਲ-ਤੋਹਫ਼ੇ ਦੇ ਤੌਰ ਤੇ ਕਰਨਲ ਨੂੰ ਦਿੱਤੇ।"

"ਦੂਜੇ ਦਿਨ ਕਰਨਲ ਵੇਡ ਸਰਦਾਰ ਸ਼ਾਮ ਸਿੰਘ ਦੇ ਡੇਰੇ ਵਿਚ ਗਿਆ ਤੇ ਉਸ ਨੇ ਸਰਦਾਰ ਜਗਤ ਸਿੰਘ ਅਟਾਰੀਵਾਲੇ ਦੇ ਦੇਹਾਂਤ ਤੇ ਅਫ਼ਸੋਸ ਕੀਤਾ। ਉਸ ਸਮੇਂ ਅਟਾਰੀਵਾਲੇ ਸਰਦਾਰ ਨੇ ਇਕ ਘੋੜਾ, ਇਕ ਸੁਨਹਿਰੀ ਕਾਠੀ ਤੇ ਲਾਹੌਰ ਦੀ ਬਣੀ ਹੋਈ ਇਕ ਬੰਦੂਕ ਕਰਨਲ ਨੂੰ ਨਜ਼ਰਾਨੇ ਵਜੋਂ ਦਿੱਤੀ। ਕਰਨਲ ਸਾਹਿਬ ਨੇ ਕੰਧਾਰ ਤੇ ਚੜ੍ਹਾਈ ਕਰਨ ਬਾਰੇ ਦੱਸਿਆ ਤੇ ਜਿੱਤ ਦੀ ਖ਼ਬਰ ਮਿਲਣ ਤੇ ਖ਼ੈਬਰ ਵਲ ਕੂਚ ਕਰਨ ਦਾ ਇਰਾਦਾ ਪ੍ਰਗਟ ਕੀਤਾ।"[2]

ਇਸ ਪੱਤਰ ਤੋਂ ਇਹ ਗੱਲ ਸਾਫ਼ ਅਤੇ ਨਿਸਚਿਤ ਰੂਪ ਵਿਚ ਪਰਗਟ ਹੋ ਜਾਂਦੀ ਹੈ ਕਿ ਅੰਗਰੇਜ਼ਾਂ ਦੀ ਨੀਤੀ ਭਾਵੇਂ ਕੀ ਸੀ ਜਾਂ ਅੰਗਰੇਜ਼ਾਂ ਦੀਆਂ ਅੰਦਰਲੀਆਂ ਚਾਲਾਂ ਭਾਵੇਂ ਕੀ ਹੋਣ, ਸਰਦਾਰ ਸ਼ਾਮ ਸਿੰਘ ਲਾਹੌਰ ਦਰਬਾਰ ਵੱਲੋਂ ਮਿਥੇ ਪ੍ਰੋਗਰਾਮ ਅਨੁਸਾਰ ਅੰਗਰੇਜ਼ ਅਫ਼ਸਰਾਂ ਨਾਲ ਪੂਰੇ ਤੌਰ ਤੇ ਮਿਲਵਰਤਣ ਕਰਦੇ ਸਨ।

## (ਅ) ਕੈਪਟਨ ਜਾਰਜ ਬਰਾਡਫੁਟ ਦੀ ਰਖਿਆ

ਲਾਹੌਰ ਦਰਬਾਰ ਨੇ 1841 ਈਸਵੀ ਵਿਚ ਸਰਦਾਰ ਸ਼ਾਮ ਸਿੰਘ ਨੂੰ ਸ਼ਾਹ ਸੁਜਾਹ ਦੇ ਪਰਵਾਰ ਅਤੇ ਬਰਾਡਫੁਟ ਨੂੰ ਅਫ਼ਗਾਨਿਸਤਾਨ ਪਹੁੰਚਾਉਣ ਲਈ ਨੀਯਤ

[1] "ਉਮਦਾਤੁ-ਤਵਾਰੀਖ਼", ਦਫ਼ਤਰ ਤੀਜਾ, ਹਿੱਸਾ ਪੰਜਵਾਂ (ਅੰਗਰੇਜ਼ੀ), ਪੰਨਾ 650

[2] "ਉਮਦਾਤੁ-ਤਵਾਰੀਖ਼", ਹਿੱਸਾ ਤੀਜਾ, ਪੰਨਾ 650

ਕੀਤਾ । ਬਰਾਡਫੁਟ ਨਾਲ ਕਿਸੇ ਮੁਖੀ ਸਿੱਖ ਸਰਦਾਰ ਦੀ ਮਿਲਵਰਤਣ ਬਹੁਤ ਟੇਢਾ ਤੇ ਬਿਖੜਾ ਕੰਮ ਸੀ, ਕਿਉਂਕਿ ਬਰਾਡਫੁਟ ਬਹੁਤ ਸ਼ੱਕੀ ਸੁਭਾ ਦਾ ਬੰਦਾ ਸੀ ਤੇ ਉਹ ਦਿਲੋਂ ਸਿੱਖਾਂ ਨੂੰ ਘਿਰਨਾ ਕਰਦਾ ਸੀ । ਪਿਛਲੇਰਾ ਇਤਿਹਾਸ ਸਪੱਸ਼ਟ ਰੂਪ ਵਿਚ ਇਹ ਨਿਸਚਿਤ ਕਰਦਾ ਹੈ ਕਿ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਕਾਰਨਾਂ ਵਿਚ ਬਹੁਤਾ ਹੱਥ ਮੇਜਰ ਬਰਾਡਫੁਟ ਦਾ ਸੀ । ਬਰਾਡਫੁਟ ਨੇ ਜੰਮੂ ਦੇ ਰਾਜਾ ਗੁਲਾਬ ਸਿੰਘ ਨਾਲ ਗੰਢ-ਤਰੁੱਪ ਕਰ ਕੇ ਹੈਨਰੀ ਹਾਰਡਿੰਗ ਨੂੰ ਨਿਸਚਾ ਕਰਵਾ ਦਿੱਤਾ ਕਿ ਲਾਹੌਰ ਦਰਬਾਰ ਦਾ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਾਂਗ ਅਫ਼ਗਾਨਾਂ ਤੇ ਅੰਗਰਜ਼ਾਂ ਵਿਚਕਾਰ ਇਕ ਤਗੜਾ ਤੇ ਸਵਤੰਤਰ ਰਾਜ ਨਹੀਂ ਬਣ ਸਕਦਾ । ਹੈਨਰੀ ਹਾਰਡਿੰਗ ਨੇ ਉਸ ਸਮੇਂ ਇੰਗਲੈਂਡ ਦੇ ਮੁਖ-ਮੰਤਰੀ ਨੂੰ ਲਿਖਿਆ ਕਿ ਬਰਾਡਫੁਟ ਨੇ ਉਸ ਨੂੰ ਨਿਸਚਾ ਕਰਵਾ ਦਿੱਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਪਿੱਛੋਂ ਲਾਹੌਰ ਦਰਬਾਰ ਦਾ ਰਾਜ ਐਨਾ ਕੰਮਜ਼ੋਰ ਹੋ ਗਿਆ ਹੈ ਕਿ ਅਫ਼ਗਾਨਾਂ ਤੇ ਅੰਗਰੇਜ਼ਾਂ ਵਿਚਕਾਰ ਇਕ ਮਜ਼ਬੂਤ ਕੜੀ ਦਾ ਕੰਮ ਨਹੀਂ ਦੇ ਸਕਦਾ ।[1]

ਮੇਜਰ ਜਾਰਜ ਬਰਾਡਫੁਟ ਵਿਲੀਅਮ ਬਰਾਡਫੁਟ ਦਾ ਵੱਡਾ ਪੁੱਤਰ ਸੀ । ਇਹ 1807 ਵਿਚ ਪੈਦਾ ਹੋਇਆ । ਲੰਡਨ ਵਿਚ ਇਸ ਨੇ ਵਿਦਿਆ ਪ੍ਰਾਪਤ ਕੀਤੀ । ਤੇ 1825 ਈਸਵੀ ਵਿਚ ਈਸਟ ਇੰਡੀਆ ਕੰਪਨੀ ਵਿਚ ਨੌਕਰ ਹੋ ਗਿਆ । ਸੱਤਾਂ ਸਾਲਾਂ ਦੀ ਨੌਕਰੀ ਤੋਂ ਪਿੱਛੋਂ ਉਹ ਪੰਜਾਂ ਸਾਲਾਂ ਲਈ ਫਿਰ ਇੰਗਲੈਂਡ ਚਲਿਆ ਗਿਆ । 1838 ਫਿਰ ਭਾਰਤ ਆਉਣ ਤੇ ਉਸਨੂੰ ਮਦਰਾਸ ਫ਼ੌਜ ਦੇ ਰਸਦ ਵਿਭਾਗ ਵਿਚ ਨਿਯੁਕਤ ਕੀਤਾ ਗਿਆ । ਪਰ ਥੋੜੇ ਹੀ ਚਿਰ ਪਿੱਛੋਂ ਅਫ਼ਗਾਨਿਸਤਾਨ ਦੀ ਪਹਿਲੀ ਲੜਾਈ ਆਰੰਭ ਹੋ ਗਈ । ਇਸ ਦੇ ਦੋ ਛੋਟੇ ਭਰਾ ਵਿਲੀਅਮ ਬਰਾਡਫੁਟ ਤੇ ਜੇਮਜ਼ ਬਰਾਡਫੁਟ ਇਸ ਲੜਾਈ ਵਿਚ ਸ਼ਾਮਲ ਸਨ । ਜਾਰਜ ਨੂੰ ਵੀ ਸ਼ਾਹ ਸੁਜਾਹ ਦੀ ਫ਼ੌਜ ਨਾਲ ਨਿਯੁਕਤ ਕਰ ਦਿਤਾ ਗਿਆ । ਇਥੇ ਇਸ ਨੇ ਗੋਰਖਿਆਂ ਤੇ ਹੋਰ ਹਿੰਦੁਸਤਾਨੀਆਂ ਨੂੰ ਪਲਟਨਾਂ ਵਿਚ ਭਰਤੀ ਕੀਤਾ । ਕਮਾਂਡਰ ਬਣਨ ਤੋਂ ਪਿੱਛੋਂ ਜਾਰਜ ਬਰਾਡਫੁਟ ਨੂੰ ਕਾਬਲ ਭੇਜਣ ਦੀ ਸਲਾਹ ਹੋ ਹੀ ਰਹੀ ਸੀ ਕਿ ਇਹ ਫ਼ੈਸਲਾ ਹੋ ਗਿਆ ਕਿ ਉਹ ਸ਼ਾਹ ਸੁਜਾਹ ਤੇ ਸ਼ਾਹ ਜ਼ਮਾਨ ਦੇ ਸਭ ਪਰਵਾਰ ਨੂੰ ਜਿਸ ਵਿਚ 600 ਇਸਤ੍ਰੀਆਂ ਤੇ ਹੋਰ ਕਈ ਨੌਕਰ ਚਾਕਰ ਤੇ ਬਹੁਤ ਸਾਰਾ ਸਾਮਾਨ ਸ਼ਾਮਲ ਸੀ, ਸੁਰੱਖਿਅਤ ਤਰੀਕੇ ਨਾਲ ਅਫ਼ਗਾਨਿਸਤਾਨ ਪਹੁੰਚਾਵੇ ।[2]

ਸ਼ਾਹ ਸੁਜਾਹ ਦੇ ਪਰਵਾਰ ਦੇ ਕਾਫ਼ਲੇ ਨੇ ਲੁਧਿਆਣੇ ਤੋਂ ਸਿੱਧਾ ਪੰਜਾਬ ਵਿਚੋਂ ਲੰਘ ਕੇ ਅਫ਼ਗਾਨਿਸਤਾਨ ਜਾਣਾ ਸੀ, ਇਸ ਲਈ ਇਸ ਕਾਫ਼ਲੇ ਦੀ ਰੱਖਿਆ ਲਈ

---

[1] "ਸਮਪ੍ਰਾਈਵੇਟ ਪੇਪਰਜ਼ ਆਫ਼ ਲਾਰਡ ਹਾਰਡਿੰਗ", ਕਿਰਪਾਲ ਸਿੰਘ, ਪ੍ਰੋਸੀਡਿੰਗ ਆਫ਼ ਪੰਜਾਬ ਹਿਸਟਰੀ ਕਾਨਫ਼ਰੰਸ 1967

[2] "ਦੀ ਕੈਰੀਅਰ ਆਫ਼ ਮੇਜਰ ਬਰਾਡਫੁਟ", ਕ੍ਰਿਤ, ਵਿਲੀਅਮ ਬਰਾਡਫੁਟ, ਲੰਡਨ, 1888, ਪੰਨਾ 4-5, 12 ਅਤੇ 13

ਲਾਹੌਰ ਦਰਬਾਰ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਨੀਯਤ ਕੀਤਾ। ਉਸ ਦੀ ਸਹਾਇਤਾ ਲਈ ਰਾਏ ਕੇਸਰੀ ਸਿੰਘ ਤੇ ਕਰਨਲ ਚੇਤ ਸਿੰਘ ਨੀਯਤ ਕੀਤੇ ਗਏ। ਇਹ ਕਾਫ਼ਲਾ 1841 ਦੇ ਆਰੰਭ ਵਿਚ ਅਫ਼ਗਾਨਿਸਤਾਨ ਵੱਲ ਤੁਰਿਆ। ਤੇ ਅਪ੍ਰੈਲ 1841 ਵਿਚ ਪੰਜਾਬ ਦੀਆਂ ਸਰਹੱਦਾਂ ਅੰਦਰ ਦਾਖ਼ਲ ਹੋਇਆ। ਹੁਣ ਕਾਫ਼ਲਾ ਅੱਗੇ ਅੱਗੇ ਜਾ ਰਿਹਾ ਸੀ ਤੇ ਸਰਦਾਰ ਸ਼ਾਮ ਸਿੰਘ ਦੀ ਕਮਾਨ ਹੇਠ ਲਾਹੌਰ ਦਰਬਾਰ ਦੀਆਂ ਫ਼ੌਜਾਂ, ਜਿਨ੍ਹਾਂ ਵਿਚ ਮੁਸਲਮਾਨ ਵੀ ਸ਼ਾਮਲ ਸਨ, ਕਾਫ਼ਲੇ ਦੀ ਰੱਖਿਆ ਲਈ ਪਿੱਛੇ ਪਿੱਛੇ ਚਲ ਰਹੀਆਂ ਸਨ। ਪਰ ਟੁਰਨ ਤੋਂ ਪਹਿਲਾਂ ਬਰਾਡਫੁਟ ਨੇ ਆਪਣੀ ਰੱਖਿਆ ਲਈ ਸਫ਼ਰਮੈਨਾਂ ਦੀ ਇਕ ਰਜਮੈਂਟ ਭਰਤੀ ਕਰ ਲਈ। ਰਾਵੀ ਪਾਰ ਕਰ ਕੇ ਉਹ ਇਸ ਨਵੀਂ ਫ਼ੌਜ ਨਾਲ ਆਪਣੀ ਰੱਖਿਆ ਕਰਨ ਵਾਲੀ ਲਾਹੌਰ ਦਰਬਾਰ ਦੀ ਫ਼ੌਜ ਨਾਲ ਲੜਨ ਲਈ ਤਿਆਰ ਹੋ ਗਿਆ।[1] 19 ਅਪ੍ਰੈਲ ਨੂੰ ਜਿਹਲਮ ਤੋਂ ਬਰਾਡਫੁਟ ਨੇ ਕਪਤਾਨ ਮੈਕੀਸਨ ਨੂੰ ਜੋ ਪਿਸ਼ਾਵਰ ਵਿਚ ਅੰਗਰੇਜ਼ ਪੁਲੀਟੀਕਲ ਅਫ਼ਸਰ ਸੀ ਲਿਖਿਆ :

"ਸਿੱਖ ਫ਼ੌਜਾਂ ਜਿਹੜੀਆਂ ਸ਼ਾਹੀ ਘਰਾਣੇ ਦੇ ਕਾਫ਼ਲੇ ਨਾਲ ਹਨ, ਦੇ ਬਾਗ਼ੀ ਹੋਣ ਤੇ ਅਤੇ ਇਨ੍ਹਾਂ ਦੇ ਆਲੇ-ਦੁਆਲੇ ਹੋਰ ਫ਼ੌਜੀਆਂ ਦੇ ਜੱਥੇ ਇਸ ਗੱਲ ਨੂੰ ਸੰਭਵ ਬਣਾਉਂਦੇ ਹਨ ਕਿ ਸਾਡੀ ਉਨ੍ਹਾਂ ਨਾਲ ਮੁਠ-ਭੇੜ ਹੋ ਜਾਏ।"[2] ਪਰ ਬਰਾਡਫੁਟ ਦੇ ਇਹ ਤੌਖਲੇ ਕੇਵਲ ਮਨ ਦੇ ਭਰਮ ਸਨ, ਕਿਉਂਕਿ ਸਿੱਖ ਫ਼ੌਜਾਂ ਆਪਣੇ ਪਰਾਹੁਣੇ ਅੰਗਰੇਜ਼ਾਂ ਨਾਲ ਲੜਨ ਦਾ ਕੋਈ ਵਿਚਾਰ ਨਹੀਂ ਰੱਖਦੀਆਂ ਸਨ। ਲਾਹੌਰ ਦਰਬਾਰ ਵੱਲੋਂ ਉਸ ਵੇਲੇ ਪਿਸ਼ਾਵਰ ਦਾ ਗਵਰਨਰ-ਜਨਰਲ ਅਬੂਤਵੇਲਾ ਸੀ। ਇਹ ਫ਼ਰਾਂਸੀਸੀ ਸੀ ਤੇ ਟਰਕੀ, ਈਰਾਨ ਆਦਿ ਦੇਸ਼ਾਂ ਵਿਚ ਰਹਿਣ ਕਰਕੇ ਇਸ ਨੂੰ ਪਿਸ਼ਾਵਰ ਦਾ ਗਵਰਨਰ ਨੀਯਤ ਕੀਤਾ ਗਿਆ ਸੀ। ਕੈਪਟਨ ਮੈਕੀਸਨ ਦੇ ਕਹਿਣ ਤੇ ਉਸ ਨੇ 500 ਮੁਸਲਮਾਨ ਸਿਪਾਹੀ ਬਰਾਡਫੁਟ ਦੀ ਰੱਖਿਆ ਲਈ ਭੇਜਣ ਦੀ ਵਿਉਂਤ ਬਣਾਈ।[3] ਪਰ ਇਸ ਨਾਲ ਵੀ ਬਰਾਡਫੁਟ ਦਾ ਤੌਖਲਾ ਦੂਰ ਨਾ ਹੋਇਆ। ਆਪਣੀ 24 ਅਪ੍ਰੈਲ ਦੀ ਚਿੱਠੀ ਵਿਚ ਉਸ ਨੇ ਫਿਰ ਲਿਖਿਆ, "ਆਪਣੇ ਨੇੜੇ ਸਿੱਖ ਫ਼ੌਜਾਂ ਤੋਂ ਅਸੀਂ ਸਦਾ ਭੈ ਵਿਚ ਰਹਿੰਦੇ ਹਾਂ। ਅਬੂਤਵੇਲਾ ਦੇ ਭੇਜੇ ਮੁਸਲਮਾਨਾਂ ਬਾਰੇ ਇਹ ਕਹਿਣਾ ਕਾਫ਼ੀ ਹੈ ਕਿ ਅਸੀਂ ਉਨ੍ਹਾਂ ਤੋਂ ਬਗ਼ੈਰ ਹੀ ਠੀਕ ਹਾਂ। ਜੇਕਰ ਉਹ ਲਾਹੌਰ ਦਰਬਾਰ ਦੀ ਦੂਜੀ ਫ਼ੌਜ ਨਾਲ ਨਾ ਮਿਲਣ, ਤਾਂ ਯਕੀਨੀ ਤੌਰ ਤੇ ਉਹ ਸਾਡੇ ਵਿਰੁੱਧ ਨਹੀਂ ਲੜਨਗੇ। ਮੁਸਲਮਾਨ ਸਿਪਾਹੀ ਸਾਡੇ ਨਾਲ ਲੜਨ ਨੂੰ ਤਿਆਰ ਰਹਿੰਦੇ ਹਨ।"[4] ਆਪਣੀ ਰੱਖਿਅਕ ਫ਼ੌਜ ਬਾਰੇ ਹਾਲੀ

[1] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, 238

[2] "ਸੀਕਰਟ ਕਨਸਲਟੇਸ਼ਨ", ਨੰਬਰ 61, ਜੂਨ 7, 1841

[3] ਉਕਤ

[4] "ਸੀਕਰਟ ਕਨਸਲਟੇਸ਼ਨ" ਨੰਬਰ 61, ਮਿਤੀ 24 ਅਪ੍ਰੈਲ, 1841

ਕੈਪਟਨ ਬਰਾਡਫੁਟ ਦੇ ਤੌਖਲੇ ਦੂਰ ਨਹੀਂ ਹੋਏ ਸਨ ਕਿ ਸੈਂਦੋ ਦੇ ਅਸਥਾਨ ਤੇ ਸਿੱਖ ਫ਼ੌਜਾਂ ਦੀਆਂ ਚਾਰ ਪਲਟਣਾਂ ਆਕੀ ਹੋ ਬੈਠੀਆਂ। ਸੈਂਦੋ ਬਰਾਡਫੁਟ ਦੇ ਰਾਹ ਵਿਚ ਪੈਂਦਾ ਸੀ। ਇਸ ਲਈ ਬਰਾਡਫੁਟ ਹੋਰ ਵੀ ਡਰ ਗਿਆ। ਇਸ ਨਾਜ਼ਕ ਸਮੇਂ ਅੰਗਰੇਜ਼ ਪੁਲੀਟੀਕਲ ਅਫ਼ਸਰ ਮੈਕੀਸਨ ਨੂੰ ਸਰਦਾਰ ਸ਼ਾਮ ਸਿੰਘ ਦੀ ਯੋਗਤਾ ਅਤੇ ਈਮਾਨਦਾਰੀ ਉੱਤੇ ਪੂਰਨ ਭਰੋਸਾ ਸੀ। ਉਸ ਨੂੰ ਨਿਸ਼ਚਾ ਸੀ ਕਿ ਸਰਦਾਰ ਸ਼ਾਮ ਸਿੰਘ, ਸ਼ਾਹ ਸੁਜਾਹ ਦੇ ਕਬੀਲੇ ਤੇ ਬਰਾਡਫੁਟ ਦੀ ਰੱਖਿਆ ਕਰ ਸਕਦਾ ਹੈ ਤੇ ਉਹ ਇਨ੍ਹਾਂ ਨੂੰ ਬਾਗ਼ੀ ਪਲਟਣਾਂ ਤੋਂ ਬਚਾ ਕੇ ਪਿਸ਼ਾਵਰ ਪਹੁੰਚਾ ਸਕੇਗਾ। ਇਸ ਲਈ ਉਸ ਨੇ ਬਰਾਡਫੁਟ ਨੂੰ ਲਿਖਿਆ ਕਿ "ਤੁਹਾਡੇ ਅੱਗੇ ਆਉਣ ਸੰਬੰਧੀ ਮੇਰੀ ਰਾਏ ਇਹ ਹੈ ਕਿ ਜੇ ਕਰ ਸਰਦਾਰ ਸ਼ਾਮ ਸਿੰਘ ਤੇ ਹੋਰ ਸਰਦਾਰ ਤੁਹਾਨੂੰ ਆਕੀ ਫ਼ੌਜਾਂ ਤੋਂ ਬਚਾ ਕੇ ਸੁਰੱਖਿਅਤ ਤਰੀਕੇ ਨਾਲ ਪਿਸ਼ਾਵਰ ਲਿਆਉਣ ਦੀ ਜ਼ਿੰਮੇਵਾਰੀ ਲੈਣ, ਭਾਵੇਂ ਕਿਸੇ ਤਰੀਕੇ ਨਾਲ ਲੈਣ, ਤਾਂ ਤੁਸੀਂ ਟੁਰ ਪਉ, ਪਰ ਜੇਕਰ ਉਹ ਜ਼ਿੰਮੇਵਾਰੀ ਨਾ ਲੈਣ, ਤਾਂ ਤੁਸੀਂ ਰਾਵਲਪਿੰਡੀ ਹੀ ਰੁਕ ਜਾਉ ਤੇ ਉਸ ਵੇਲੇ ਤੱਕ ਉਡੀਕ ਕਰੋ ਜਦ ਤੱਕ ਸੈਂਦੋ ਦੀਆਂ ਪਲਟਨਾਂ ਵੱਡੀ ਸੜਕ ਤੋਂ ਦੂਰ ਨਹੀਂ ਹੋ ਜਾਂਦੀਆਂ।"[1]

ਸੈਂਦੋ ਦੇ ਅਸਥਾਨ ਤੇ ਕੁਝ ਸਿੱਖ ਫ਼ੌਜਾਂ ਸਨ ਤੇ ਕੁਝ ਮੁਸਲਮਾਨ। ਜਦੋਂ ਮਹਾਰਾਜਾ ਸ਼ੇਰ ਸਿੰਘ ਨੂੰ ਇਨ੍ਹਾਂ ਦੇ ਆਕੀ ਹੋਣ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਦੋ ਪਰਵਾਨੇ ਇਨ੍ਹਾਂ ਚਹੁੰਆਂ ਰਜਮੈਂਟਾਂ ਦੇ ਪੰਚਾਂ ਦੇ ਨਾਂ ਭੇਜੇ, ਇਨ੍ਹਾਂ ਦਾ ਅੰਗਰੇਜ਼ੀ ਉਲਥਾ ਅਬੂਤਵੇਲਾ ਨੇ ਮੈਕੀਸਨ ਨੂੰ ਭੇਜ ਦਿੱਤਾ। ਇਹ 20 ਵਿਸਾਖ, 1898 ਬਿਕਰਮੀ ਮੁਤਾਬਕ 29 ਅਪ੍ਰੈਲ, 1841 ਈਸਵੀ ਨੂੰ ਲਿਖੇ ਗਏ ਸਨ ਤੇ ਇਨ੍ਹਾਂ ਵਿਚ ਲਿਖਿਆ ਭਾਵ ਰਜਮੈਂਟਾਂ ਦੇ ਪੰਚਾਂ ਨੂੰ ਸੁਣਾ ਦਿੱਤਾ ਗਿਆ ਸੀ। ਇਸ ਵਿਚ ਕਿਹਾ ਗਿਆ ਸੀ, "ਕਾਫ਼ਲੇ ਦੇ ਲੰਘ ਜਾਣ ਤੱਕ ਤੁਸੀਂ ਸੜਕ ਤੋਂ ਪਿੱਛੇ ਹੱਟ ਜਾਉ।"[2]

ਬਰਾਡਫੁਟ ਚਾਹੁੰਦਾ ਸੀ ਕਿ ਮੈਕੀਸਨ ਪਿਸ਼ਾਵਰ ਵਾਲੇ ਪਾਸਿਉਂ ਆਪਣੀ ਫ਼ੌਜ ਕਾਫ਼ਲੇ ਦੀ ਰੱਖਿਆ ਲਈ ਭੇਜੇ, ਪਰ ਇਹ ਗੱਲ ਤ੍ਰੈ-ਪੱਖੀ ਸੰਧੀ ਨਾਮੇ ਦੇ ਉਲਟ ਹੋਣੀ ਸੀ, ਕਿਉਂਕਿ ਲਾਹੌਰ ਦਰਬਾਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਫ਼ੌਜ ਦਰਬਾਰ ਦੇ ਇਲਾਕੇ ਵਿਚ ਦਾਖ਼ਲ ਨਹੀਂ ਹੋ ਸਕਦੀ ਸੀ। ਮੈਕੀਸਨ ਇਸ ਗੱਲ ਨੂੰ ਭਲੀ ਪਰਕਾਰ ਸਮਝਦਾ ਸੀ ਤੇ ਜਾਣਦਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਭਿਆਨਕ ਨਤੀਜੇ ਨਿਕਲ ਸਕਦੇ ਸਨ। ਇਸੇ ਕਰਕੇ ਉਸ ਨੇ ਬਰਾਡਫੁਟ ਨੂੰ ਇਹ ਸਲਾਹ ਦਿੱਤੀ ਕਿ ਉਹ ਆਪਣੇ ਨਾਲ ਰੱਖਿਆ ਲਈ ਆ ਰਹੀ ਲਾਹੌਰ ਦਰਬਾਰ ਵੱਲੋਂ ਨੀਯਤ ਫ਼ੌਜ ਦੇ ਮੁਖੀ ਸਰਦਾਰ ਸ਼ਾਮ ਸਿੰਘ ਨਾਲ ਮਸ਼ਵਰਾ ਕਰੇ। ਪਰ ਬਰਾਡਫੁਟ ਨੇ ਇਸ ਸੁਝਾਉ

[1] "ਸੀਕਰਟ ਕਨਸਲਟੇਸ਼ਨ", ਨੰਬਰ 65, ਮਿਤੀ ਜੂਨ 7, 1841, ਚਿੱਠੀ ਮਿਤੀ ਅਪ੍ਰੈਲ 30, 1841

[2] ਉਕਤ

ਦਾ ਮਖ਼ੌਲ ਉਡਾਂਦਿਆਂ ਹੋਇਆਂ[1] ਉੱਤਰ ਵਿਚ ਲਿਖਿਆ, "ਸਾਡੇ ਨਾਲ ਆ ਰਹੀ ਸਿੱਖ ਫ਼ੌਜ ਦੇ ਅਫ਼ਸਰ ਕੇਵਲ ਆਪਣੀਆਂ ਫ਼ੌਜਾਂ ਦੇ ਹੱਥ ਠੋਕੇ ਹਨ ਤੇ ਜੇਕਰ ਉਹ ਆਪਣੀਆਂ ਫ਼ੌਜਾਂ ਦੀ ਬਹੁ-ਗਿਣਤੀ ਤੋਂ ਵੱਖਰੀ ਰਾਏ ਰੱਖਣਗੇ, ਤਾਂ ਨਿਸਚੇ ਹੀ ਉਹ ਮਾਰੇ ਜਾਣਗੇ। ਭਾਵੇਂ ਸਿੱਖ ਸਰਦਾਰ ਇਹ ਗੱਲ ਨਹੀਂ ਮੰਨਦੇ, ਪਰ ਉਨ੍ਹਾਂ ਦਾ ਆਪਣੀਆਂ ਫ਼ੌਜਾਂ ਉੱਤੇ ਕੋਈ ਕਾਬੂ ਨਹੀਂ ਰਿਹਾ। ਫ਼ੌਜੀ ਅਫ਼ਸਰ ਉਨ੍ਹਾਂ ਦੀ ਆਗਿਆ ਭੰਗ ਕਰ ਦੇਂਦੇ ਹਨ। ਸਿੱਖ ਸਰਦਾਰ ਅਤੇ ਵਿਸ਼ੇਸ਼ ਕਰ ਕੇ ਸਰਦਾਰ ਸ਼ਾਮ ਸਿਘ ਆਪਣੇ ਫੌਜੀਆਂ ਤੋਂ ਅਵਾਜ਼ਾਰ ਹਨ ਤੇ ਸਾਰੇ ਸਿੱਖ ਅਫ਼ਸਰ ਆਪਣੀ ਰੱਖਿਆ ਲਈ ਮੇਰੇ ਵੱਲ ਵੇਖਦੇ ਹਨ।"[2]

ਸਮਕਾਲੀ ਲਿਖਤਾਂ ਬਰਾਡਫੁਟ ਦੇ ਉਪਰੋਕਤ ਕਥਨ ਦੀ ਪੁਸ਼ਟੀ ਨਹੀਂ ਕਰਦੀਆਂ। ਕਨਿੰਘਮ ਜਿਹੜਾ ਬਰਾਡਫੁਟ ਦਾ ਸਮਕਾਲੀ ਤੇ ਸਹਿਕਾਰੀ ਸੀ ਲਿਖਦਾ ਹੈ ਮੇਜਰ ਬਰਾਡਫੁਟ ਆਪਣੇ ਨਾਲ ਆ ਰਹੇ ਫ਼ੌਜੀ ਦਸਤੇ ਦੀ ਨੀਅਤ ਉੱਤੇ ਸ਼ੱਕ ਕਰਨ ਲੱਗ ਪਿਆ।[3] ਅੱਗੇ ਚਲ ਕੇ ਉਹ ਲਿਖਦਾ ਹੈ, "ਪਰ ਇਹ ਪਰਤੀਤ ਹੁੰਦਾ ਹੈ ਕਿ ਉਸ ਦੇ ਸ਼ੱਕ ਕਿਸੇ ਦਲੀਲ ਜਾਂ ਦਿਸਦੀ ਸਚਾਈ ਤੇ ਅਧਾਰਤ ਨਹੀਂ ਸਨ।"[4] ਬਰਾਡਫੁਟ ਦਾ ਇਹ ਕਹਿਣਾ ਵੀ ਠੀਕ ਪਰਤੀਤ ਨਹੀਂ ਹੁੰਦਾ ਕਿ ਸਰਦਾਰ ਸ਼ਾਮ ਸਿਘ ਦਾ ਉਸ ਦੇ ਫ਼ੌਜੀਆਂ ਤੇ ਕੋਈ ਰੋਹਬ ਨਹੀਂ ਸੀ ਜਾਂ ਉਹ ਆਪਣੇ ਫੌਜੀਆਂ ਕੋਲੋਂ ਤੰਗ ਸੀ। ਸਰਦਾਰ ਸ਼ਾਮ ਸਿੰਘ ਤੇ ਉਸ ਦੇ ਦਬਦਬੇ ਨੇ ਹੀ ਤਾਂ ਬਰਾਡਫੁਟ ਨੂੰ ਬਚਾਈ ਰੱਖਿਆ ਸੀ। ਇਸ ਗੱਲ ਨੂੰ ਬਰਾਡਫੁਟ ਆਪ ਵੀ ਮੰਨਦਾ ਹੈ, ਜਦੋਂ ਸਿੱਖ ਰਜਮੈਂਟਾਂ ਦੇ ਕੁਝ ਬਾਗ਼ੀ ਸਿਪਾਹੀ ਅੰਗਰੇਜ਼ੀ ਕੈਂਪ ਵਿਚ ਪਕੜੇ ਗਏ ਤੇ ਸਰਦਾਰ ਸ਼ਾਮ ਸਿੰਘ ਉਨ੍ਹਾਂ ਵੱਲ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਸਰਦਾਰ ਸ਼ਾਮ ਸਿੰਘ ਨਾਲ ਸਲਾਹ ਮਸ਼ਵਰਾ ਕਰਨ ਤੇ ਉਸ ਅਨੁਸਾਰ ਅਮਲ ਕਰਨ ਲਈ ਆਏ ਹਨ।[5]

---

[1] "As to Sham Singh and other officers being responsible for his safety, he fairly laughed at the idea."
"ਕੈਰੀਅਰ ਆਫ਼ ਮੇਜਰ ਬਰਾਡਫੁਟ", ਪੰਨਾ 15

[2] "ਸੀਕਰਟ ਕਨਸਲਟੇਸ਼ਨ", ਨੰਬਰ 65, ਜੂਨ 7, 1841
ਬਰਾਡਫੁਟ ਵੱਲੋਂ ਮਿਤੀ 3 ਮਈ, 1841 ਦਾ ਮੈਕਸੀਨ ਦੇ ਨਾਂ ਪੱਤਰ

[3] "ਹਿਸਟਰੀ ਆਫ਼ ਦੀ ਸਿਖਸ", ਪੰਨਾ 238
Major Broadfoot became suspicious of the good faith of his detachment.

[4] ਉਕਤ
But it does not appear that his apprehensions had a plausible foundation

[5] "ਸੀਕਰਟ ਕਨਸਲਟੇਸ਼ਨ", ਨੰਬਰ 70, ਮਿਤੀ ਜੂਨ 7, 1841 ਪਤਰਕਾ ਮਿਤੀ ਮਈ 14, 1841
On Sham Singh's going out to meet them, they declared that they had come to take his advice.

ਬਰਾਡਫੁਟ ਦੇ ਜ਼ਾਤੀ ਕਾਗਜ਼ਾਂ ਤੇ ਅਧਾਰਤ ਪੁਸਤਕ "ਕੈਰੀਅਰ ਆਫ਼ ਮੇਜਰ ਜਾਰਜ ਬਰਾਡਫੁਟ" ਦੇ ਸੰਪਾਦਕ ਨੇ ਮੰਨਿਆ ਹੈ ਕਿ ਸਰਦਾਰ ਸ਼ਾਮ ਸਿੰਘ ਲਾਹੌਰ ਦਰਬਾਰ ਦੇ ਮੁਖੀ ਸਰਦਾਰਾਂ ਵਿੱਚੋਂ ਇਕ ਸੀ।[1]

ਸਰਦਾਰ ਸ਼ਾਮ ਸਿੰਘ ਨੇ ਪੂਰੀ ਨੇਕਨੀਅਤੀ ਨਾਲ ਬਰਾਡਫੁਟ ਦੇ ਸ਼ੱਕ ਦੂਰ ਕਰਨ ਦਾ ਜਤਨ ਕੀਤਾ। ਜਦੋਂ ਬਰਾਡਫੁਟ ਰਾਵਲਪਿੰਡੀ ਤੋਂ ਚਲਿਆ, ਤਾਂ ਉਸ ਨੇ ਆ ਰਹੀ ਸਿੱਖ ਫ਼ੌਜ ਨੂੰ ਵਾਪਸ ਹੋਣ ਲਈ ਕਹਿ ਦਿੱਤਾ ਤੇ ਸਰਦਾਰ ਸ਼ਾਮ ਸਿੰਘ ਨੂੰ ਕਿਹਾ ਕਿ ਜਿੰਨਾ ਚਿਰ ਉਹ ਆਪ ਨਾ ਆਖੇ, ਇਹ ਫ਼ੌਜਾਂ ਉਸ ਦੀ ਰੱਖਿਆ ਲਈ ਰਾਵਲਪਿੰਡੀ ਤੋਂ ਅੱਗੇ ਨਾ ਆਉਣ। ਬਰਾਡਫੁਟ ਦੇ ਆਖੇ ਅਨੁਸਾਰ ਜੇਕਰ ਸਿੱਖ ਫ਼ੌਜਾਂ ਵਾਪਸ ਚਲੀਆਂ ਜਾਂਦੀਆਂ, ਤਾਂ ਉਹ ਆਪਣੀ ਸਰਕਾਰ ਦੀ ਹੁਕਮ-ਅਦੂਲੀ ਦੀਆਂ ਭਾਗੀ ਹੁੰਦੀਆਂ। ਇਸ ਲਈ ਸਾਰੇ ਫ਼ੌਜੀ ਅਫ਼ਸਰਾਂ ਨੇ ਰਲ ਕੇ ਫ਼ੈਸਲਾ ਕੀਤਾ ਕਿ ਬਰਾਡਫੁਟ ਨੂੰ ਬਿਨੈ ਕੀਤੀ ਜਾਏ ਕਿ ਉਹ ਉਨ੍ਹਾਂ ਤੇ ਇਤਬਾਰ ਕਰੇ। ਇਸ ਪਰਕਾਰ ਦੀ ਇਕ ਚਿੱਠੀ ਸਰਦਾਰ ਸ਼ਾਮ ਸਿੰਘ ਨੇ ਬਰਾਡਫੁਟ ਨੂੰ ਲਿਖੀ ਤੇ ਉੱਤਰ ਦੀ ਉਡੀਕ ਕਰਨ ਲੱਗਾ। ਬਰਾਡਫੁਟ ਜਾਣ ਬੁਝ ਕੇ ਉੱਤਰ ਦੇਣ ਵਿਚ ਟਾਲ-ਮਟੋਲਾ ਕਰ ਰਿਹਾ ਸੀ। ਇਸ ਸਮੇਂ ਵਿਚ ਸਰਦਾਰ ਸ਼ਾਮ ਸਿੰਘ ਨੇ ਕਲਾਰਕ ਸਾਹਿਬ ਨੂੰ ਜਿਹੜੇ ਗਵਰਨਰ-ਜਨਰਲ ਦੇ ਏਜੰਟ ਸਨ, ਨੂੰ ਬਰਾਡਫੁਟ ਵੱਲ ਲਿਖੀ ਚਿੱਠੀ ਦੀ ਨਕਲ ਭੇਜ ਦਿੱਤੀ। ਚਿੱਠੀ ਇਸ ਪਰਕਾਰ ਸੀ :

"ਤੁਸੀਂ ਮੈਨੂੰ ਕਿਹਾ ਸੀ ਕਿ ਮੈਂ ਉਸ ਪਲਟਣ ਤੇ ਰਸਾਲੇ ਨੂੰ ਜਿਹੜਾ ਆਪ ਦੀ ਰੱਖਿਆ ਕਰ ਰਿਹਾ ਹੈ, ਵਾਪਸ ਭੇਜ ਦਿਆਂ। ਸੋ ਮੈਂ ਆਪਦੇ ਹੁਕਮ ਅਨੁਸਾਰ ਕੁਦਾਨੀ ਸਿੰਘ ਕੁਮੇਦਾਨ ਤੇ ਖ਼ਜ਼ਾਨ ਸਿੰਘ ਰਿਸਾਲਦਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਰਾਵਲਪਿੰਡੀ ਰੁਕ ਜਾਣ ਜਿੰਨਾ ਚਿਰ ਕੇ ਮੈਂ ਉਨ੍ਹਾਂ ਨੂੰ ਆਪ ਵੱਲੋਂ ਛੁੱਟੀ ਕਰਨ ਦਾ ਹੁਕਮ ਨਾ ਦੇ ਦੇਵਾਂ। ਉਨ੍ਹਾਂ ਨੂੰ ਬਹੁਤ ਦੁਖ ਹੋਇਆ ਹੈ ਤੇ ਉਹ ਆਪ ਦੇ ਹੁਕਮ ਨਾਲ ਕਿਸੇ ਤਰ੍ਹਾਂ ਵੀ ਸੰਤੁਸ਼ਟ ਨਹੀਂ ਹੋਏ, ਭਾਵੇਂ ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਉਨ੍ਹਾਂ ਦੀ ਵਾਪਸੀ ਉਨ੍ਹਾਂ ਦੇ ਕਿਸੇ ਕਸੂਰ ਕਰ ਕੇ ਨਹੀਂ ਹੋਈ। ਉਹ ਵਾਰ ਵਾਰ ਬਿਨੈ ਕਰਦੇ ਹਨ ਕਿ ਉਨ੍ਹਾਂ ਲਈ ਅਜਿਹੇ ਹੁਕਮ ਵਾਪਸ ਲੈ ਲਏ ਜਾਣ, ਕਿਉਂਕਿ ਉਨ੍ਹਾਂ ਦੇ ਵਾਪਸ ਜਾਣ ਨਾਲ ਮਹਾਰਾਜਾ ਨੇ ਉਨ੍ਹਾਂ ਨੂੰ ਹੀ ਕਸੂਰਵਾਰ ਠਹਿਰਾਣਾ ਹੈ। ਉਨ੍ਹਾਂ ਨੇ ਇਕ ਲਿਖਤੀ ਇਕਰਾਰ ਵੀ ਕੀਤਾ ਹੈ ਜਿਸ ਦੀ ਨਕਲ ਇਸ ਚਿੱਠੀ ਨਾਲ ਭੇਜੀ ਜਾਂਦੀ ਹੈ। ਇਸ ਦੁਆਰਾ ਉਨ੍ਹਾਂ ਨੇ ਆਪਣੇ ਸਿਪਾਹੀਆਂ ਦੀ ਨੇਕ-ਚਲਣੀ ਦੀ ਜ਼ਿੰਮੇਵਾਰੀ ਲਈ ਹੈ। ਇਸ ਵਾਸਤੇ ਮੈਂ ਬਿਨੈ ਕਰਦਾ ਹਾਂ ਕਿ ਉਨ੍ਹਾਂ ਨੂੰ ਸਾਡੇ ਨਾਲ ਹੀ ਰਹਿਣ ਦੀ ਆਗਿਆ ਦਿੱਤੀ ਜਾਏ। ਉਹ ਸਦਾ ਤੁਹਾਡੇ ਕੈਂਪ ਤੋਂ ਬਹੁਤ ਦੂਰ ਡੇਰੇ ਲਾਉਣਗੇ ਅਤੇ ਉਨ੍ਹਾਂ ਨੂੰ ਅਟਕ ਉੱਤੇ ਠਹਿਰਨ ਦਾ ਹੁਕਮ ਦਿਤਾ ਜਾਵੇਗਾ।"

[1] "ਕੈਰੀਅਰ ਆਫ਼ ਮੇਜਰ ਬਰਾਡਫੁਟ", ਪੰਨਾ 221

## ਇਕਰਾਰ ਨਾਮਾ ਭਵਾਨੀ ਸਿੰਘ ਕੁਮੇਦਾਨ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਹਾਜ਼ਰੀ ਵਿਚ ਮਿਤੀ 22 ਵਿਸਾਖ, 1898, 4 ਅਪ੍ਰੈਲ, 1841

"ਮੈਂ ਭਵਾਨੀ ਸਿੰਘ, ਪਲਟਣ ਕਮਾਂਡਰ ਸਰਦਾਰ ਸ਼ਾਮ ਸਿੰਘ ਦੇ ਸਾਹਮਣੇ ਇਹ ਲਿਖਤ ਦੇਂਦਾ ਹਾਂ ਕਿ ਜੇਕਰ ਮੇਰੀ ਪਲਟਣ ਦਾ ਕੋਈ ਵੀ ਸਿਪਾਹੀ ਕਿਸੇ ਕਿਸਮ ਦੀ ਕੋਈ ਹਿੰਸਕ ਕਾਰਵਾਈ ਕਰੇਗਾ, ਤਾਂ ਮੈਂ ਉਸ ਦਾ ਜ਼ਿੰਮੇਵਾਰ ਹੋਵਾਂਗਾ। ਮੇਰੇ ਸਿਪਾਹੀ ਸਰਦਾਰ ਸ਼ਾਮ ਸਿੰਘ ਦੀ ਆਗਿਆ ਵਿਚ ਰਹਿਣਗੇ ਤੇ ਕਿਸੇ ਪਰਕਾਰ ਦਾ ਝਗੜਾ ਨਹੀਂ ਕਰਨਗੇ। ਇਨ੍ਹਾਂ ਸਭ ਗੱਲਾਂ ਵਾਸਤੇ ਮੈਂ ਜ਼ਿੰਮੇਵਾਰ ਹੋਵਾਂਗਾ।"[1]

ਬਰਾਡਫੁਟ ਅਜਿਹਾ ਸ਼ੱਕੀ ਸੁਭਾ ਦਾ ਸੀ ਕਿ ਇੰਨੀਆਂ ਜ਼ਮਾਨਤਾਂ ਅਤੇ ਯਕੀਨ ਦਿਵਾਉਣ ਦੇ ਬਾਵਜੂਦ ਉਸ ਦਾ ਸ਼ੱਕ ਦੂਰ ਨਾ ਹੋਇਆ ਤੇ ਉਸ ਨੂੰ ਇਹ ਤੌਖਲਾ ਰਿਹਾ ਕਿ ਲਾਹੌਰ ਦਰਬਾਰ ਦੀਆਂ ਫ਼ੌਜਾਂ ਜਿਹੜੀਆਂ ਸੈਂਦੋ ਦੇ ਅਸਥਾਨ ਤੇ ਆਕੀ ਹੋ ਬੈਠੀਆਂ ਹਨ, ਉਹਦੇ ਉੱਤੇ ਅਗਲੇ ਪਾਸਿਉਂ ਹਮਲਾ ਕਰਨਗੀਆਂ ਤੇ ਰਾਖੀ ਵਾਸਤੇ ਆ ਰਹੀ ਫ਼ੌਜ ਉਸ ਤੇ ਪਿਛਲੇ ਪਾਸਿਉਂ ਹੱਲਾ ਬੋਲ ਦੇਵੇਗੀ ਤੇ ਇਸ ਤਰ੍ਹਾਂ ਉਸ ਨੂੰ ਦੋਹਾ ਫੌਜਾਂ ਦਾ ਟਾਕਰਾ ਕਰਨਾ ਔਖਾ ਹੋ ਜਾਏਗਾ। ਇਸ ਲਈ ਉਸ ਨੇ ਕਿਸੇ ਥਾਂ ਤੇ ਰੁਕਣਾ ਮੁਨਾਸਬ ਨਾ ਸਮਝਿਆ ਤੇ ਮੀਂਹ ਵੱਸਣ ਦੇ ਬਾਵਜੂਦ ਵਾਹੋ-ਦਾਹੀ ਅਟਕ ਦਰਿਆ ਵੱਲ ਵਧੀ ਗਿਆ। ਅਟਕ ਦਰਿਆ ਤੇ ਉਸ ਨੇ ਬੇੜੀਆਂ ਦਾ ਪੁਲ ਬੰਨ੍ਹ ਕੇ ਸਾਰੇ ਕਾਫ਼ਲੇ ਨੂੰ ਪਾਰ ਲੰਘਾ ਲਿਆ ਤੇ ਫਿਰ ਬੇੜੀਆਂ ਦਾ ਪੁਲ ਤੋੜ ਦਿੱਤਾ, ਤਾਂ ਜੁ ਰੱਖਿਆ ਲਈ ਪਿੱਛੇ ਆ ਰਹੀ ਫ਼ੌਜ ਛੇਤੀ ਨਾ ਲੰਘ ਸਕੇ ਤੇ ਉਹ ਆਪਣੇ ਆਪ ਨੂੰ ਉਨ੍ਹਾਂ ਤੋਂ ਦੂਰ ਕਰ ਲਵੇ। ਇਸ ਤਰ੍ਹਾਂ ਹਮਲਾ ਹੋਣ ਤੇ ਉਸ ਨੂੰ ਇਕੋ ਪਾਸੇ ਅਰਥਾਤ ਸਾਹਮਣੇ ਸੈਂਦੋ ਤੇ ਆਕੀ ਹੋਈਆਂ ਫ਼ੌਜਾਂ ਨਾਲ ਹੀ ਟਾਕਰਾ ਕਰਨਾ ਪਏਗਾ।[2] ਬਰਾਡਫੁਟ ਦੇ ਲੰਘਣ ਪਿੱਛੋਂ ਸਰਦਾਰ ਸ਼ਾਮ ਸਿੰਘ ਦੇ ਅਧੀਨ ਫ਼ੌਜ ਨੇ ਅਟਕ ਦਰਿਆ ਪਾਰ ਕਰ ਲਿਆ।

ਕੈਪਟਨ ਬਰਾਡਫੁਟ ਦਾ ਵਤੀਰਾ ਇੰਨਾ ਭੜਕਾਊ ਸੀ ਕਿ ਜੇ ਸਰਦਾਰ ਸ਼ਾਮ ਸਿੰਘ ਵਰਗਾ ਸਿਆਣਾ ਤੇ ਸਹਿਨਸ਼ੀਲ ਵਿਅਕਤੀ ਫ਼ੌਜਾਂ ਨੂੰ ਨਾ ਰੋਕਦਾ ਤਾਂ ਸ਼ਾਇਦ ਲਾਹੌਰ ਦਰਬਾਰ ਅਤੇ ਅੰਗਰੇਜ਼ਾਂ ਦੇ ਵਿਚਕਾਰ ਜੰਗ ਹੋ ਜਾਂਦੀ। ਬੇੜੀਆਂ ਦਾ ਪੁਲ ਤੋੜਨ ਪਿੱਛੋਂ ਬਰਾਡਫੁਟ ਅੱਗੇ ਵਧਿਆ। ਉਸ ਨੇ ਅਫ਼ਗਾਨ ਵਸੋਂ ਨੂੰ ਲਾਹੌਰ ਦਰਬਾਰ ਦੇ ਵਿਰੁੱਧ ਭੜਕਾਇਆ ਅਤੇ ਸੈਂਦੋ ਦੇ ਅਸਥਾਨ ਤੇ ਬਾਗ਼ੀ ਹੋਈਆਂ ਪਲਟਣਾਂ ਵਿੱਚੋਂ ਕੁਝ ਆਦਮੀਆਂ ਨੂੰ ਗਰਿਫ਼ਤਾਰ ਕਰ ਲਿਆ, ਹਾਲਾਂ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ

---

[1] "ਸੀਕ੍ਰੇਟ ਕਨਸਲਟੇਸ਼ਨ", ਨੰਬਰ 65, ਜੂਨ 7, 1841

[2] "ਕੈਰੀਅਰ ਆਫ਼ ਮੇਜਰ ਬਰਾਡਫੁਟ", ਪੰਨਾ 15

ਸੀ। ਗਵਰਨਰ ਜਨਰਲ ਦੇ ਏਜੰਟ ਕਲਾਰਕ ਨੂੰ ਲਿਖੀ 15 ਮਈ, 1841 ਦੀ ਚਿੱਠੀ ਵਿਚ ਉਹ ਆਪ ਇਹ ਸਭ ਹਾਲ ਦਸਦਾ ਹੈ :

"ਮੈਂ ਇਹ ਕਹਿ ਕੇ ਉਨ੍ਹਾਂ ਸੈਂਦੋ ਤੇ ਬਾਗ਼ੀ ਹੋਈਆਂ ਫ਼ੌਜਾਂ ਕੋਲੋਂ ਵਾਪਸ ਆ ਗਿਆ ਕਿ ਹੁਣ ਜਦ ਉਨ੍ਹਾਂ ਨੇ ਆਪਣੇ ਆਪ ਹੀ ਤਿੰਨਾਂ ਸਰਕਾਰਾਂ ਦੀ ਵਿਰੋਧਤਾ ਕਰਨ ਦਾ ਫ਼ੈਸਲਾ ਕਰ ਲਿਆ ਹੈ, ਤਾਂ ਉਨ੍ਹਾਂ ਨੂੰ ਦੁਸ਼ਮਣ ਹੀ ਸਮਝਿਆ ਜਾਏਗਾ। ਮੈਂ ਉਨ੍ਹਾਂ ਨੂੰ ਚਿਤਾਉਣੀ ਦੇ ਦਿੱਤੀ ਕਿ ਜੇ ਉਹ ਪਹਾੜਾਂ ਵੱਲ ਵਧੇ, ਤਾਂ ਉਨ੍ਹਾਂ ਉਤੇ ਗੋਲੀ ਚਲਾਏ ਜਾਣ ਦੀ ਸੰਭਾਵਨਾ ਹੈ। ਮੈਂ ਤਿੰਨਾਂ ਸਰਕਾਰਾਂ ਦੇ ਨਾਂ ਨਾਲ ਉਨ੍ਹਾਂ ਦੇ ਸਾਂਝੇ ਦੁਸ਼ਮਣ ਦੇ ਟਾਕਰੇ ਤੇ ਅਫ਼ਗ਼ਾਨ ਫ਼ੌਜ ਭਰਤੀ ਕਰਾਂਗਾ......ਸੂਰਜ ਛਿਪੇ ਤੋਂ ਪਿੱਛੋਂ ਮੈਂ ਉਨ੍ਹਾਂ ਦੇ ਪੰਚਾਂ ਨੂੰ ਪਹਾੜਾਂ ਵਿਚ ਮਿਲਿਆ ਜੋ ਮੇਰੀ ਗੱਲ ਬਾਤ ਪਿੱਛੋਂ ਆਪਣੇ ਮਿੱਤਰਾਂ ਨੂੰ ਮੇਰੇ ਕੈਂਪ ਵਿਚ ਮਿਲਣ ਆਏ ਸਨ। ਮੈਂ ਉਨ੍ਹਾਂ ਨੂੰ ਕੈਦੀ ਬਣਾ ਲਿਆ"।[1]

ਲਾਹੌਰ ਦਰਬਾਰ ਦੀਆਂ ਸੈਂਦੋ ਦੀਆਂ ਫ਼ੌਜਾਂ ਨੇ ਆਪਣੇ ਪੰਚ ਕੈਦ ਹੋਣ ਤੇ ਬਰਾਡਫੁਟ ਦੇ ਕਾਫ਼ਲੇ ਉੱਤੇ ਹੱਲਾ ਤਾਂ ਨਾ ਬੋਲਿਆ, ਕਿਉਂਕਿ ਉਨ੍ਹਾਂ ਨੂੰ ਮਹਾਰਾਜਾ ਸ਼ੇਰ ਸਿੰਘ ਦਾ ਪਰਵਾਨਾ ਮਿਲ ਚੁਕਿਆ ਸੀ। ਪਰ ਬਰਾਡਫੁਟ ਦੇ ਇਸ ਵਤੀਰੇ ਦੇ ਬਦਲੇ ਵਜੋਂ ਉਨ੍ਹਾਂ ਨੇ ਵੀ ਬਰਾਡਫੁਟ ਦੇ ਕੁਝ ਆਦਮੀ ਕੈਦ ਕਰ ਲਏ। ਇਸ ਭੜਕਾਉ, ਸ਼ੱਕੀ ਤੇ ਬਦਲੇ ਵਾਲੇ ਵਾਤਾਵਰਣ ਵਿਚ ਸਰਦਾਰ ਸ਼ਾਮ ਸਿੰਘ ਨੇ ਬੜੀ ਦ੍ਰਿੜ੍ਹਤਾ, ਦਲੇਰੀ ਤੇ ਖੁਲ੍ਹ-ਦਿਲੀ ਦਾ ਸਬੂਤ ਦਿੱਤਾ। ਸਰਦਾਰ ਸ਼ਾਮ ਸਿੰਘ ਨੇ ਇਸ ਗੱਲ ਦੀ ਕੋਈ ਪਰਵਾਹ ਨਾ ਕੀਤੀ ਕਿ ਬਰਾਡਫੁਟ ਉਹਦੇ ਉੱਤੇ ਸ਼ੱਕ ਕਰਦਾ ਹੈ ਅਤੇ ਬੜੀ ਦਲੇਰੀ ਤੇ ਸਿਆਣਪ ਨਾਲ ਸੈਂਦੋ ਵਿਚ ਲਾਹੌਰ ਦਰਬਾਰ ਦੀਆਂ ਦੀਆਂ ਫ਼ੌਜਾਂ ਨੂੰ ਸਮਝਾ ਬੁਝਾ ਕੇ ਕਿਸੇ ਕਾਰਵਾਈ ਤੋਂ ਬਾਜ਼ ਰੱਖਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਨਾ ਕੇਵਲ ਕਾਫ਼ਲਾ ਹੀ ਸਲਾਮਤ ਲੰਘ ਗਿਆ, ਸਗੋਂ ਸੈਂਦੋਂ ਦੇ ਫ਼ੌਜੀਆਂ ਨੇ ਬਰਾਡਫੁਟ ਦੇ ਕਾਫ਼ਲੇ ਦੇ ਕੈਦੀ ਵੀ ਵਾਪਸ ਕਰ ਦਿੱਤੇ। ਇਹ ਸਾਰੀਆਂ ਗੱਲਾਂ ਬਰਾਡਫੁਟ ਦੀ ਆਪਣੀ ਲਿਖਤ ਤੋਂ ਸਾਬਤ ਹੋ ਜਾਂਦੀਆਂ ਹਨ।

ਆਪਣੀ 14 ਮਈ ਦੀ ਇਕ ਪੱਤਰਕਾ ਵਿਚ ਬਰਾਡਫੁਟ ਮੰਨਦਾ ਹੈ ਕਿ ਸਰਦਾਰ ਸ਼ਾਮ ਸਿੰਘ ਦੀ ਸਿਆਣਪ ਨੇ ਉਸ ਨੂੰ ਹੋਣ ਵਾਲੀ ਦੁਰਘਟਨਾ ਤੋਂ ਬਚਾਇਆ।

[1]"ਸੀਕ੍ਰੇਟ ਕਨਸਲਟੇਸ਼ਨ", ਨੰਬਰ 70, ਮਿਤੀ ਜੂਨ 7,1841, ਪੱਤਰਕਾ ਮਿਤੀ ਮਈ 15,1841

"We parted with public declaration that they had now voluntarily chosen to be the enemies of three Governments, they must be treated as such and they were warned to expect to be fired on if they approached the hills and that I should in the name of three Governments raise Afghans on them as enemies.........After sunset I met five of them, "Punch" among the hills who after my conference went to our camp to concert with their friends there, and they were made prisoners."

ਉਹ ਲਿਖਦਾ ਹੈ, 'ਬਾਗ਼ੀ ਸਿੱਖ ਫ਼ੌਜਾਂ ਲੜਾਈ ਦੀ ਤਰਤੀਬ ਵਿਚ ਅੱਜ ਸਵੇਰੇ ਕੁਝ ਮੀਲ ਅੱਗੇ ਆਈਆਂ। ਸਿੱਖ ਫੌਜੀ ਸਾਡੀ ਚੌਕੀ ਦੇ ਨੇੜੇ ਤੇ ਸਰਦਾਰ ਸ਼ਾਮ ਸਿੰਘ ਦੇ ਕੈਂਪ ਦੇ ਨੇੜੇ ਆ ਗਏ। ਪਰਤੱਖ ਸੀ ਕਿ ਉਹ ਸਰਦਾਰ ਸ਼ਾਮ ਸਿੰਘ ਦੇ ਕੈਂਪ ਤੇ ਗੋਲੀ ਚਲਾਉਣਾ ਚਾਹੁੰਦੇ ਸਨ। ਸ਼ਾਇਦ ਉਹ ਸਾਥੋਂ ਡਰ ਰਹੇ ਸਨ। ਪਰ ਸਰਦਾਰ ਸ਼ਾਮ ਸਿੰਘ ਆਪਣੇ ਕੈਂਪ ਤੋਂ ਬਾਹਰ ਨਿਕਲ ਆਇਆ ਤੇ ਉਨ੍ਹਾਂ ਫੌਜੀਆਂ ਨੂੰ ਜਾ ਮਿਲਿਆ। ਇਸ ਤੇ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਉਹ ਤਾਂ ਸਰਦਾਰ ਸ਼ਾਮ ਸਿੰਘ ਨਾਲ ਸਲਾਹ-ਮਸ਼ਵਰੇ ਲਈ ਆਏ ਹਨ ਤੇ ਉਸ ਦੇ ਮਸ਼ਵਰੇ ਤੇ ਅਮਲ ਕਰਨਗੇ। ਉਨ੍ਹਾਂ ਦੀਆਂ ਪਲਟਣਾਂ ਵਿਚ ਬਹੁਤ ਹਫੜਾ-ਦਫੜੀ ਫੈਲੀ ਹੋਈ ਹੈ। ਮੇਰੇ ਨਾਲ ਭੈੜਾ ਸਲੂਕ ਕਰਨ ਕਰਕੇ 64 ਪੰਚਾਂ ਨੂੰ ਅੱਡ ਕਰ ਦਿੱਤਾ ਗਿਆ ਹੈ। ਹਰੇਕ ਕੰਪਨੀ ਨੇ ਆਪਣੇ ਵਿੱਚੋਂ ਬਾਰਾਂ ਆਦਮੀ ਚੁਣੇ ਹਨ ਤੇ ਇਸ ਤਰ੍ਹਾਂ ਕੰਮ ਚਲਾਉਣ ਲਈ ਕੁਲ 384 ਚੁਣੇ ਗਏ ਹਨ। ਇਹ ਉਨ੍ਹਾਂ ਦੇ ਅੱਗੇ ਵਧਣ ਲਈ ਕੀਤਾ ਦੱਸਿਆ ਜਾਂਦਾ ਹੈ। ਪੰਚਾਇਤ ਅਤੇ ਸਾਰੇ ਤਮਾਸ਼ਬੀਨ ਅੱਗੇ ਵੱਧ ਆਏ ਤੇ ਕੈਂਪ ਵਿਚ ਕੋਈ ਨਹੀਂ ਰਿਹਾ। ਸਰਦਾਰ ਸ਼ਾਮ ਸਿੰਘ ਨੇ ਬਹੁਤ ਸਮਝਾਇਆ ਕਿ ਉਹ ਸਾਡੇ ਫੜੇ ਹੋਏ ਬੰਦੇ ਛੱਡ ਦੇਣ ਤੇ ਰਸਤੇ ਤੋਂ ਪਿੱਛੇ ਹਟਦਿਆਂ ਸਾਰ ਹੀ ਉਨ੍ਹਾਂ ਨੇ ਸਾਡੇ ਕੈਦੀ ਬੱਗੀਏ ਬਿਸਤਰੇ ਸਮੇਤ ਸਰਦਾਰ ਸ਼ਾਮ ਸਿੰਘ ਦੇ ਹਵਾਲੇ ਕਰ ਦਿੱਤੇ।"[1]

ਸਰਦਾਰ ਸ਼ਾਮ ਸਿੰਘ ਨੇ ਬੜੀ ਸਿਆਣਪ ਤੇ ਦੂਰ-ਦ੍ਰਿਸ਼ਟੀ ਨਾਲ ਸਾਰੇ ਮਾਮਲੇ ਨੂੰ ਨਜਿੱਠ ਲਿਆ, ਪਰ ਬਰਾਡਫੁਟ ਫਿਰ ਵੀ ਵਧੀਕੀਆਂ ਕਰਨ ਤੋਂ ਨਾ ਟਲਿਆ। ਇਸ ਅਣੋਖੇ ਤੇ ਸ਼ੱਕੀ ਤਬੀਅਤ ਮਹਿਮਾਨ ਨੇ ਲਾਹੌਰ ਦਰਬਾਰ ਵਿਰੁੱਧ ਅਫ਼ਗਾਨਾਂ ਦੀ ਵਸੋਂ ਨੂੰ ਭੜਕਾਇਆ ਤੇ ਬਗ਼ਾਵਤ ਲਈ ਪ੍ਰੇਰਨ ਦਾ ਜਤਨ ਕੀਤਾ ਜਿਵੇਂ ਕਿ ਕਨਿੰਘਮ ਲਿਖਦਾ ਹੈ:

"ਦਰਿਆ ਅਟਕ ਨੂੰ ਪਾਰ ਕਰਨ ਪਿੱਛੋਂ ਉਸ (ਬਰਾਡਫੁਟ) ਨੂੰ ਆਪਣੇ ਗਵਾਂਢ ਅਤੇ ਪਿਸ਼ਾਵਰ ਵਾਲੇ ਪਾਸਿਉਂ ਪਲਟਣਾਂ ਦੇ ਲੜਾਈ ਦੇ ਇਰਾਦੇ ਦਾ ਇਨਾਂ ਪੱਕਾ ਨਿਸਚਾ ਸੀ ਕਿ ਉਸ ਨੇ ਆਪਣੇ ਕੈਂਪ ਨੂੰ ਮੁਕੰਮਲ ਤੌਰ ਤੇ (ਹਮਲੇ ਤੋਂ) ਰੱਖਿਆ ਲਈ ਤਿਆਰ ਕਰ ਲਿਆ। ਅਟਕ ਉੱਤੇ ਬੇੜੀਆਂ ਦਾ ਪੁਲ ਤੋੜ ਦਿੱਤਾ ਅਤੇ ਅਫ਼ਗਾਨ ਵੱਸੋਂ ਨੂੰ ਵੰਗਾਰਿਆ ਕਿ ਉਹ ਉੱਠਣ ਤੇ ਆਪਣੀ ਸਰਕਾਰ ਦੇ ਵਿਰੁੱਧ ਉਸ ਦੀ ਸਹਾਇਤਾ ਕਰਨ।[2]

---

[1] "ਸੀਕ੍ਰੇਟ ਕਨਸਲਟੇਸ਼ਨ", ਨੰਬਰ 70, ਜੂਨ, 1841, ਪੱਤਰਕਾ ਮਿਤੀ ਮਈ 14, 1841

[2] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 238-239

"On crossing the river at Attock his persuations of hostile designs of the battalion situate neighbourhood and towards Peshawar was so strong that he put his camp in a complete state of defence, broke up the bridge of boats and called upon the Afghans population to rise and aid him against the troops of their Government."

ਇਹ ਸਾਰਾ ਭੜਕਾਊ ਵਤੀਰਾ ਕੇਵਲ ਸ਼ੱਕ ਤੇ ਅਧਾਰਤ ਸੀ। ਇਸ ਵਿਚ ਸਚਾਈ ਕੋਈ ਨਹੀਂ ਸੀ। ਕਨਿੰਘਮ ਲਿਖਦਾ ਹੈ :

"ਪਰ ਉਸ ਦਾ ਸ਼ੱਕ ਕਿਸੇ ਦਿਸਦੀ ਦਲੀਲ ਤੇ ਨਿਰਭਰ ਨਹੀਂ ਸੀ ਵਿਖਾਈ ਦੇਂਦਾ। ਜਦੋਂ ਤਕ ਉਸ ਨੇ ਕੁਝ ਬਾਗ਼ੀ ਪਲਟਣਾਂ ਦੇ ਪੰਚਾਂ ਨੂੰ ਗਰਿਫਤਾਰ ਨਾ ਕਰ ਲਿਆ, ਜਿਹੜੇ ਆਪਣੇ ਕਮਾਂਡਰ ਨਾਲ ਸਲਾਹ-ਮਸ਼ਵਰਾ ਕਰ ਕੇ ਵਾਪਸ ਜਾ ਰਹੇ ਸਨ, ਤੇ ਜੋ ਅੰਗਰੇਜ਼ਾਂ ਦੀਆਂ ਰੱਖਿਅਕ ਚੌਕੀਕਾਂ ਦੀਆਂ ਹੱਦਾਂ ਵਿਚ ਆ ਗਏ ਸਨ।[1]

ਬਰਾਡਫੁਟ ਦੇ ਇਸ ਵਤੀਰੇ ਨਾਲ ਦੋਹਾਂ ਸਰਕਾਰਾਂ ਵਿਚ ਫੁੱਟ ਪਈ, ਨਫਰਤ ਵਧੀ ਤੇ ਕਈ ਭਿਆਨਕ ਸਿਟੇ ਨਿਕਲਣ ਦੀ ਸੰਭਾਵਨਾ ਹੋ ਗਈ। ਇਸ ਸਬੰਧ ਵਿਚ ਕਨਿੰਘਮ ਲਿਖਦਾ ਹੈ :

"ਇਸ ਕਾਰਵਾਈ ਨੇ ਪਿਸ਼ਾਵਰ ਦੇ ਗਵਰਨਰ ਅਬੂਤਵੇਲਾ ਨੂੰ ਤੇ ਉਥੋਂ ਦੇ ਅੰਗਰੇਜ਼ੀ ਏਜੰਟ ਨੂੰ ਬਹੁਤ ਘਬਰਾ ਦਿੱਤਾ। ਇਕ ਬਿਰਗੇਡ ਨੂੰ, ਜਿਸ ਨੂੰ ਅੱਗੇ ਹੀ ਖ਼ਬਰਦਾਰ ਕੀਤਾ ਗਿਆ ਸੀ, ਜਲਾਲਾਬਾਦ ਤੋਂ ਤੇਜ਼ੀ ਨਾਲ ਲਿਆਂਦਾ ਗਿਆ ਤਾਂ ਜੁ ਉਨ੍ਹਾਂ ਸਿੱਖ ਫ਼ੌਜਾਂ ਨੂੰ ਜਿਹੜੀਆਂ ਅਟਕ ਦੇ ਨੇੜੇ ਸਨ, ਡਰਾਇਆ ਜਾਏ। ਪਰ ਸ਼ਾਹ ਦਾ ਪਰਵਾਰ ਤੇ ਉਨ੍ਹਾਂ ਦੇ ਸਾਰੇ ਸਾਥੀ ਕਿਸੇ ਛੇੜਖ਼ਾਨੀ ਤੋਂ ਬਿਨਾਂ ਲੰਘ ਚੁਕੇ ਸਨ, ਜਦੋਂ ਕਿ ਸਹਾਇਕ ਫ਼ੌਜਾਂ ਹਾਲੀ ਖ਼ੈਬਰ ਤੋਂ ਹੀ ਲੰਘੀਆਂ ਸਨ। ਇਹ ਸਾਰੀ ਕਾਰਵਾਈ ਸਿੱਖਾਂ ਨੂੰ ਤੰਗ ਕਰ ਕੇ ਭੜਕਾਉਣ ਲਈ ਕੀਤੀ ਗਈ ਸੀ, ਤੇ ਇਸ ਨਾਲ ਮਹਾਰਾਜਾ ਸ਼ੇਰ ਸਿੰਘ ਨੂੰ ਮੌਕਾ ਮਿਲ ਗਿਆ ਕਿ ਉਹ ਆਪਣੀਆਂ ਰੌਲਾ-ਮਚਾਊ ਫ਼ੌਜਾਂ ਨੂੰ ਇਸ਼ਾਰਾ ਕਰ ਸਕੇ ਕਿ ਪੰਜਾਬ ਉਨ੍ਹਾਂ ਅੰਗਰੇਜ਼ੀ ਫ਼ੌਜਾਂ ਨਾਲ ਘਿਰਿਆ ਪਿਆ ਹੈ ਜਿਹੜੀਆਂ ਪੰਜਾਬ ਨਾਲ ਜੁੱਧ ਕਰਨਾ ਚਾਹੁੰਦੀਆਂ ਹਨ ਤੇ ਇਹਦੇ ਲਈ ਤਿਆਰ ਵੀ ਹਨ।"[2]

ਸਰਦਾਰ ਸ਼ਾਮ ਸਿੰਘ ਦੀ ਵੇਲੇ ਸਿਰ ਸਹਾਇਤਾ ਨੇ ਅੰਗਰੇਜ਼ਾਂ ਤੇ ਸਿੱਖਾਂ ਦੇ ਸੰਬੰਧਾਂ ਨੂੰ ਵਿਗੜਨ ਤੋਂ ਬਚਾ ਦਿੱਤਾ। ਬਰਾਡਫੁਟ ਦੇ ਸ਼ੱਕੀ ਸੁਭਾ ਤੇ ਸਿੱਖਾਂ ਸੰਬੰਧੀ ਪਖਪਾਤ ਨੇ ਉਸ ਨੂੰ ਕਈ ਫ਼ਰਜ਼ੀ ਵਿਉਂਤਾਂ ਬਣਾਉਣ ਲਈ ਉਕਸਾਇਆ ਤੇ ਕਈ ਵਾਰੀ ਉਸ ਨੇ ਆਪਣੇ ਨਾਲ ਆ ਰਹੀ ਸਿੱਖ ਫ਼ੌਜ ਨਾਲ ਵਿਗਾੜ ਪਾਇਆ। ਪਰ ਸਰਦਾਰ

[1]ਉਕਤ, ਪੰਨਾ 238

"But it does not appear that his apprehensions had even a plausible foundation until at this time he siezed certain deputies from a mutinous regiment when on their way back from a conference with their commander and who appear to have come within the limits of the British pickets."

[2]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 239

ਸ਼ਾਮ ਸਿੰਘ ਨੇ ਉਸ ਨੂੰ ਸਦਾ ਆਪਣੇ ਨਾਲ ਰਖਿਆ ਤੇ ਉਸ ਦਾ ਸ਼ੱਕੀ ਤੇ ਭੜਕਾਊ ਵਤੀਰਾ ਹੁੰਦਿਆਂ ਹੋਇਆਂ ਵੀ ਉਸ ਦੇ ਕਾਫ਼ਲੇ ਦੀ ਰੱਖਿਆ ਕੀਤੀ ਤੇ ਉਸ ਦੀਆਂ ਵਿਉਂਤਾਂ ਤੇ ਪਾਣੀ ਫੇਰ ਦਿੱਤਾ। ਬਰਾਡਫੁਟ ਦੇ ਕਾਫ਼ਲੇ ਦੀ ਰੱਖਿਆ ਕਰਨ ਵਿਚ ਸਰਦਾਰ ਸ਼ਾਮ ਸਿੰਘਨੇ ਬਹੁਤ ਦਲੇਰੀ ਤੇ ਸੂਝ-ਬੂਝ ਤੋਂ ਕੰਮ ਲਿਆ, ਜਿਸ ਨਾਲ ਲਾਹੌਰ ਦਰਬਾਰ ਦੀ ਸ਼ਾਨ ਉੱਚੀ ਹੋਈ।

# ਡੋਗਰਿਆਂ ਨਾਲ ਸੰਬੰਧ (1844-45)

"ਬਾਬਾ ਬੀਰ ਸਿੰਘ ਨੂੰ ਮਾਰਨ ਦੀ ਕੀ ਲੋੜ ਸੀ ? ਜੇ ਕਰ ਰੁਪਏ ਚਾਹੀਦੇ ਸਨ, ਤਾਂ ਦੋ ਲਖ ਜੋ ਮੇਰੇ ਕੋਲ ਹੈ ਲੈ ਲੈਂਦੇ ਤੇ ਇਕ ਦੂਜੇ ਵੱਲੋਂ ਸੱਚੇ ਰਹਿੰਦੇ ।"[1]

ਸਰਦਾਰ ਸ਼ਾਮ ਸਿੰਘ

1839 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਨਾਲ ਸਿੱਖ-ਰਾਜ ਦਾ ਸੂਰਜ ਅਸਤ ਹੋਣ ਲੱਗਾ ਤੇ ਡੋਗਰਾ-ਸ਼ਾਹੀ ਅਰੰਭ ਹੋ ਗਈ । ਮਹਾਰਾਜਾ ਰਣਜੀਤ ਸਿੰਘ ਦੇ ਪਿੱਛੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਖੜਕ ਸਿੰਘ ਤਖਤ ਤੇ ਬੈਠਾ । ਨਵੰਬਰ 1840 ਵਿਚ ਮਹਾਰਾਜਾ ਖੜਕ ਸਿੰਘ ਦਾ ਦੇਹਾਂਤ ਹੋ ਗਿਆ । ਹਾਲੀ ਉਸ ਦਾ ਸਸਕਾਰ ਹੋਇਆ ਹੀ ਸੀ ਕਿ ਉਸ ਦੇ ਹੋਣਹਾਰ ਸਪੁੱਤਰ ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਜੁਆਈ ਕੰਵਰ ਨੌਨਿਹਾਲ ਸਿੰਘ ਉੱਤੇ ਕਿਲ੍ਹੇ ਦੇ ਦਰਵਾਜ਼ੇ ਦਾ ਛੱਜਾ ਡਿਗ ਪਿਆ, ਜਦੋਂ ਕਿ ਉਹ ਆਪਣੇ ਪਿਤਾ ਦਾ ਸਸਕਾਰ ਕਰ ਕੇ ਹਾਲੀ ਵਾਪਸ ਆ ਹੀ ਰਿਹਾ ਸੀ । ਸੋ ਪੁੱਤਰ ਦੀ ਚਿਖ਼ਾ ਵੀ ਪਿਤਾ ਦੀ ਚਿਖ਼ਾ ਦੇ ਨਾਲ ਬਣ ਗਈ । ਇਸ ਗੱਲ ਦਾ ਨਿਰਣਾ ਕਰਦਿਆਂ ਹੋਇਆਂ ਕਿ ਇਸ ਸਾਕੇ ਵਿਚ ਰਾਜਾ ਧਿਆਨ ਸਿੰਘ ਅਤੇ ਰਾਜਾ ਗੁਲਾਬ ਸਿੰਘ ਆਦਿ ਦਾ ਕਿਨਾ ਕੁ ਹੱਥ ਸੀ, ਜੇ. ਡੀ. ਕਨਿੰਘਮ ਲਿਖਦਾ ਹੈ : "ਇਹ ਗੱਲ ਪੱਕੀ ਤਰ੍ਹਾਂ ਨਿਸਚਿਤ ਨਹੀਂ ਕਿ ਡੋਗਰਿਆਂ ਨੇ (ਜੰਮੂ ਦੇ ਰਾਜਿਆਂ ਨੇ) ਬਦਨੀਤੀ ਨਾਲ ਕੰਵਰ ਨੌਨਿਹਾਲ ਸਿੰਘ ਨੂੰ ਮਰਵਾਇਆ ਹੋਵੇ । ਪਰ ਉਨ੍ਹਾਂ ਨੂੰ ਇਸ ਹਤਿਆ ਤੋਂ ਬਰੀ ਕਰਨਾ ਵੀ ਔਖਾ ਹੈ ਅਤੇ ਇਹ ਨਿਸਚਿਤ ਹੈ ਕਿ ਉਹ ਇਹ ਹਤਿਆ ਕਰਨ ਦੇ ਸਮਰਥ ਸਨ ।"[2]

ਕੰਵਰ ਨੌਨਿਹਾਲ ਸਿੰਘ ਦੇ ਦੇਹਾਂਤ ਦਾ ਹਾਲ ਲਿਖਦਾ ਹੋਇਆ ਅਲੈਗਜ਼ਾਂਡਰ ਗਾਰਡਨਰ ਲਿਖਦਾ ਹੈ ਕਿ, "ਜਦੋਂ ਮਹਾਰਾਜਾ ਖੜਕ ਸਿੰਘ ਦਾ ਸਸਕਾਰ ਕੀਤਾ ਗਿਆ ਤਾਂ ਉਸ ਨੂੰ ਰਾਜਾ ਧਿਆਨ ਸਿੰਘ ਨੇ ਚਾਲੀ ਬੰਦੂਕਚੀ ਲਿਆਉਣ ਲਈ ਕਿਹਾ ਪਰ ਇਹ ਨਹੀਂ ਸੀ ਦਸਿਆ ਕਿ ਉਨ੍ਹਾਂ ਨੇ ਕੀ ਕਰਨਾ ਹੈ । ਜਦੋਂ ਉਹ ਚਾਲੀ ਬੰਦੂਕਚੀ ਲੈ ਕੇ ਆਇਆ, ਤਾਂ ਅੱਗੋਂ ਕੰਵਰ ਨੌਨਿਹਾਲ ਸਿੰਘ ਨਾਲ ਭਾਣਾ ਵਰਤ ਚੁਕਿਆ ਸੀ ।" ਉਹ ਅੱਗੇ ਜਾ ਕੇ ਲਿਖਦਾ ਹੈ ਕਿ, "ਜਿਸ ਪਾਲਕੀ ਵਿਚ ਪਾ ਕੇ ਕੰਵਰ ਨੌਨਿਹਾਲ ਸਿੰਘ ਨੂੰ ਕਿਲ੍ਹੇ ਅੰਦਰ ਲੈ ਗਏ ਸਨ, ਉਸ ਨੂੰ ਚੁਕਣ ਵਾਲੇ ਵੀ

---

[1] "ਪੰਜਾਬ ਆਨ ਦੀ ਈਵ ਆਫ਼ ਸਿੱਖ ਵਾਰ", ਸੰਪਾਦਕ ਡਾ. ਹਰੀ ਰਾਮ ਗੁਪਤਾ, ਪੰਨਾ 186

[2] "ਹਿਸਟਰੀ ਆਫ਼ ਦੀ ਸਿਖਸ", ਜੇ. ਡੀ. ਕਨਿੰਘਮ, ਪੰਨਾ 231

ਉਸੇ ਦੀ ਕੰਪਨੀ ਦੇ ਆਦਮੀ ਸਨ। ਇਨ੍ਹਾਂ ਪੰਜਾਂ ਵਿੱਚੋਂ ਦੋ ਨੂੰ ਮਰਵਾ ਦਿੱਤਾ ਗਿਆ ਤੇ ਦੋ ਹਿੰਦੁਸਤਾਨ ਵੱਲ ਨਸ ਗਏ ਤੇ ਇਕ ਦਾ ਪਤਾ ਨਹੀਂ ਲੱਗਾ। ਇਨ੍ਹਾਂ ਪਾਲਕੀ-ਬਰਦਾਰਾਂ ਵਿੱਚੋਂ ਇਕ ਨੇ ਕਰਨਲ ਅਲੈਗਜ਼ਾਂਡਰ ਨੂੰ ਦਸਿਆ ਕਿ ਜਦੋਂ ਉਹ ਕੰਵਰ ਨੌਨਿਹਾਲ ਸਿੰਘ ਨੂੰ ਪਾਲਕੀ ਵਿਚ ਪਾ ਕੇ ਲੈ ਗਏ ਸਨ, ਤਾਂ ਉਸ ਦੇ ਸੱਜੇ ਕੰਨ ਕੋਲ ਇਕ ਛੋਟਾ ਜਿਹਾ ਜ਼ਖ਼ਮ ਸੀ ਤੇ ਬਹੁਤ ਥੋੜਾ ਜਿਹਾ ਖ਼ੂਨ ਦਾ ਨਿਸ਼ਾਨ ਸਿਰਾਹਣੇ ਉੱਤੇ ਲੱਗਾ ਸੀ। ਪਰ ਜਦੋਂ ਅਖ਼ੀਰ ਤੇ ਦਰਵਾਜ਼ਾ ਖੋਲ੍ਹਿਆ ਗਿਆ, ਤਾਂ ਕੰਵਰ ਖ਼ੂਨ ਨਾਲ ਲਤਪਤ ਹੋਇਆ ਸੀ।"[1] ਸੋ ਉਸ ਸਮੇਂ ਇਹ ਮੰਨਿਆ ਜਾਂਦਾ ਸੀ ਕੰਵਰ ਦੀ ਹੱਤਿਆ ਕਰਨ ਵਾਲੇ ਡੋਗਰੇ ਹੀ ਸਨ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਪਿਛੋਂ ਰਾਜਾ ਧਿਆਨ ਸਿੰਘ ਨੇ, ਜੋ ਉਸ ਵੇਲੇ ਮੁਖ-ਮੰਤਰੀ ਦੀ ਪਦਵੀ ਤੇ ਸੀ, ਬਟਾਲੇ ਤੋਂ ਕੰਵਰ ਸ਼ੇਰ ਸਿੰਘ ਨੂੰ ਸੱਦ ਕੇ ਜਨਵਰੀ 1841 ਵਿਚ ਤਖ਼ਤ ਤੇ ਬਿਠਾ ਦਿੱਤਾ। ਮਹਾਰਾਜਾ ਸ਼ੇਰ ਸਿੰਘ 15 ਸਤੰਬਰ, 1843 ਨੂੰ ਸਰਦਾਰ ਲਹਿਣਾ ਸਿੰਘ ਤੇ ਅਜੀਤ ਸਿੰਘ ਸੰਧਾਂਵਾਲੀਆ ਦੇ ਹੱਥੋਂ ਮਾਰਿਆ ਗਿਆ ਤੇ ਇਸ ਨਾਲ ਧਿਆਨ ਸਿੰਘ ਵੀ ਮਾਰਿਆ ਗਿਆ। ਇਸ ਤੋਂ ਬਾਅਦ ਰਾਜਾ ਧਿਆਨ ਸਿੰਘ ਦਾ ਪੁੱਤਰ ਰਾਜਾ ਹੀਰਾ ਸਿੰਘ ਮੁਖ-ਮੰਤਰੀ ਬਣਿਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਤੇ ਨਾਬਾਲਗ ਪੁੱਤਰ ਦਲੀਪ ਸਿੰਘ ਨੂੰ ਤਖ਼ਤ ਤੇ ਬਿਠਾਇਆ ਗਿਆ। ਸਤੰਬਰ 1843 ਤੋਂ ਲੈ ਕੇ ਦਸੰਬਰ 1844 ਤਕ ਰਾਜਾ ਹੀਰਾ ਸਿੰਘ ਤੇ ਉਸ ਦਾ ਉਸਤਾਦ ਪੰਡਤ ਜਲ੍ਹਾ ਮਨ-ਮੰਨੀਆਂ ਕਰਦੇ ਰਹੇ। ਇਹ ਸਮਾਂ ਲਾਹੌਰ ਦਰਬਾਰ ਤੇ ਅੱਤ ਸੰਕਟ ਦਾ ਸਮਾਂ ਸੀ।

ਰਾਜਾ ਹੀਰਾ ਸਿੰਘ ਤੇ ਪੰਡਤ ਜਲ੍ਹਾ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਲਾਹੌਰ ਦਰਬਾਰ ਵਿਚ ਫ਼ੌਜ ਹੀ ਸਭ ਤੋਂ ਸ਼ਕਤੀ-ਸ਼ਾਲੀ ਤੱਤ ਹੈ। ਸੈਨਿਕਾਂ ਦੀ ਸਹਾਇਤਾ ਤੋਂ ਬਿਨਾਂ ਨਾ ਪ੍ਰਸ਼ਾਸਨ ਚਲ ਸਕਦਾ ਸੀ ਤੇ ਨਾ ਹੀ ਰਾਜਸੀ ਕਾਰਜ ਸਿਰੇ ਚੜ੍ਹ ਸਕਦਾ ਸੀ। ਇਸ ਲਈ ਰਾਜਾ ਹੀਰਾ ਸਿਘ ਨੇ ਹਰੇਕ ਸੈਨਿਕ ਦੀ ਤਨਖ਼ਾਹ ਵਿਚ ਢਾਈ ਰੁਪਏ ਦਾ ਵਾਧਾ ਕਰ ਦਿੱਤਾ ਤੇ ਉਨ੍ਹਾਂ ਦਾ ਪਿਛਲਾ ਰੁਕਿਆ ਹੋਇਆ ਵੇਤਨ ਵੀ ਉਨ੍ਹਾਂ ਨੂੰ ਦੇ ਦਿੱਤਾ।[2] ਇਸ ਨਾਲ ਵਕਤੀ ਤੌਰ ਤੇ ਹੀਰਾ ਸਿੰਘ ਦੀ ਵਾਹ ਵਾਹ ਤਾਂ ਹੋ ਗਈ, ਪਰ ਇਹ ਵਾਧਾ ਰਾਜ ਵਿਚ ਆਰਥਕ ਸੰਕਟ ਲਿਆਉਣ ਦਾ ਮੁੱਢ ਸਾਬਤ ਹੋਇਆ।

ਸਰਦਾਰ ਸ਼ਾਮ ਸਿੰਘ ਲਈ 1844 ਦਾ ਸਾਲ ਦੁਰਭਾਗਾ ਸੀ। ਇਸ ਸਾਲ ਦੇ ਆਰੰਭ ਵਿਚ ਹੀ ਉਸ ਦਾ ਵੱਡਾ ਲੜਕਾ ਠਾਕਰ ਸਿੰਘ ਚਲਾਣਾ ਕਰ ਗਿਆ।

---

[1] "ਮੈਮਾਇਰਜ਼ ਆਫ਼ ਅਲੈਗਜ਼ਾਂਡਰ ਗਾਰਡਨਰ" (1898) ਲੰਡਨ, ਪੰਨੇ 223-26

[2] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 257 ਅਤੇ "ਹਿਸਟਰੀ ਆਫ਼ ਪੰਜਾਬ", ਲਤੀਫ਼, ਪੰਨਾ 416

ਇਸ ਦਾ ਸ਼ਾਮ ਸਿੰਘ ਨੂੰ ਬਹੁਤ ਦੁੱਖ ਹੋਇਆ ਤੇ ਉਹ ਕੁਝ ਸਮਾਂ ਲਾਹੌਰ ਦਰਬਾਰ ਵਿਚ ਹਾਜ਼ਰ ਨਾ ਹੋਇਆ। ਇਸ ਲਈ ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਹੋਰ ਸਰਦਾਰ ਅਫ਼ਸੋਸ ਕਰਨ ਲਈ ਸਰਦਾਰ ਸ਼ਾਮ ਸਿੰਘ ਕੋਲ ਗਏ।[1]

ਰਾਜਾ ਹੀਰਾ ਸਿੰਘ ਦੀ ਇਹ ਨੀਤੀ ਸੀ ਕਿ ਕਿਸੇ ਤਰ੍ਹਾਂ ਸੈਨਿਕਾਂ ਨੂੰ ਪ੍ਰਸੰਨ ਕੀਤਾ ਜਾਏ ਤਾਂ ਜੋ ਉਹ ਉਸ ਦੇ ਵੱਸ ਵਿਚ ਰਹਿਣ। ਇਸ ਨੀਤੀ ਨੂੰ ਸਫ਼ਲ ਬਣਾਉਣ ਲਈ ਉਹ ਲਾਹੌਰ ਦਰਬਾਰ ਦੇ ਮੁਖੀਆਂ ਦੀ ਕੋਈ ਪਰਵਾਹ ਨਹੀਂ ਕਰਦਾ ਸੀ ਤੇ ਉਨ੍ਹਾਂ ਦੀਆਂ ਜਗੀਰਾਂ ਜ਼ਬਤ ਕਰਨ ਲਈ ਤਤਪਰ ਰਹਿੰਦਾ ਸੀ। ਉਸ ਨੇ ਸਭ ਤੋਂ ਪਹਿਲਾਂ ਸੰਧਾਂਵਾਲੀਏ ਸਰਦਾਰਾਂ ਦੀਆਂ ਜਗੀਰਾਂ ਜ਼ਬਤ ਕੀਤੀਆਂ[2], ਜਿਨ੍ਹਾਂ ਨੇ ਮਹਾਰਾਜਾ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਨੂੰ ਮਾਰਿਆ ਸੀ। ਸਰਦਾਰ ਅਤਰ ਸਿੰਘ ਸੰਧਾਂਵਾਲੀਆ ਨੱਸ ਕੇ ਅੰਗਰੇਜ਼ੀ ਇਲਾਕੇ ਵਿਚ ਚਲਿਆ ਗਿਆ। ਜਦੋਂ ਉਸ ਦੇ ਕਾਗਜ਼ ਪੱਤਰ ਫੋਲੇ ਗਏ, ਤਾਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਸਰਦਾਰਾਂ ਦੀਆਂ ਚਿੱਠੀਆਂ ਵੀ ਨਿਕਲੀਆਂ, ਜਿਨ੍ਹਾਂ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ, ਲਹਿਣਾ ਸਿੰਘ ਮਜੀਠੀਆ ਤੇ ਜਮਾਦਾਰ ਖੁਸ਼ਹਾਲ ਸਿੰਘ ਦੀਆਂ ਕਈ ਚਿੱਠੀਆਂ ਸਨ। ਇਸ ਤੇ ਪੰਡਤ ਜਲ੍ਹੇ ਨੇ ਜ਼ੋਰ ਦਿੱਤਾ ਕਿ ਇਨ੍ਹਾਂ ਸਰਦਾਰਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਜਾਣ। ਪਰ ਦੀਵਾਨ ਦੀਨਾ ਨਾਥ ਨੇ, ਜਿਸ ਨੂੰ ਲਾਹੌਰ ਦਰਬਾਰ ਦਾ ਇਕ ਸੁਘੜ ਦਰਬਾਰੀ ਗਿਣਿਆ ਜਾਂਦਾ ਸੀ, ਰਾਜਾ ਹੀਰਾ ਸਿੰਘ ਨੂੰ ਸਮਝਾਇਆ ਕਿ "ਇਸ ਮਾਮਲੇ ਨੂੰ ਛੱਡ ਦਿੱਤਾ ਜਾਏ, ਨਹੀਂ ਤਾਂ ਬਹੁਤ ਰੌਲਾ ਪਵੇਗਾ।"[3]

ਰਾਜਾ ਹੀਰਾ ਸਿੰਘ, ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਦੇ ਸਾਥੀਆਂ ਤੇ ਮਿੱਤਰਾਂ ਨਾਲ ਬਹੁਤ ਈਰਖਾ ਕਰਦਾ ਸੀ ਇਸ ਲਈ ਉਹ ਵੀ ਰਾਜਾ ਹੀਰਾ ਸਿੰਘ ਤੋਂ ਬਚਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦੇ ਰਹਿੰਦੇ ਸਨ। ਸਰਦਾਰ ਲਹਿਣਾ ਸਿੰਘ ਮਜੀਠੀਆ, ਲਹਿਣਾ ਸਿੰਘ ਸੰਧਾਂਵਾਲੀਏ ਦਾ ਗੂੜ੍ਹਾ ਮਿੱਤਰ ਸੀ, ਇਸ ਲਈ ਰਾਜਾ ਹੀਰਾ ਸਿੰਘ ਦੀ ਸਰਕਾਰ ਤੋਂ ਬਚਣ ਲਈ ਉਹ ਤੀਰਥ-ਯਾਤਰਾ ਦੇ ਬਹਾਨੇ ਬਨਾਰਸ ਚਲਿਆ ਗਿਆ। ਰਾਜਾ ਹੀਰਾ ਸਿੰਘ ਦਾ ਸੱਕਾ ਚਾਚਾ ਰਾਜਾ ਸੁਚੇਤ ਸਿੰਘ, ਲਹਿਣਾ ਸਿੰਘ ਸੰਧਾਂਵਾਲੀਏ ਦਾ ਪੱਗ-ਵੱਟ ਭਰਾ ਸੀ। ਲਹਿਣਾ ਸਿੰਘ ਦੀ ਮੌਤ ਪਿੱਛੋਂ ਉਸ ਨੇ ਮੰਗ ਕੀਤੀ ਕਿ ਲਹਿਣਾ ਸਿੰਘ ਦਾ ਪਰਵਾਰ (ਉਸ ਦੀ ਪਤਨੀ ਤੇ ਇਕ ਬੱਚਾ) ਦੇਖ-ਭਾਲ ਲਈ ਉਸ ਨੂੰ ਦਿੱਤਾ ਜਾਏ। ਪਰ ਹੀਰਾ ਸਿੰਘ ਇਹ ਗੱਲ ਨਾ ਮੰਨਿਆ।[4] ਇਸ ਤੋਂ ਛੁਟ ਸੁਚੇਤ ਸਿੰਘ ਆਪ ਵਜ਼ੀਰ ਬਣਨ ਦੇ ਸੁਪਨੇ ਲੈਂਦਾ ਸੀ ਤੇ

---

[1] "ਪੰਜਾਬ ਆਨ ਦੀ ਈਵ ਆਫ਼ ਫ਼ਸਟ ਸਿੱਖ ਵਾਰ", ਹਰੀ ਰਾਮ ਗੁਪਤਾ, ਪੰਨਾ 183

[2] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 267

[3] "ਪੰਜਾਬ ਆਨ ਦੀ ਈਵ ਆਫ਼ ਫ਼ਸਟ ਸਿੱਖ ਵਾਰ", ਪੰਨਾ 183

[4] "ਸੀਕ੍ਰੇਟ ਕਨਸਲਟੇਸ਼ਨ" ਨੰਬਰ 484-86, ਮਿਤੀ ਮਾਰਚ 23, 1844

ਰਾਜਾ ਹੀਰਾ ਸਿੰਘ ਨੂੰ ਸ਼ੱਕ ਸੀ ਕਿ ਕੰਵਰ ਕਸ਼ਮੀਰਾ ਸਿੰਘ ਦੀ ਬਗ਼ਾਵਤ ਪਿੱਛੇ ਉਸ ਦਾ ਹੱਥ ਹੈ। ਸੋ ਰਾਜਾ ਸੁਚੇਤ ਸਿੰਘ ਆਪਣੇ ਬਚਾਉ ਲਈ ਜਮੂੰ ਚਲਿਆ ਗਿਆ। ਹੀਰਾ ਸਿੰਘ, ਸੁਚੇਤ ਸਿੰਘ ਨੂੰ ਆਪਣਾ ਪੱਕਾ ਵੈਰੀ ਸਮਝਦਾ ਸੀ, ਇਸ ਲਈ ਉਸ ਨੇ ਚਲਾਕੀ ਨਾਲ ਉਸ ਨੂੰ ਲਾਹੌਰ ਬੁਲਵਾ ਭੇਜਿਆ। ਜਦੋਂ ਹਾਲੀ ਉਹ ਸ਼ਾਹਦਰੇ ਦੇ ਕੋਲ ਹੀ ਪੁੱਜਾ ਸੀ ਕਿ ਰਾਜਾ ਹੀਰਾ ਸਿੰਘ ਦੀਆਂ ਫ਼ੌਜਾਂ ਨੇ ਉਸ ਨੂੰ ਘੇਰ ਕੇ ਕਤਲ ਕਰ ਦਿੱਤਾ। ਰਾਜਾ ਸੁਚੇਤ ਸਿੰਘ ਨੇ ਅਫ਼ਗਾਨਿਸਤਾਨ ਦੀ ਲੜਾਈ ਸਮੇਂ 15 ਲੱਖ ਰੁਪਿਆ ਫ਼ੀਰੋਜ਼ਪੁਰ ਅੰਗਰੇਜ਼ੀ ਇਲਾਕੇ ਵਿਚ ਭੇਜਿਆ ਹੋਇਆ ਸੀ। ਈਸਟ ਇੰਡੀਆ-ਕੰਪਨੀ ਨੇ ਇਹ ਰੁਪਿਆ ਲਾਹੌਰ ਦਰਬਾਰ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਸੁਚੇਤ ਸਿੰਘ ਦਾ ਆਪਣਾ ਕੋਈ ਵਾਰਸ ਨਹੀਂ ਸੀ। ਇਸ ਲਈ ਲਾਹੌਰ ਦਰਬਾਰ ਨੇ ਮੰਗ ਕੀਤੀ ਕਿ ਇਸ ਰੁਪਏ ਤੇ ਉਸ ਦਾ ਹੱਕ ਹੈ ਪਰ ਅਗਰੇਜ਼ੀ ਸਰਕਾਰ ਨਾ ਮੰਨੀ।[1] ਉਧਰ ਸੁਚੇਤ ਸਿੰਘ ਦੀ ਜਾਗੀਰ ਉਸ ਦੇ ਵੱਡੇ ਭਰਾ ਰਾਜਾ ਗੁਲਾਬ ਸਿੰਘ ਨੇ ਸਾਂਭ ਲਈ, ਸੋ ਇਹ ਵੀ ਲਾਹੌਰ ਦਰਬਾਰ ਨੂੰ ਨੁਕਸਾਨ ਹੋਇਆ।

ਜਿਵੇਂ ਕਿ ਅੱਗੇ ਦਸਿਆ ਗਿਆ ਹੈ ਕਿ ਰਾਜਾ ਹੀਰਾ ਸਿੰਘ ਨੇ ਫ਼ੌਜਾਂ ਨੂੰ ਪ੍ਰਸੰਨ ਕਰਨ ਲਈ ਹਰ ਸੈਨਿਕ ਦੀ ਤਨਖ਼ਾਹ ਵਿਚ ਢਾਈ ਰੁਪਏ ਵਾਧਾ ਕੀਤਾ ਜਿਸ ਨਾਲ ਖ਼ਰਚ ਵਿਚ ਬਹੁਤ ਵਾਧਾ ਹੋਇਆ। ਗਵਰਨਰ-ਜਨਰਲ ਦੇ ਲੁਧਿਆਣੇ ਦੇ ਏਜੰਟ ਨੇ ਇਸ ਸਮੇਂ ਲਾਹੌਰ ਦਰਬਾਰ ਦੀ ਆਰਥਕ ਹਾਲਤ ਬਾਰੇ ਹੇਠ ਲਿਖੀ ਰਪੋਟ ਗਵਰਨਰ-ਜਨਰਲ ਨੂੰ ਭੇਜੀ :

"ਪੰਜਾਬ ਦੀ ਆਮਦਨੀ ਤਿੰਨ ਸਾਢੇ ਤਿੰਨ ਕਰੋੜ ਦੇ ਵਿਚ ਵਿਚ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬੇਕਾਇਦਾ ਫ਼ੌਜਾਂ ਨਾਲ ਅਸਥਾਪਤ ਹੋਇਆ ਸੀ ਤੇ ਇਹ ਫ਼ੌਜਾਂ, ਘੋੜ-ਚੜ੍ਹਿਆਂ ਤੇ ਜਾਗੀਰਦਾਰਾਂ ਦੀਆਂ ਸਨ। ਪਰ ਮਹਾਰਾਜੇ ਨੇ ਬਾਕਾਇਦਾ ਫ਼ੌਜ ਵੀ ਰੱਖੀ ਹੋਈ ਸੀ, ਜਿਸ ਨੂੰ ਜਾਗੀਰਾਂ ਤੇ ਹੋਰ ਮਾਫ਼ੀ ਦੀਆਂ ਜ਼ਮੀਨਾਂ ਮਿਲਦੀਆਂ ਸਨ...ਮਹਾਰਾਜਾ ਦਲੀਪ ਸਿੰਘ ਦੇ ਤਖ਼ਤ ਤੇ ਬੈਠਣ ਸਮੇਂ ਜਗੀਰਦਾਰਾਂ ਕੋਲ ਤੇ ਕਿਸਾਨਾਂ ਕੋਲ ਕੇਵਲ ਇਕ ਕਰੋੜ ਤੋਂ ਥੋੜਾ ਜਿਹਾ ਉੱਤੇ ਰੁਪਿਆ ਬਚਦਾ ਸੀ, ਜੋ ਲਾਹੌਰ ਦਰਬਾਰ ਵਾਸਤੇ ਤੇ ਬਾਕਾਇਦਾ ਫ਼ੌਜ ਵਾਸਤੇ ਸੀ। ਪਿਛਲੇ ਸਾਲਾਂ ਵਿਚ ਫ਼ੌਜਾਂ ਦੀ ਗਿਣਤੀ ਵੀ ਵੱਧ ਗਈ ਸੀ ਤੇ ਫ਼ੌਜਾਂ ਦੀਆਂ ਤਨਖ਼ਾਹਾਂ ਵੀ ਵਧਾ ਦਿੱਤੀਆਂ ਗਈਆਂ ਸਨ।"[2] ਜਿਸ ਕਰ ਕੇ ਲਾਹੌਰ ਦਰਬਾਰ ਵਿਚ ਆਰਥਕ ਸੰਕਟ ਵੱਧ ਗਿਆ ਸੀ।

ਸਯਦ ਮੁਹੰਮਦ ਲਤੀਫ਼ ਉਸ ਸਮੇਂ ਦੀ ਆਰਥਕ ਹਾਲਤ ਇਸ ਤਰ੍ਹਾਂ ਅੰਕਤ ਕਰਦਾ ਹੈ : "ਫ਼ਤਿਹ ਖ਼ਾਂ ਟਿਵਾਣਾ ਡੇਰਾ ਇਸਮਾਈਲ ਖ਼ਾਂ ਵਿਚ ਬਾਗ਼ੀ ਹੋ ਗਿਆ ਸੀ ਤੇ ਦੀਵਾਨ ਮੂਲ ਰਾਜ ਉਸ ਦੀ ਸਹਾਇਤਾ ਕਰ ਰਿਹਾ ਸੀ। ਪਿਸ਼ਾਵਰ ਦੀ ਹਾਲਤ

[1] "ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 262

[2] "ਫ਼ਾਰਨ ਡੀਪਾਰਟਮੈਂਟ, ਸੀਕ੍ਰਿਟ ਕਨਸਲਟੇਸ਼ਨ," 44-45 ਮਿਤੀ ਅਪ੍ਰੈਲ, 4, 1845

ਵੀ ਭੇਜੀ ਸੀ । ਕੁਝ ਫੌਜੀ ਤਨਖ਼ਾਹ ਵਿਚ ਵਾਧਾ ਚਾਹੁੰਦੇ ਸਨ । ਪਰ ਵਾਧਾ ਕਰਨ ਵਾਲਾ ਕੋਈ ਨਹੀਂ ਸੀ ਤੇ ਉਹ ਕੰਵਰ ਪਸ਼ੌਰਾ ਸਿੰਘ ਦੀ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਸਨ । ਦਰਬਾਰ ਵਿਚ ਧਨ ਦੀ ਘਾਟ ਅਨੁਭਵ ਕੀਤੀ ਜਾ ਰਹੀ ਸੀ । ਰਾਜਾ ਹੀਰਾ ਸਿੰਘ ਨੇ ਪੰਡਤ ਜਲ੍ਹੇ ਨੂੰ ਇਸ ਕੰਮ ਤੇ ਨੀਅਤ ਕੀਤਾ ਕਿ ਉਹ ਵੇਖੇ ਕਿ ਕਿਸ ਕਿਸ ਨਾਜ਼ਮ, ਕਾਰਦਾਰ ਨੇ ਦਰਬਾਰ ਨੂੰ ਕਿੰਨੀ ਕਿੰਨੀ ਰਕਮ ਦੇਣੀ ਹੈ । ਜਦੋਂ ਹਿਸਾਬ ਕਿਤਾਬ ਕੀਤਾ ਗਿਆ ਤਾਂ ਪਤਾ ਲੱਗਾ ਕਿ ਵੱਡੇ ਵੱਡੇ ਦਰਬਾਰੀਆਂ ਵੱਲ ਵੱਡੀਆਂ ਵੱਡੀਆਂ ਰਕਮਾਂ ਨਿਕਲਦੀਆਂ ਹਨ । ਇਨ੍ਹਾਂ ਵਿਚ ਰਾਜਾ ਗੁਲਾਬ ਸਿੰਘ ਤੇ ਸੁਚੇਤ ਸਿੰਘ ਵੀ ਸ਼ਾਮਲ ਸਨ । ਜਿਹੜੇ ਸਰਦਾਰ ਤੇ ਕਾਰਦਾਰ ਲਾਹੌਰ ਦੇ ਨੇੜੇ ਨੇੜੇ ਸਨ ਉਨ੍ਹਾਂ ਕੋਲੋਂ ਬਕਾਇਆ ਦੀ ਰਕਮ ਦੀ ਮੰਗ ਕੀਤੀ ਗਈ ਜਿਸ ਨਾਲ ਉਨ੍ਹਾਂ ਵਿਚ ਰਾਜਾ ਹੀਰਾ ਸਿੰਘ ਦੇ ਤੇ ਉਸ ਦੇ ਸਾਥੀ ਪੰਡਤ ਜਲ੍ਹੇ ਦੇ ਵਿਰੁੱਧ ਨਫ਼ਰਤ ਵਧੀ । ਇਸ ਤੋਂ ਛੁਟ ਪੰਡਤ ਜਲ੍ਹੇ ਨੇ ਲਾਹੌਰ ਦਰਬਾਰ ਦੇ ਸਾਰੇ ਯੂਰਪੀਅਨ ਮੁਲਾਜ਼ਮ ਬਰਖ਼ਾਸਤ ਕਰ ਦਿੱਤੇ ਤਾਂ ਜੋ ਖ਼ਰਚ ਵਿਚ ਬਚਤ ਹੋ ਸਕੇ ।"[1]

ਰਾਜਾ ਹੀਰਾ ਸਿੰਘ ਨੇ ਹੌਲੀ ਹੌਲੀ ਸਭ ਸਰਦਾਰਾਂ ਦੀਆਂ ਜਗੀਰਾਂ ਘੱਟ ਕਰਨੀਆਂ ਆਰੰਭ ਕਰ ਦਿੱਤੀਆਂ ਜਿਸ ਨਾਲ ਸਰਦਾਰਾਂ ਵਿਚ ਬੇਚੈਨੀ ਵਧਦੀ ਗਈ । ਸਰਦਾਰ ਲਹਿਣਾ ਸਿੰਘ ਮਜੀਠੀਆ, ਭਾਈ ਰਾਮ ਸਿੰਘ ਤੇ ਭਾਈ ਗੋਬਿੰਦ ਰਾਮ ਤੀਰਥ ਯਾਤਰਾ ਦੇ ਬਹਾਨੇ ਹਰਦੁਆਰ ਚਲੇ ਗਏ ਤੇ ਦੀਵਾਨ ਦਸਾਖਾ ਸਿੰਘ, ਜਵਾਹਰ ਸਿੰਘ ਨਲਵਾ (ਹਰੀ ਸਿੰਘ ਨਲਵੇ ਦਾ ਪੁੱਤਰ) ਤੇ ਰਤਨ ਸਿੰਘ ਘਰਜਾਖੀਆ ਬਾਬਾ ਬੀਰ ਸਿੰਘ ਦੇ ਡੇਰੇ ਆ ਗਏ । ਬਾਬਾ ਬੀਰ ਸਿੰਘ ਨੌਰੰਗਾਬਾਦ (ਮੌਜੂਦਾ ਜ਼ਿਲਾ ਅੰਮ੍ਰਿਤਸਰ) ਦੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਪ੍ਰਸਿੱਧ ਸੰਤ ਹੋਏ ਹਨ । ਇਨ੍ਹਾਂ ਦਾ ਲੰਗਰ ਦਿਨ ਰਾਤ ਚਲਦਾ ਸੀ । ਸਿੱਖ ਫ਼ੌਜਾਂ ਵਿਚ ਇਨ੍ਹਾਂ ਦਾ ਬਹੁਤ ਸਤਿਕਾਰ ਸੀ । ਰਾਜਾ ਹੀਰਾ ਸਿੰਘ ਦੀ ਸਖ਼ਤੀ ਕਰਕੇ ਬਹੁਤ ਸਾਰੇ ਜਾਗੀਰਦਾਰ ਬਾਬਾ ਜੀ ਦੇ ਡੇਰੇ ਵਿਚ ਆ ਗਏ । ਇਸ ਕਰ ਕੇ ਰਾਜਾ ਹੀਰਾ ਸਿੰਘ ਨੂੰ ਬਾਬਾ ਬੀਰ ਸਿੰਘ ਕੋਲੋਂ ਖ਼ਤਰਾ ਭਾਸਣ ਲੱਗਾ । ਸ਼ਾਹਜ਼ਾਦਾ ਕਸ਼ਮੀਰਾ ਸਿੰਘ ਤੇ ਪਸ਼ੌਰਾ ਸਿੰਘ ਵੀ ਬਾਬਾ ਬੀਰ ਸਿੰਘ ਦੇ ਡੇਰੇ ਵਿਚ ਆ ਗਏ ਤੇ ਸਤਲੁਜੋਂ ਪਾਰ ਅਤਰ ਸਿੰਘ ਸੰਧਾਂਵਾਲੀਆ ਵੀ ਬਾਬਾ ਜੀ ਦੇ ਡੇਰੇ ਪਹੁੰਚ ਗਿਆ । ਉਸ ਵੇਲੇ ਬਾਬਾ ਜੀ ਦਾ ਡੇਰਾ ਸਤਲੁਜ ਦੇ ਕੰਢੇ ਪਿੰਡ ਮਾਖੀਆਂ ਵਾਲਾ, ਤਹਿਸੀਲ ਕਸੂਰ, ਜ਼ਿਲਾ ਲਾਹੌਰ ਵਿਚ ਸੀ ।[3] ਇਨ੍ਹਾਂ ਸਭ ਗੱਲਾਂ ਨੂੰ ਹੀਰਾ ਸਿੰਘ ਕਦ ਸਹਾਰ ਸਕਦਾ ਸੀ । ਉਸ ਨੇ ਕੁਝ ਡੋਗਰਾ ਫ਼ੌਜਾਂ ਤੇ ਕੁਝ ਸਿੱਖ ਫ਼ੌਜਾਂ ਨੂੰ

---

[1] "ਹਿਸਟਰੀ ਆਫ਼ ਪੰਜਾਬ", ਲਤੀਫ਼, ਪੰਨਾ 423

[2] ਪ੍ਰੋਫ਼ੈਸਰ ਸੀਤਾ ਰਾਮ ਕੋਹਲੀ, ਬਾਬਾ ਜੀ ਦਾ ਡੇਰਾ ਸਰਹਾਲੀ ਦਸਦਾ ਹੈ । (ਵੇਖੋ "ਸਨਸੈਟ ਆਫ਼ ਸਿੱਖ ਐਮਪਾਇਰ", ਪੰਨਾ 78-79) ਜੋ ਠੀਕ ਨਹੀਂ ਜਾਪਦਾ । ਵਿਸਥਾਰ ਲਈ ਵੇਖੋ ਲੇਖਕ ਦਾ ਜੀਵਨ ਬਿਰਤਾਂਤ ਬਾਬਾ ਬੀਰ ਸਿੰਘ (ਨੌਰੰਗਾਬਾਦੀ) ਤੇ "ਮਹਾਨ ਕੋਸ਼", ਭਾਈ ਕਾਹਨ ਸਿੰਘ ।

ਭੜਕਾ ਕੇ ਸਤਲੁਜ ਵੱਲ ਭੇਜਿਆ। ਇਨ੍ਹਾਂ ਫ਼ੌਜਾਂ ਨੇ ਡੇਰੇ ਨੂੰ ਘੇਰ ਲਿਆ ਤੇ ਬਾਬਾ ਬੀਰ ਸਿੰਘ ਨੂੰ ਸ਼ਹੀਦ ਕਰ ਦਿੱਤਾ। ਬਾਬਾ ਬੀਰ ਸਿੰਘ ਮਰਦੇ ਦਮ ਤਕ ਸ਼ਾਂਤ ਮਈ ਰਹੇ ਤੇ ਕਿਸੇ ਨੂੰ ਫ਼ੌਜਾਂ ਦਾ ਟਾਕਰਾ ਕਰਨ ਦੀ ਆਗਿਆ ਨਾ ਦਿੱਤੀ। ਇਸ ਸਾਕੇ ਵਿਚ ਸਰਦਾਰ ਅਤਰ ਸਿੰਘ ਸੰਧਾਂਵਾਲੀਆ ਵੀ ਮਾਰਿਆ ਗਿਆ।

ਬਾਬਾ ਬੀਰ ਸਿੰਘ ਨੂੰ ਸ਼ਹੀਦ ਕਰ ਕੇ ਜਦੋਂ ਫ਼ੌਜਾਂ ਵਾਪਸ ਲਾਹੌਰ ਆਈਆਂ ਤਾਂ ਲੋਕਾਂ ਨੇ ਉਨ੍ਹਾਂ ਨੂੰ 'ਗੁਰੂ ਘਾਤਕ' ਕਿਹਾ। ਇਸ ਤੇ ਹੀਰਾ ਸਿੰਘ ਨੇ ਸੋਨਾ ਤੇ ਪੈਸੇ ਖੁਲ੍ਹੇ ਦਿਲ ਨਾਲ ਫ਼ੌਜਾਂ ਵਿਚ ਵੰਡੇ ਤਾਂ ਜੋ ਉਹ ਬਾਬਾ ਬੀਰ ਸਿੰਘ ਦਾ ਸਾਕਾ ਭੁਲ ਜਾਣ। ਇਸ ਦੇ ਨਾਲ ਹੀ ਉਸ ਨੇ ਬਾਬਾ ਬੀਰ ਸਿੰਘ ਦੀ ਸਮਾਧ ਬਣਾਉਣ ਤੇ ਉਨ੍ਹਾਂ ਦੇ ਗੁਰਦਵਾਰੇ ਦੇ ਨਾਂ ਜਗੀਰ ਲਾਉਣ ਦਾ ਇਕਰਾਰ ਕੀਤਾ।[1] ਇਹ ਗੱਲਾਂ ਸਰਦਾਰ ਸ਼ਾਮ ਸਿੰਘ ਨੂੰ ਚੰਗੀਆਂ ਨਹੀਂ ਸਨ ਲੱਗਦੀਆਂ ਤੇ ਉਹ ਫ਼ੌਜਾਂ ਨੂੰ ਕਿਹਾ ਕਰਦੇ ਸਨ 'ਆਪਣੇ ਧਰਮ ਵਿਚ ਪੱਕੇ ਰਹੋ। ਬਾਬਾ ਬੀਰ ਸਿੰਘ ਨੂੰ ਸ਼ਹੀਦ ਕਰਨ ਦੀ ਕੀ ਲੋੜ ਸੀ? ਜੇਕਰ ਰੁਪਿਆਂ ਦੀ ਲੋੜ ਸੀ ਤਾਂ ਮੇਰੇ ਕੋਲ ਜੋ ਦੋ ਲਖ ਹੈ, ਲੈ ਲੈਂਦੇ ਤਾਂ ਇਕ ਦੂਜੇ ਵੱਲ ਸੱਚੇ ਰਹਿੰਦੇ।'[2] ਸਰਦਾਰ ਸ਼ਾਮ ਸਿੰਘ ਦੇ ਇਹ ਬਚਨ ਸਿੱਧ ਕਰਦੇ ਹਨ ਕਿ ਆਪ ਸਦਾ ਕੁਰਬਾਨੀ ਤੇ ਸੇਵਾ ਲਈ ਤਿਆਰ ਰਹਿੰਦੇ ਸਨ। ਆਪਣਾ ਸਾਰਾ ਰੁਪਿਆ ਉਹ ਫ਼ੌਜਾਂ ਵਿਚ ਵੰਡਣ ਲਈ ਤਿਆਰ ਸਨ ਬਸ਼ਰਤੇ ਕਿ ਉਹ ਕਿਸੇ ਅਸੂਲ ਤੇ ਚੱਲਣ।

ਪੰਡਤ ਜਲ੍ਹੇ ਦੀ ਇਹ ਨੀਤੀ ਸੀ ਕਿ ਕਿਸੇ ਤਰ੍ਹਾਂ ਸਰਦਾਰਾਂ ਦੀਆਂ ਜਗੀਰਾਂ ਖੋਹ ਕੇ ਫ਼ੌਜਾਂ ਨੂੰ ਖ਼ੁਸ਼ ਕੀਤਾ ਜਾਏ। ਸੋ ਇਹ ਜਗੀਰਾਂ ਖੋਹਣ ਦੇ ਕਈ ਬਹਾਨੇ ਬਣਾਏ ਜਾਂਦੇ ਸਨ। ਸਰਦਾਰ ਰਤਨ ਸਿੰਘ ਘਰਜਾਖੀਏ ਦੀ ਜਾਗੀਰ ਖੋਹਣ ਲਈ ਬਹਾਨਾ ਬਣਾਇਆ ਕਿ ਲਾਹੌਰ ਦਰਬਾਰ ਦੀ ਸਰਕਾਰ ਉਸ ਦੇ ਵਤੀਰੇ ਤੇ ਖ਼ੁਸ਼ ਨਹੀਂ ਹੈ। ਇਹ ਹੀ ਹਾਲ ਗੁਰਮੁਖ ਸਿੰਘ ਮੋਕਲ ਦੀ ਜਾਗੀਰ ਦਾ ਹੋਇਆ। ਸਰਦਾਰ ਸ਼ਾਮ ਸਿੰਘ ਨੇ ਇਨ੍ਹਾਂ ਦੋਹਾਂ ਦੀ ਜਾਗੀਰ ਬਚਾਉਣ ਵਾਸਤੇ ਬਹੁਤ ਜਤਨ ਕੀਤਾ ਤੇ ਜ਼ਾਮਨੀ ਵੀ ਦਿੱਤੀ, ਪਰ ਉਸ ਦੀ ਕੋਈ ਪੇਸ਼ ਨਾ ਗਈ।[3] ਸਰਦਾਰ ਸ਼ਾਮ ਸਿੰਘ ਨੇ ਹੀਰਾ ਸਿੰਘ ਨੂੰ ਸਪੱਸ਼ਟ ਤੌਰ ਤੇ ਕਹਿ ਦਿੱਤਾ ਸੀ ਕਿ ਲਾਹੌਰ ਦਰਬਾਰ ਦੇ ਸਰਦਾਰਾਂ ਦੀਆਂ ਜਾਗੀਰਾਂ ਜ਼ਬਤ ਕਰਨ ਦੇ ਭੈੜੇ ਨਤੀਜੇ ਨਿਕਲਣਗੇ। ਇਸ ਦੇ ਉੱਤਰ ਵਿਚ ਰਾਜੇ ਨੇ ਕਿਹਾ ''ਮੈਂ ਫ਼ੌਜਾਂ ਨੂੰ ਪ੍ਰਸੰਨ ਕਰਨਾ ਚਾਹੁੰਦਾ ਹਾਂ ਤੇ ਫ਼ੌਜ ਨੂੰ ਦੇਣ ਵਾਸਤੇ ਮੈਨੂੰ

---

[1] ''ਸਨਸੈਟ ਆਫ਼ ਦੀ ਸਿੱਖ ਐਮਪਾਇਰ'' ਸੀਤਾ ਰਾਮ ਕੋਹਲੀ, ਪੰਨਾ 79

[2] ਖ਼ਬਰ ਮਈ 12, 1841, ''ਪੰਜਾਬ ਆਨ ਦੀ ਈਵ ਆਫ਼ ਫ਼ਸਟ ਸਿੱਖ ਵਾਰ'' 1844, ਹਰੀ ਰਾਮ ਗੁਪਤਾ ਪੰਨਾ 186

[3] ''ਪੰਜਾਬ ਆਨ ਦੀ ਈਵ ਆਫ਼ ਫ਼ਸਟ ਸਿੱਖ ਵਾਰ'', ਪੰਨਾ 252

ਧਨ ਦੀ ਲੋੜ ਹੈ ।[1] ਕਿਸੇ ਪਾਸੇ ਵੀ ਆਪਣੀ ਕੋਈ ਪੇਸ਼ ਨਾ ਜਾਂਦੀ ਵੇਖ ਕੇ ਸਰਦਾਰ ਸ਼ਾਮ ਸਿੰਘ ਦੋ ਮਹੀਨੇ ਦੀ ਛੁੱਟੀ ਲੈ ਕੇ 1844 ਦੇ ਅਖ਼ੀਰ ਵਿਚ ਆਪਣੀ ਜਾਗੀਰ ਤੇ ਚਲਿਆ ਗਿਆ ।[2] ਪਰ ਇਉਂ ਜਾਪਦਾ ਹੈ ਕਿ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ ਜਿਸ ਲਈ ਸਰਦਾਰ ਸ਼ਾਮ ਸਿੰਘ ਨੂੰ ਛੇਤੀ ਹੀ ਛੁੱਟੀ ਤੋਂ ਵਾਪਸ ਆਉਣਾ ਪਿਆ ।

ਮਹਾਰਾਣੀ ਜਿੰਦਾਂ ਦੇ ਦੋ ਭਰਾ ਸਨ : ਜਵਾਹਰ ਸਿੰਘ ਤੇ ਹੀਰਾ ਸਿੰਘ । ਜਵਾਹਰ ਸਿੰਘ 30 ਸਾਲ ਦਾ ਸੀ ਤੇ ਹੀਰਾ ਸਿੰਘ 15 ਸਾਲ ਦਾ । ਰਾਜਾ ਹੀਰਾ ਸਿੰਘ ਤੇ ਪੰਡਤ ਜਲ੍ਹਾ ਇਨ੍ਹਾਂ ਨਾਲ ਚੰਗਾ ਵਰਤਾਉ ਨਹੀਂ ਕਰਦੇ ਸਨ । ਉਨ੍ਹਾਂ ਨੇ ਇਨ੍ਹਾਂ ਦੀਆਂ ਜਾਗੀਰਾਂ ਖੋਹ ਲਈਆਂ ਤੇ ਇਨ੍ਹਾਂ ਨੂੰ ਕੁਝ ਸਮੇਂ ਲਈ ਕੈਦ ਕਰ ਦਿੱਤਾ ਸੀ। ਫਿਰ ਇਨ੍ਹਾਂ ਨੂੰ ਥੋੜੀ ਥੋੜੀ ਜਾਗੀਰ ਦੇ ਕੇ ਰਿਹਾ ਕੀਤਾ ।[3] ਮਹਾਰਾਣੀ ਜਿੰਦਾਂ ਦੇ ਚੀਕ-ਚਿਹਾੜੇ ਦੀ ਇਹ ਪਰਵਾਹ ਨਹੀਂ ਕਰਦੇ ਸਨ । ਇਸ ਕਰਕੇ ਮਹਾਰਾਣੀ ਇਨ੍ਹਾਂ ਇਨ੍ਹਾਂ ਵੱਲੋਂ ਸੁਖੀ ਨਹੀਂ ਸੀ ।[4] ਰਾਜਾ ਹੀਰਾ ਸਿੰਘ ਇਹ ਜਾਣਦਾ ਸੀ ਕਿ ਸਰਦਾਰਾਂ ਨੂੰ ਤੇ ਮਹਾਰਾਣੀ ਜਿੰਦਾਂ ਨੂੰ ਨਾਰਾਜ਼ ਕਰ ਕੇ ਉਹ ਜ਼ਿਆਦਾ ਦੇਰ ਤਕ ਰਾਜ ਨਹੀਂ ਕਰ ਸਕਦਾ । ਇਸ ਲਈ ਉਸ ਨੇ ਆਪਣੇ ਛੋਟੇ ਭਰਾ ਮੀਆਂ ਜਵਾਹਰ ਸਿੰਘ ਨੂੰ ਪਹਾੜਾਂ ਤੇ ਭੇਜ ਦਿੱਤਾ । ਆਮ ਖ਼ਿਆਲ ਕੀਤਾ ਜਾਂਦਾ ਸੀ ਕਿ ਰਾਜਾ ਹੀਰਾ ਸਿੰਘ ਆਪਣੇ ਭਰਾ ਮੀਆਂ ਜਵਾਹਰ ਸਿੰਘ ਦੇ ਰਾਹੀਂ ਪਹਾੜਾਂ ਵਿਚ ਇਕ ਫ਼ੌਜ ਤਿਆਰ ਕਰਵਾ ਰਿਹਾ ਹੈ, ਜਿਸ ਨੇ ਲਾਹੌਰ ਦਰਬਾਰ ਦੀ ਉਸ ਫ਼ੌਜ ਦਾ ਟਾਕਰਾ ਕਰਨਾ ਹੈ, ਜਿਹੜੀ ਰਾਜਾ ਹੀਰਾ ਸਿੰਘ ਤੋਂ ਬਾਗ਼ੀ ਹੋਵੇਗੀ । ਅੰਗਰੇਜ਼ ਦੀ ਰਪੋਟ ਅਨੁਸਾਰ 21 ਦਸੰਬਰ 1844 ਨੂੰ ਮੀਆਂ ਜਵਾਹਰ ਸਿੰਘ 2000 ਪਹਾੜੀਆਂ ਦੀ ਫ਼ੌਜ ਲੈ ਕੇ ਲਾਹੌਰ ਵੱਲ ਟੁਰ ਪਿਆ ।[5]

12 ਦਸੰਬਰ 1844 ਪੋਹ ਦੀ ਸੰਗਰਾਂਦ ਵਾਲੇ ਦਿਨ ਮਾਮਲਾ ਵੱਧ ਗਿਆ । ਮਹਾਰਾਣੀ ਜਿੰਦ ਕੌਰ ਅੱਗੇ ਵਾਂਗੂ ਕੁਝ ਮੋਹਰਾਂ ਤੇ ਰੁਪੈ ਦਾਨ ਕਰਨ ਲੱਗੀ ਤਾਂ ਪੰਡਤ ਜਲ੍ਹੇ ਨੇ ਉਸ ਨੂੰ ਖ਼ਜ਼ਾਨੇ ਵਿੱਚੋਂ ਦਾਨ ਕਰਨ ਤੋਂ ਰੋਕਿਆ ਤੇ ਮਹਾਰਾਣੀ ਨੂੰ ਬੁਰਾ ਭਲਾ ਆਖਿਆ । ਮਹਾਰਾਣੀ ਨੇ ਫ਼ੌਜਾਂ ਕੋਲ ਇਸ ਗੱਲ ਦੀ ਅਪੀਲ ਕੀਤੀ । ਇਸ ਤੋਂ ਕੁਝ ਚਿਰ ਪਹਿਲਾਂ 500 ਸੈਨਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ । ਸੋ ਖ਼ਾਲਸਾ ਫ਼ੌਜਾਂ ਇਨ੍ਹਾਂ ਸਭ ਗੱਲਾਂ ਤੋਂ ਭੜਕ ਪਈਆਂ ਤੇ ਉਨ੍ਹਾਂ ਨੇ ਪੰਡਤ ਜਲ੍ਹੇ ਨੂੰ ਪੇਸ਼ ਕਰਨ ਲਈ ਕਿਹਾ ਜੋ ਰਾਜਾ ਹੀਰਾ ਸਿੰਘ ਨੇ ਨਾ ਕਰ ਦਿੱਤੀ । ਇਸ ਤੇ ਮਾਮਲਾ ਵਿਗੜ

[1] ਉਕਤ, ਪੰਨਾ 146

[2] ਉਕਤ

[3] "ਫ਼ਾਰਨ ਡੀਪਾਰਟਮੈਂਟ, ਸੀਕ੍ਰੇਟ ਕਨਸਲਟੇਸ਼ਨ," 44-45 । ਮਿਤੀ ਅਪ੍ਰੈਲ 4, 1845

[4] ਉਕਤ, ਪੈਰਾ 11

[5] ਉਕਤ

ਗਿਆ। 21 ਦਸੰਬਰ ਨੂੰ ਸਵੇਰੇ ਮਹਾਰਾਣੀ ਜਿੰਦ ਕੌਰ ਮਹਾਰਾਜਾ ਦਲੀਪ ਸਿੰਘ ਤੇ ਸਰਦਾਰ ਜਵਾਹਰ ਸਿੰਘ ਕਿਲ੍ਹੇ ਤੋਂ ਬਾਹਰ ਆਏ। ਕਿਲ੍ਹੇ ਤੋਂ ਬਾਹਰ ਫ਼ੌਜਾਂ ਨੇ ਲਾਈਨਾਂ ਬਣਾ ਲਈਆਂ। ਇਸ ਵੇਲੇ ਬਹੁਤ ਸਾਰੇ ਸਰਦਾਰ ਉੱਥੇ ਮੌਜੂਦ ਸਨ ਜਿਨ੍ਹਾਂ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਵੀ ਸਨ। ਰਾਣੀ ਨੇ ਫ਼ੌਜਾਂ ਨੂੰ ਅਪੀਲ ਕੀਤੀ ਕਿ ਦੱਸੋ ਦਲੀਪ ਸਿੰਘ ਤੇ ਹੀਰਾ ਸਿੰਘ ਵਿੱਚੋਂ ਕੌਣ ਬਾਦਸ਼ਾਹ ਹੈ। ਜੇਕਰ ਦਲੀਪ ਸਿੰਘ ਬਾਦਸ਼ਾਹ ਹੈ, ਤਾਂ ਉਹ ਮੇਰੇ ਭਰਾ ਤੇ ਸਰਦਾਰਾਂ ਦੀ ਸਲਾਹ ਨਾਲ ਰਾਜ ਕਰੇਗਾ ਤੇ ਜੇਕਰ ਹੀਰਾ ਸਿੰਘ ਬਾਦਸ਼ਾਹ ਹੈ, ਤਾਂ ਦਲੀਪ ਸਿੰਘ ਇਸ ਖੋਖਲੀ ਬਾਦਸ਼ਾਹੀ ਨੂੰ ਛਡਦਾ ਹੈ ਤੇ ਚਲਾ ਜਾਵੇਗਾ। ਫੌਜੀਆਂ ਨੇ ਜੈਕਾਰਿਆਂ ਨਾਲ ਤੇ ਵਾਜਿਆਂ ਨਾਲ ਕਿਹਾ 'ਪੰਜਾਬ ਦਾ ਬਾਦਸ਼ਾਹ ਕੇਵਲ ਦਲੀਪ ਸਿੰਘ ਹੈ।' ਉਸੇ ਵੇਲੇ ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹਾ ਹਾਥੀ ਤੇ ਸਵਾਰ ਹੋ ਗਏ। ਉਨ੍ਹਾਂ ਨੇ ਆਖਿਆ ਕਿ ਉਹ ਰਾਣੀ ਨੂੰ ਮਿਲਣ ਜਾ ਰਹੇ ਹਨ, ਪਰ ਕਿਲ੍ਹੇ ਦੇ ਅੰਦਰ ਜਾਣ ਦੀ ਥਾਂ ਉਹ ਸ਼ਾਹਦਰੇ ਵਲ ਟੁਰ ਪਏ, ਜਿੱਥੇ ਉਨ੍ਹਾਂ ਨੇ ਇਕ ਦਿਨ ਪਹਿਲਾਂ ਦੋ ਤਿੰਨ ਹਜ਼ਾਰ ਪਹਾੜੀਏ ਸਿਪਾਹੀ ਭੇਜੇ ਹੋਏ ਸਨ। ਜਦੋਂ ਫ਼ੌਜ ਨੇ ਦਲੀਪ ਸਿੰਘ ਦੇ ਬਾਦਸ਼ਾਹ ਹੋਣ ਦਾ ਐਲਾਨ ਕੀਤਾ, ਤਾਂ ਉਸ ਵੇਲੇ ਇਹ ਵੀ ਮੰਗ ਕੀਤੀ ਕਿ ਪਹਾੜੀਆਂ ਨੂੰ ਖ਼ਤਮ ਕੀਤਾ ਜਾਏ। ਸੋ ਰਾਜਾ ਲਾਲ ਸਿੰਘ, ਸਰਦਾਰ ਜਵਾਹਰ ਸਿੰਘ ਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਛੇ ਹਜ਼ਾਰ ਫ਼ੌਜ ਲੈ ਕੇ ਰਾਜਾ ਹੀਰਾ ਸਿੰਘ ਦੇ ਪਿੱਛੇ ਚਲ ਪਏ। ਹੁਣ ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹਾ ਅੱਗੇ ਅੱਗੇ ਨੱਸੀ ਜਾ ਰਹੇ ਸਨ ਤੇ ਪਿੱਛੇ ਪਿੱਛੇ ਲਾਹੌਰ ਦਰਬਾਰ ਦੀਆਂ ਫ਼ੌਜਾਂ ਸਨ। ਅਖ਼ੀਰ ਤੇ ਹੀਰਾ ਸਿੰਘ ਦੀਆਂ ਫ਼ੌਜਾਂ ਟਾਕਰਾ ਨਾ ਕਰ ਸਕੀਆਂ ਤੇ ਹਰਨ ਹੋ ਗਈਆਂ। ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹਾ ਇਕ ਪਿੰਡ ਵਿਚ ਛੁਪ ਗਏ, ਜਿਸ ਨੂੰ ਅਗ ਲਾ ਦਿੱਤੀ ਗਈ। ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹਾ ਟਾਕਰਾ ਕਰਦੇ ਰਹੇ ਤੇ ਲਾਹੌਰ ਤੋਂ ਲਿਆਂਦਾ ਧਨ ਲਾਹੌਰ ਦਰਬਾਰ ਦੇ ਸਿਪਾਹੀਆਂ ਵਿਚ ਵੰਡਦੇ ਰਹੇ, ਤਾਂ ਜੋ ਉਹ ਪਿੱਛਾ ਛੱਡ ਦੇਣ। ਪਰ ਇਸ ਵਕਤ ਸੋਨਾ ਚਾਂਦੀ ਉਨ੍ਹਾਂ ਨੂੰ ਬਚਾਣ ਵਿਚ ਸਫਲ ਨਾ ਹੋ ਸਕਿਆ ਤੇ ਉਹ ਮਾਰੇ ਗਏ। ਰਾਜਾ ਹੀਰਾ ਸਿੰਘ ਦਾ ਸਾਰਾ ਧਨ, ਜਿਹੜਾ ਉਹ ਜੰਮੂ ਲਿਜਾ ਰਿਹਾ ਸੀ, ਲਾਹੌਰ ਦਰਬਾਰ ਦੀਆਂ ਫ਼ੌਜਾਂ ਹੱਥ ਆਇਆ ਤੇ ਉਹ ਲਾਹੌਰ ਨੂੰ ਮੁੜ ਆਇਆ।[1] ਰਾਜਾ ਹੀਰਾ ਸਿੰਘ ਦੀ ਮੌਤ ਪਿੱਛੋਂ ਤ੍ਰੀਹ ਲੱਖ ਦਾ ਸਾਮਾਨ ਇਸ ਦੇ ਘਰੋਂ ਨਿਕਲਿਆ।[2]

ਰਾਜਾ ਹੀਰਾ ਸਿੰਘ ਤੇ ਪੰਡਤ ਜੱਲ੍ਹੇ ਦੀ ਮੌਤ ਤੋਂ ਪਿਛੋਂ ਸਰਦਾਰ ਜਵਾਹਰ ਸਿੰਘ ਵਜ਼ੀਰ ਤੇ ਲਾਲ ਸਿੰਘ ਸਲਾਹਕਾਰ ਬਣਿਆ। ਹਰੇਕ ਸਿਪਾਹੀ ਦੀ ਤਨਖ਼ਾਹ

---

[1]"ਫ਼ਾਰਨ ਡੀਪਾਰਟਮੈਂਟ, ਸੀਕ੍ਰਟ ਕਨਸਲਟੇਸ਼ਨ" 44-45 ਮਿਤੀ ਅਪ੍ਰੈਲ 4, 1845, ਪੈਰਾ 25; "ਕੈਰੀਅਰ ਆਫ਼ ਮੇਜਰ ਜਾਰਜ ਬਰਾਡਫੁਟ," 245, "ਹਿਸਟਰੀ ਆਫ਼ ਪੰਜਾਬ," ਲਤੀਫ਼, ਪੰਨਾ 431

[2]"ਸਨਸੈਟ ਆਫ਼ ਸਿੱਖ ਐਂਮਪਾਇਰ," ਪੰਨਾ 90

ਅਠਿਆਨੀ ਮਹੀਨਾ ਵਧਾ ਦਿੱਤੀ ਗਈ ਤੇ ਬਹੁਤ ਸਾਰੀਆਂ ਜ਼ਬਤ ਜਾਗੀਰਾਂ ਵਾਪਸ ਕਰ ਦਿੱਤੀਆਂ ਗਈਆਂ।[1] ਇਸ ਨਾਲ ਮਾਲੀ ਹਾਲਤ ਹੋਰ ਖ਼ਰਾਬ ਹੋ ਗਈ। ਦਰਬਾਰ ਨੇ ਰਾਜਾ ਗੁਲਾਬ ਸਿੰਘ ਕੋਲੋਂ ਮੰਗ ਕੀਤੀ ਕਿ ਉਹ ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਦੀਆਂ ਜਾਗੀਰਾਂ ਵਾਪਸ ਕਰੇ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਜਿਹੜੇ ਜਾਗੀਰਦਾਰ ਨਿਰਸੰਤਾਨ ਮਰ ਜਾਂਦੇ ਸਨ, ਉਨ੍ਹਾਂ ਦੀਆਂ ਜਾਗੀਰਾਂ ਸਰਕਾਰ ਲੈ ਲੈਂਦੀ ਸੀ। ਇਸ ਅਸੂਲ ਨਾਲ ਦਰਬਾਰ ਦੀ ਮੰਗ ਜਾਇਜ਼ ਸੀ। ਰਾਜਾ ਹੀਰਾ ਸਿੰਘ ਦੇ ਵੇਲੇ ਤੋਂ ਰਾਜਾ ਗੁਲਾਬ ਸਿੰਘ ਵੱਲ ਲਾਹੌਰ ਦਰਬਾਰ ਦੀ ਕਾਫ਼ੀ ਰਕਮ ਬਕਾਇਆ ਸੀ। ਇਸ ਤੋਂ ਛੁਟ ਰਾਜਾ ਹੀਰਾ ਸਿੰਘ ਦੇ ਵੇਲੇ ਉਸ ਨੇ ਆਪਣੇ ਭਰਾ ਜਵਾਹਰ ਸਿੰਘ ਦੇ ਹੱਥ ਕਾਫ਼ੀ ਧਨ ਜੰਮੂ ਭੇਜਿਆ ਸੀ, ਜਿਸ ਨਾਲ ਉਸ ਨੇ 2000 ਫ਼ੌਜ ਇਕੱਠੀ ਕੀਤੀ ਸੀ। ਸੋ ਇਨ੍ਹਾਂ ਸਾਰੇ ਕਾਰਨਾਂ ਕਰਕੇ ਮਹਾਰਾਣੀ ਜਿੰਦ ਕੌਰ ਤੇ ਸਰਦਾਰ ਜਵਾਹਰ ਸਿੰਘ ਵਲੋਂ ਰਤਨ ਚੰਦ ਦੁੱਗਲ ਤੇ ਬਾਵਾ ਮੀਹਾਂ ਸਿੰਘ ਦੇ ਹੱਥੀਂ ਗੁਲਾਬ ਸਿੰਘ ਨੂੰ ਸੁਨੇਹਾ ਭੇਜਿਆ ਕਿ ਹੀਰਾ ਸਿੰਘ ਦਾ ਇਲਾਕਾ ਤੇ ਮਾਲ ਅਤੇ ਰਾਜਾ ਸੁਚੇਤ ਸਿੰਘ ਦੀ ਜਾਗੀਰ ਤੇ ਦੌਲਤ ਦਾ ਅੱਧ, ਜਿਹੜਾ ਕਿ ਹੀਰਾ ਸਿੰਘ ਨੇ ਦੇਣਾ ਮਨਜ਼ੂਰ ਕੀਤਾ ਸੀ, ਲਾਹੌਰ ਦਰਬਾਰ ਦੇ ਹਵਾਲੇ ਕਰ ਦਿੱਤਾ ਜਾਏ ਅਤੇ ਨਾਲ ਹੀ ਮੀਆਂ ਜਵਾਹਰ ਸਿੰਘ ਨੂੰ ਵੀ ਹਵਾਲੇ ਕਰ ਦਿਤਾ ਜਾਏ। ਗੁਲਾਬ ਸਿੰਘ ਨੂੰ ਲਿਖ ਕੇ ਤਸੱਲੀ ਦਿੱਤੀ ਗਈ ਕਿ ਉਸਦੇ ਇਲਾਕੇ ਨੂੰ ਨਹੀਂ ਛੇੜਿਆ ਜਾਵੇਗਾ। ਰਾਜਾ ਗੁਲਾਬ ਸਿੰਘ ਲਾਹੌਰ ਦਰਬਾਰ ਦੀ ਗਲ ਮੰਨਣ ਦੀ ਥਾਂ ਜੰਗ ਦੀ ਤਿਆਰੀ ਕਰਨ ਲੱਗਾ। ਮੀਆਂ ਜਵਾਹਰ ਸਿੰਘ ਨੂੰ ਜਸਰੋਟੇ ਵਿਚ ਹੱਲਾ-ਸ਼ੇਰੀ ਦਿੱਤੀ। ਮੀਆਂ ਰਣਬੀਰ ਸਿੰਘ ਨੂੰ ਰਾਮਨਗਰ, ਦੀਵਾਨ ਨਾਨਕ ਚੰਦ, ਹਰੀ ਚੰਦ ਤੇ ਵਜ਼ੀਰ ਲੱਖਪਤ ਨੂੰ ਫੌਜ ਲੈਕੇ ਹਾਜ਼ਰ ਹੋਣ ਲਈ ਪਰਵਾਨੇ ਲਿਖ ਦਿੱਤੇ।[2] ਇਸ ਨਾਲ ਅੰਗਰੇਜ਼ਾਂ ਕੋਲੋਂ ਲਾਹੌਰ ਦਰਬਾਰ ਦੇ ਵਿਰੁੱਧ ਸਹਾਇਤਾ ਮੰਗ ਭੇਜੀ।[3]

ਡੋਗਰਿਆਂ ਵਿਰੁਧ ਸਰਦਾਰ ਸ਼ਾਮ ਸਿੰਘ ਨੂੰ ਮੁਹਿੰਮ ਦਾ ਆਗੂ ਨਿਯਤ ਕੀਤਾ ਗਿਆ। ਸਰਦਾਰ ਸ਼ਾਮ ਸਿੰਘ ਫ਼ੌਜ ਲੈਕੇ ਜਸਰੋਟੇ ਪੁੱਜ ਗਿਆ। ਅੱਗੋਂ ਟਾਕਰਾ ਕੋਈ ਨਾ ਹੋਇਆ। ਹੀਰਾ ਸਿੰਘ ਦਾ ਕਾਰਦਾਰ ਵਜ਼ੀਰ ਬਚਨਾ ਸਰਦਾਰ ਸ਼ਾਮ ਸਿੰਘ ਦੀ ਸ਼ਰਨੀ ਆ ਪਿਆ ਤੇ ਮੀਆਂ ਜਵਾਹਰ ਸਿੰਘ ਜਸਰੋਟੇ ਤੋਂ ਜਾਨ ਬਚਾ ਜੰਮੂ ਚਲਿਆ ਗਿਆ। ਸਰਦਾਰ ਸ਼ਾਮ ਸਿੰਘ ਨੇ ਜਸਰੋਟੇ ਤੇ ਆਲੇ ਦੁਆਲੇ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਰਾਜਾ ਸੁਚੇਤ ਸਿੰਘ ਦੇ ਵਜ਼ੀਰ ਨਿਹਾਲ ਸਿੰਘ ਨੇ, ਰਾਜਾ ਗੁਲਾਬ ਸਿੰਘ ਕੋਲੋਂ ਇਸ ਬਹਾਨੇ ਛੁਟੀ ਲੈ ਲਈ ਕਿ ਉਹ ਖ਼ਾਲਸਾ ਫ਼ੌਜ ਦਾ ਟਾਕਰਾ ਕਰੇਗਾ, ਪਰ ਜਦੋਂ ਉਸ ਨੂੰ ਪਤਾ

[1] "ਹਿਸਟਰੀ ਆਫ਼ ਦੀ ਸਿਖਸ" ਕਨਿੰਘਮ ਪੰਨਾ 267

[2] "ਗੁਲਾਬ-ਨਾਮਾ" ਕਿਰਪਾ ਰਾਮ, ਪੰਨਾ 293-94

[3] "ਸਨਸੈਟ ਆਫ਼ ਸਿੱਖ ਐਮਪਾਇਰ" ਪੰਨਾ 98

ਲਗਾ ਕਿ ਜਸਰੋਟਾ ਜਿੱਤਿਆ ਗਿਆ ਹੈ ਤਾਂ ਉਹ ਖ਼ਾਲਸਾ ਫ਼ੌਜ ਨਾਲ ਆ ਮਿਲਿਆ। ਜਸਰੋਟਾ ਤੇ ਆਲੇ ਦੁਆਲੇ ਦੇ ਇਲਾਕੇ ਜਿੱਤ ਕੇ ਰਾਜਾ ਲਾਲ ਸਿੰਘ ਤੇ ਸਰਦਾਰ ਸ਼ਾਮ ਸਿੰਘ ਦਾ ਤੋਪਖ਼ਾਨਾ ਸਾਂਬੇ ਤੇ ਹਰਮੰਦਰ ਦੇ ਰਸਤੇ ਰਾਮਗੜ੍ਹ ਪਹੁੰਚ ਗਿਆ। ਰਾਜਾ ਲਾਲ ਸਿੰਘ ਸਰਦਾਰ ਮੇਵਾ ਸਿੰਘ ਮਜੀਠੀਆ, ਸਰਦਾਰ ਸੁਲਤਾਨ ਮੁਹੰਮਦ ਖ਼ਾਨ ਤੇ ਕੋਰਟ ਸਾਹਿਬ ਦੀਆਂ ਪਲਟਣਾਂ ਨਾਲ ਨਾਲ ਚੁਬਾਰੇ ਵੱਲ ਨੂੰ ਹੋਏ ਅਤੇ ਲਾਲ ਚੁਬਾਰੇ, ਚਾਰਦਾਹ ਆਦਿਕ ਥਾਵਾਂ ਤੇ ਉਨ੍ਹਾਂ ਨਾਲ ਲਗਦੇ ਗੁਲਾਬ ਸਿੰਘ ਦੇ ਪਿੰਡਾਂ ਅਤੇ ਜਾਗੀਰਾਂ ਉੱਤੇ ਕਬਜ਼ਾ ਕਰ ਲਿਆ। ਉਧਰ ਪੰਜਾਬ ਵਿਚ ਵੀ ਗੁਜਰਾਤ, ਕਾਦਰਾਬਾਦ, ਧੰਨੀ, ਪਿੰਡ ਦਾਦਨ ਖ਼ਾਂ ਆਦਿ ਇਲਾਕੇ ਗੁਲਾਬ ਸਿੰਘ ਦੇ ਹੱਥੋਂ ਨਿਕਲ ਗਏ।[1] ਹੁਣ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਰਾਜਾ ਲਾਲ ਸਿੰਘ ਜੰਮੂ ਨੂੰ ਘੇਰਨ ਦੀ ਤਿਆਰੀ ਕਰਨ ਲੱਗੇ।

ਰਾਜਾ ਗੁਲਾਬ ਸਿੰਘ ਨਾਲ ਸਿੱਧੀ ਟੱਕਰ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਸਰਦਾਰ ਫ਼ਤਿਹ ਸਿੰਘ ਮਾਨ ਵਜ਼ੀਰ ਬਚਨਾ ਤੇ ਮੁਣਸ਼ੀ ਗਣਪਤ ਨੂੰ ਰਾਜਾ ਗੁਲਾਬ ਸਿੰਘ ਕੋਲ ਭੇਜਿਆ। ਰਾਜਾ ਗੁਲਾਬ ਸਿੰਘ ਵੀ ਸਮਝਦਾ ਸੀ ਕਿ ਉਹ ਖ਼ਾਲਸਾ ਫ਼ੌਜ ਦਾ ਟਾਕਰਾ ਨਹੀਂ ਕਰ ਸਕੇਗਾ। ਇਸ ਲਈ ਉਸਨੇ ਸਰਦਾਰ ਫ਼ਤਿਹ ਸਿੰਘ ਦੀਆਂ ਸਭ ਗੱਲਾਂ ਮੰਨ ਲਈਆਂ ਤੇ ਲਾਹੌਰ ਦਰਬਾਰ ਨੂੰ ਯਕੀਨ ਦੁਆਇਆ ਕਿ ਜੇਕਰ ਲਾਹੌਰ ਦਰਬਾਰ ਉਸਦੇ ਇਲਾਕੇ ਤੇ ਕਬਜ਼ਾ ਨਾ ਕਰੇ ਤਾਂ ਉਹ ਰਾਜਾ ਹੀਰਾ ਸਿੰਘ ਦਾ ਮਾਲ ਤੇ ਮੀਆਂ ਜਵਾਹਰ ਸਿੰਘ ਨੂੰ ਸਣੇ ਜਸਰੋਟੇ ਦੇ ਇਲਾਕੇ ਲਾਹੌਰ ਦਰਬਾਰ ਦੇ ਹਵਾਲੇ ਕਰ ਦੇਵੇਗਾ। ਪਰ ਜਦੋਂ ਇਹ ਤਿੰਨੇ ਰਾਜਾ ਗੁਲਾਬ ਸਿੰਘ ਨਾਲ ਸੁਲ੍ਹਾ ਕਰ ਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਹੀ ਮਾਰੇ ਗਏ ਤੇ ਜੋ ਚਾਰ ਲਖ ਰੁਪਿਆ ਗੁਲਾਬ ਸਿੰਘ ਨੇ ਇਨ੍ਹਾਂ ਨੂੰ ਦਿੱਤਾ ਸੀ ਹਮਲਾ ਕਰਨ ਵਾਲਿਆਂ ਨੇ ਖੋਹ ਲਿਆ।[2]

ਸਰਦਾਰ ਫ਼ਤਿਹ ਸਿੰਘ ਮਾਨ ਤੇ ਉਸ ਦੇ ਸਾਥੀਆਂ ਦੀ ਮੌਤ ਤੇ ਲਾਹੌਰ ਦਰਬਾਰ ਦੀਆਂ ਫ਼ੌਜਾਂ ਨੂੰ ਬਹੁਤ ਗੁੱਸਾ ਆਇਆ। ਉਸ ਵੇਲੇ ਸਰਦਾਰ ਸ਼ਾਮ ਸਿੰਘ ਜਸਰੋਟੇ ਸਨ। ਉਨ੍ਹਾਂ ਨੇ ਰਾਮਗੜ੍ਹ ਤੇ ਚੜ੍ਹਾਈ ਕਰ ਦਿੱਤੀ। ਰਾਮਗੜ੍ਹ ਦਾ ਥਾਣੇਦਾਰ ਉਸ ਦਾ ਟਾਕਰਾ ਨਾ ਕਰ ਸਕਿਆ ਤੇ ਭੱਜ ਗਿਆ। ਸਰਦਾਰ ਲਾਲ ਸਿੰਘ ਨੇ ਦੇਵੀਗੜ੍ਹ ਤੇ ਹੱਲਾ ਬੋਲਿਆ। ਅਰਜਨ ਮਲ ਕਿਲ੍ਹੇਦਾਰ ਨੇ ਕੁਝ ਟਾਕਰਾ ਕੀਤਾ ਪਰ ਫਿਰ ਕਿਲ੍ਹਾ ਖ਼ਾਲੀ ਕਰ ਦਿੱਤਾ। ਸਰਦਾਰ ਲਾਲ ਸਿੰਘ ਤੇ ਸਰਦਾਰ ਸ਼ਾਮ ਸਿੰਘ ਦੀਆਂ ਫ਼ੌਜਾਂ ਹੁਣ ਜੰਮੂ ਦੇ ਕੋਲ ਪੁੱਜ ਗਈਆਂ ਤੇ ਉਨ੍ਹਾਂ 27 ਮਾਰਚ 1845 ਈਸਵੀ ਨੂੰ ਜੰਮੂ ਤੇ ਧਾਵਾ ਬੋਲ ਦਿੱਤਾ।[3]

---

[1] "ਗੁਲਾਬ-ਨਾਮਾ", ਕਿਰਪਾ ਰਾਮ, ਪੰਨਾ 296-97

[2] "ਡਿੈਰੀਅਰ ਆਫ਼ ਮੇਜਰ ਬਰਾਡਫੁਟ", ਪੰਨਾ 287

[3] "ਗੁਲਾਬ-ਨਾਮਾ" ਕਿਰਪਾ ਰਾਮ, ਪੰਨਾ 303-05

28 ਮਾਰਚ 1845 ਦੀ ਰਾਤ ਨੂੰ ਪਹਾੜੀਆਂ ਨੇ ਸਰਦਾਰ ਸ਼ਾਮ ਸਿੰਘ ਦੇ ਡੇਰੇ ਤੇ ਇਕ ਬਹੁਤ ਜ਼ੋਰ ਦਾ ਹੱਲਾ ਬੋਲਿਆ। ਉਨ੍ਹਾਂ ਨੇ ਦੋ ਤੋਪਾਂ ਖੋਹ ਲਈਆਂ ਤੇ ਪੂਰਨ ਤੌਰ ਤੇ ਸਰਦਾਰ ਸ਼ਾਮ ਸਿੰਘ ਦੀਆਂ ਫ਼ੌਜਾਂ ਨੂੰ ਭਾਜ ਦੇਣ ਹੀ ਵਾਲੇ ਸਨ ਕਿ ਸਰਦਾਰ ਸ਼ਾਮ ਸਿੰਘ ਨੇ ਬੜੀ ਦਲੇਰੀ ਤੇ ਸਿਆਣਪ ਨਾਲ ਹਾਥੀ ਤੋਂ ਉਤਰ ਕੇ ਆਪਣੇ ਬੰਦਿਆਂ ਨੂੰ ਇਕੱਠਾ ਕਰ ਲਿਆ ਤੇ ਐਸਾ ਜ਼ੋਰਦਾਰ ਹੱਲਾ ਬੋਲਿਆ ਕਿ ਵੈਰੀ ਨੂੰ ਨੱਸਣਾ ਪਿਆ ਤੇ ਸਰਦਾਰ ਸ਼ਾਮ ਸਿੰਘ ਨੇ ਆਪਣੀਆਂ ਖੋਹੀਆਂ ਹੋਈਆਂ ਤੋਪਾਂ ਵੀ ਵਾਪਸ ਲੈ ਲਈਆਂ।[1]

ਰਾਜਾ ਗੁਲਾਬ ਸਿੰਘ ਸਮਝਦਾ ਸੀ ਕਿ ਉਹ ਜ਼ਿਆਦਾ ਦੇਰ ਲਾਹੌਰ ਦਰਬਾਰ ਦੀਆਂ ਫ਼ੌਜਾਂ ਦਾ ਟਾਕਰਾ ਨਹੀਂ ਕਰ ਸਕਦਾ। ਇਸ ਲਈ ਉਸ ਨੇ ਸਰਦਾਰ ਚਤਰ ਸਿੰਘ ਅਟਾਰੀ ਤੇ ਸੁਲਤਾਨ ਮੁਹੰਮਦ ਖ਼ਾਂ ਰਾਹੀਂ ਸਰਦਾਰ ਮੇਵਾ ਸਿੰਘ ਮਜੀਠੀਏ ਨਾਲ ਗੱਲ-ਬਾਤ ਆਰੰਭ ਕਰ ਦਿੱਤੀ। ਸਰਦਾਰ ਮੇਵਾ ਸਿੰਘ ਨੇ ਰਾਜਾ ਗੁਲਾਬ ਸਿੰਘ ਨੂੰ ਯਕੀਨ ਦੁਆਇਆ ਕਿ ਜੇਕਰ ਉਹ ਆਪਣੇ ਆਪ ਨੂੰ ਹਵਾਲੇ ਕਰ ਦੇਵੇ ਤਾਂ ਉਹ ਲਾਹੌਰ ਤੱਕ ਉਸ ਨੂੰ ਕਿਸੇ ਤਰ੍ਹਾਂ ਦੀ ਖੇਚਲ ਨਹੀਂ ਹੋਣ ਦੇਣਗੇ। ਰਾਜਾ ਗੁਲਾਬ ਸਿੰਘ ਨੂੰ ਸਰਦਾਰ ਮੇਵਾ ਸਿੰਘ ਤੇ ਇਤਬਾਰ ਸੀ ਇਸ ਲਈ ਉਹ ਸਰਦਾਰ ਮੇਵਾ ਸਿੰਘ ਦੇ ਲਸ਼ਕਰ ਵਿਚ ਆ ਗਿਆ।

ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਲਾਲ ਸਿੰਘ ਤੇ ਸਰਦਾਰ ਮੇਵਾ ਸਿੰਘ ਮਜੀਠੀਆ ਰਾਜਾ ਗੁਲਾਬ ਸਿੰਘ ਨੂੰ 7 ਅਪ੍ਰੈਲ 1845 ਨੂੰ ਲਾਹੌਰ ਲੈ ਆਏ। ਮਹਾਰਾਣੀ ਜਿੰਦ ਕੌਰ ਨੇ ਉਸ ਦਾ ਸੁਆਗਤ ਕੀਤਾ ਤੇ ਯਕੀਨ ਦੁਆਇਆ ਕਿ ਉਸ ਦੀ ਇੱਜ਼ਤ ਵਿਚ ਕੋਈ ਫ਼ਰਕ ਨਹੀਂ ਆਉਣ ਦਿੱਤਾ ਜਾਵੇਗਾ। ਰਾਜਾ ਗੁਲਾਬ ਸਿੰਘ ਨੂੰ ਲਾਹੌਰ ਵਿਚ ਹਾਜ਼ਰ ਰੱਖਣ ਦਾ ਜ਼ੁੰਮਾ ਸਰਦਾਰ ਸੁਲਤਾਨ ਮੁਹੰਮਦ ਖ਼ਾਂ, ਸਰਦਾਰ ਚਤਰ ਸਿੰਘ ਅਟਾਰੀਵਾਲਾ ਸਰਦਾਰ ਸ਼ਾਮ ਸਿੰਘ ਤੇ ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਨੇ ਲਿਆ ਤੇ ਹਾਜ਼ਰ ਜ਼ਮਾਨਤ ਨਾਮਾ ਲਿਖ ਦਿੱਤਾ।[2]

ਰਾਜਾ ਗੁਲਾਬ ਸਿੰਘ ਨੇ ਅਠਾਹਠ ਲੱਖ (68,00000) ਰੁਪਿਆ ਲਾਹੌਰ ਦਰਬਾਰ ਨੂੰ ਦੇਣਾ ਪਰਵਾਨ ਕੀਤਾ। ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਦੀਆਂ ਤਕਰੀਬਨ ਸਾਰੀਆਂ ਜਾਗੀਰਾਂ ਦਰਬਾਰ ਦੇ ਹਵਾਲੇ ਕਰ ਦਿੱਤੀਆਂ ਕਿਉਂਕਿ ਇਨ੍ਹਾਂ ਦੀ ਕੋਈ ਔਲਾਦ ਨਹੀਂ ਸੀ ਤੇ ਲਾ-ਵਲਦ ਮਰਨ ਵਾਲੇ ਦਰਬਾਰੀਆਂ ਦੀਆਂ ਜਾਗੀਰਾਂ ਸਰਕਾਰ ਜ਼ਬਤ ਕਰ ਲਿਆ ਕਰਦੀ ਸੀ। ਜਿਹਲਮ ਤੇ ਸਿੰਧ ਦੇ ਵਿਚਕਾਰ ਲੂਣ ਦੀਆਂ ਖ਼ਾਣਾਂ ਦਾ ਠੇਕਾ ਵੀ ਨਵੇਂ ਸਿਰਿਉਂ ਦਿੱਤਾ ਜਿਸ ਨਾਲ ਰਾਜਾ ਗੁਲਾਬ ਸਿੰਘ ਦੇ

[1] "ਕੈਰੀਅਰ ਆਫ਼ ਮੇਜਰ ਬਰਾਡ ਫੁਟ" ਪੰਨਾ 295

[2] "ਸਰਦਾਰ ਸ਼ਾਮ ਸਿੰਘ ਅਟਾਰੀਵਾਲਾ" ਗੰਡਾ ਸਿੰਘ, ਪੰਨਾ 155-158। "ਉਮਦਾਤੁ-ਤਵਾਰੀਖ਼" ਫ਼ਾਰਸੀ ਦਫ਼ਤਰ 4 ਹਿੱਸਾ ਤੀਜਾ ਪੰਨਾ 77-80।

ਰਸੂਖ ਤੇ ਆਮਦਨੀ ਵਿਚ ਕਾਫ਼ੀ ਫ਼ਰਕ ਪਿਆ। ਇਸ ਤਰ੍ਹਾਂ ਤਕਰੀਬਨ ਚਾਰ ਮਹੀਨੇ ਲਾਹੌਰ ਰਹਿ ਕੇ ਲਾਹੌਰ ਦਰਬਾਰ ਦਾ ਹਿਸਾਬ ਕਿਤਾਬ ਮੁਕਾ ਕੇ ਅਗੱਸਤ ਦੇ ਅਖ਼ੀਰ ਵਿਚ ਗੁਲਾਬ ਸਿੰਘ ਵਾਪਸ ਜਮੂ ਮੁੜਿਆ।[1]

ਭਾਵੇਂ ਲਾਹੌਰ ਦਰਬਾਰ ਰਾਜਾ ਹੀਰਾ ਸਿੰਘ ਤੇ ਸੁਚੇਤ ਸਿੰਘ ਦੀਆਂ ਜਾਗੀਰਾਂ ਜ਼ਬਤ ਕਰਨ ਦਾ ਹੱਕ ਰਖਦਾ ਸੀ ਤੇ ਉਸਨੇ ਇਹ ਹੱਕ ਦੀ ਠੀਕ ਵਰਤੋਂ ਕੀਤੀ ਤੇ ਉਸ ਦਾ ਪਿਛਲਾ ਬਕਾਇਆ ਵੀ ਵਸੂਲ ਕਰਨਾ ਗਲਤ ਨਹੀਂ ਸੀ, ਪਰ ਇਨ੍ਹਾਂ ਸਭ ਗੱਲਾਂ ਨੂੰ ਰਾਜਾ ਗੁਲਾਬ ਸਿੰਘ ਨੇ ਬਹੁਤ ਬੁਰਾ ਮਨਾਇਆ ਤੇ ਉਸ ਨੇ ਲਾਹੌਰ ਦਰਬਾਰ ਦੇ ਵਿਰੁੱਧ ਅੰਗਰੇਜ਼ਾਂ ਨਾਲ ਗੰਢ-ਤੁਪ ਕਰਨ ਦੀ ਨੀਤੀ ਤੇਜ਼ ਕਰ ਦਿੱਤੀ। ਜਦੋਂ ਖ਼ਾਲਸਾ ਫ਼ੌਜਾਂ ਜੰਮੂ ਵਲ ਮਾਰਚ ਕਰ ਰਹੀਆਂ ਸਨ ਤਾਂ ਉਸ ਵੇਲੇ ਰਾਜਾ ਗੁਲਾਬ ਸਿੰਘ ਨੇ ਅੰਗਰੇਜ਼ਾਂ ਕੋਲੋਂ ਇਮਦਾਦ ਮੰਗ ਭੇਜੀ। ਉਤਰ ਨ ਆਉਣ ਤੇ ਗੁਲਾਬ ਸਿੰਘ ਮੇਜਰ ਬਰਾਡਫੁਟ (ਜੋ ਅੰਗਰੇਜ਼ਾਂ ਵਲੋਂ ਏਜੰਟ ਨੀਅਤ ਹੋਇਆ ਸੀ ਤੇ ਜੋ ਖ਼ਾਲਸਾ ਦਰਬਾਰ ਨਾਲ ਘਿਰਣਾ ਕਰਦਾ ਸੀ) ਨੂੰ ਲਿਖਿਆਂ ਕਿ ਆਉਂਦੀਆਂ ਸਰਦੀਆਂ ਅੰਗਰੇਜ਼ਾਂ ਤੇ ਸਿੱਖਾਂ ਦੀ ਜੰਗ ਜ਼ਰੂਰ ਲਗਣੀ ਹੈ ਤੇ ਉਹ ਲਾਹੌਰ ਦਰਬਾਰ ਤੋਂ ਵਖਰਾ ਹੋ ਕੇ ਅੰਗਰੇਜ਼ਾਂ ਦੇ ਅਧੀਨ ਹੋਣਾ ਚਾਹੁੰਦਾ ਹੈ ਤੇ ਇਸ ਤਰ੍ਹਾਂ ਚਾਲੀ ਪੰਜਤਾਲੀ ਹਜ਼ਾਰ ਫ਼ੌਜ ਇਕੱਠੀ ਕਰ ਕੇ ਸਿੱਖ ਫ਼ੌਜਾਂ ਨੂੰ ਨਸ਼ਟ ਕਰ ਦੇਣਾ ਚਾਹੁੰਦਾ ਹੈ। ਉਸ ਸੂਰਤ ਵਿਚ ਅੰਗਰੇਜ਼ ਸਹਿਜੇ ਹੀ ਲਾਹੌਰ ਤੇ ਕਬਜ਼ਾ ਕਰ ਸਕਣਗੇ। ਇਸ ਦੇ ਬਦਲੇ ਵਿਚ ਕੇਵਲ 12 ਲੱਖ ਦੀ ਜਾਗੀਰ ਜੰਮੂ ਦੇ ਆਲੇ ਦੁਆਲੇ ਦੀ ਉਸ ਲਈ ਤੇ ਉਸ ਦੀ ਔਲਾਦ ਲਈ ਸਦਾ ਲਈ ਪੱਕੀ ਕਰ ਦਿੱਤੀ ਜਾਏ।[2] 8 ਸਤੰਬਰ, 1845 ਦੀ ਚਿਠੀ ਵਿਚ ਸਰ ਹੈਨਰੀ ਹਾਰਡਿੰਗ ਗਵਰਨਰ ਜਨਰਲ ਨੇ ਇੰਗਲੈਂਡ ਦੇ ਮੁਖ ਮੰਤਰੀ ਸਰ ਰਾਬਰਟ ਪੀਲ ਨੂੰ ਲਿਖਿਆ, "ਮੇਜਰ ਬਰਾਡਫੁੱਟ ਦਸਦਾ ਹੈ ਕਿ ਲਾਹੌਰ ਵਿਚ ਬਦ-ਅਮਨੀ ਤੇ ਡਰ ਇੰਨਾ ਜ਼ਿਆਦਾ ਹੈ ਕਿ ਸਭ ਤੋਂ ਵੱਧ ਰਸੂਖ਼ ਵਾਲੇ ਲਾਹੌਰ ਦਰਬਾਰ ਦੇ ਦਰਬਾਰੀ ਲਾਹੌਰ ਵਿਚ ਸਾਡਾ ਦਖ਼ਲ ਚਾਹੁੰਦੇ ਹਨ ਤੇ ਉਹ ਆਪਣੀ ਸਰਕਾਰੀ ਚਿੱਠੀ ਵਿਚ ਉਨ੍ਹਾਂ ਦੀਆਂ ਸ਼ਰਤਾਂ ਵੀ ਦਸਦਾ ਹੈ।"[3] ਇਸਤਰਾਂ ਰਾਜਾ ਗੁਲਾਬ ਸਿੰਘ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਇਕ ਮੁਖ ਕਾਰਨ ਬਣਿਆ।

ਸਰਦਾਰ ਸ਼ਾਮ ਸਿੰਘ ਡੋਗਰਿਆਂ ਨਾਲ ਕੋਈ ਜ਼ਾਤੀ ਰੜਕ ਜਾਂ ਰੰਜਸ਼ ਨਹੀਂ ਸੀ ਰਖਦਾ। ਉਸ ਦੇ ਦਾਮਾਦ ਕੰਵਰ ਨੌਨਿਹਾਲ ਸਿੰਘ ਦੀ ਮੌਤ ਤੋਂ ਪਿਛੋਂ ਉਹ ਰਾਜਾ ਧਿਆਨ ਸਿੰਘ ਨਾਲ ਸਹਿਮਤ ਸੀ ਕਿ ਚੰਦ ਕੌਰ ਦੀ ਥਾਂ ਕੰਵਰ ਸ਼ੇਰ ਸਿੰਘ ਨੂੰ ਗੱਦੀ ਤੇ ਬਿਠਾਉਣਾ ਚਾਹੀਦਾ ਹੈ ਭਾਵੇਂ ਚੰਦ ਕੌਰ ਦਾ ਮੁਖ ਵੀਚਾਰ ਹੀ ਇਹ ਸੀ ਕਿ

[1] "ਹਿਸਟਰੀ ਆਫ਼ ਪੰਜਾਬ," ਲਤੀਫ਼, ਪੰਨਾ 435

[2] "ਕੈਰੀਅਰ ਆਫ ਬਰਾਡਫੁਟ," ਪੰਨਾ 330। "ਸਨਸੈਟ ਆਫ਼ ਸਿਖ ਐਂਪਾਇਰ" 98

[3] "ਸਰ ਰਾਬਰਟ ਪੀਲ", ਸੀ: ਐਸ: ਪਾਰਕਰ, ਜਿਲਦ ਤੀਜੀ, ਲੰਡਨ, 1899 ਪੰਨਾ 277

ਸਰਦਾਰ ਸ਼ਾਮ ਸਿੰਘ ਅਟਾਰੀ ਦੀ ਲੜਕੀ ਨਾਨਕੀ ਦੇ ਘਰ ਬੱਚਾ ਹੋਣ ਵਾਲਾ ਹੈ ਤੇ ਉਹ ਹੀ ਕੰਵਰ ਨੌ ਨਿਹਾਲ ਸਿੰਘ ਦਾ ਬੱਚਾ ਹੋਣ ਦੇ ਨਾਤੇ ਗੱਦੀ ਦਾ ਅਸਲ ਵਾਰਸ ਹੋਵੇਗਾ। ਸਰਦਾਰ ਸ਼ਾਮ ਸਿੰਘ ਇਸ ਭੁਲੇਖੇ ਵਿਚ ਨਹੀਂ ਆਇਆ ਤੇ ਉਹ ਸਮਝਦਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਤਖ਼ਤ ਤੇ ਕੋਈ ਵਰਿਆਮ ਤੇ ਸੂਰਮਾ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹੋਰ ਵੀ ਰਾਜਸੀ ਮਾਮਲਿਆਂ ਵਿਚ ਸਰਦਾਰ ਸ਼ਾਮ ਸਿੰਘ ਕਿਸੇ ਝਗੜੇ ਵਿਚ ਨਹੀਂ ਸੀ ਆਉਂਦਾ। ਰਾਜਾ ਗੁਲਾਬ ਸਿੰਘ ਨਾਲ ਵੀ ਸਰਦਾਰ ਸ਼ਾਮ ਸਿੰਘ ਦਾ ਕੋਈ ਜ਼ਾਤੀ ਵੈਰ ਨਹੀਂ ਸੀ। ਸਰਦਾਰ ਸ਼ਾਮ ਸਿੰਘ ਕੇਵਲ ਲਾਹੌਰ ਦਰਬਾਰ ਦੀ ਪ੍ਰਭਤਾ ਕਾਇਮ ਰੱਖਣਾ ਚਾਹੁੰਦਾ ਸੀ ਜਦੋਂ ਕਿ ਰਾਜਾ ਗੁਲਾਬ ਸਿੰਘ ਸਿੱਖ-ਰਾਜ ਨੂੰ ਨਸ਼ਟ ਕਰ ਕੇ ਆਪਣਾ ਰਾਜ ਪਰਪਕ ਤੇ ਅਟੱਲ ਰਖਣਾ ਲੋਚਦਾ ਸੀ।

# ਸ਼ਹੀਦੀ

"ਚਿੱਟਾ ਬਾਣਾ ਪਹਿਨ ਕੇ ਤੇ ਪ੍ਰਾਚੀਨ ਕਾਲ ਦੇ ਡੈਸੀਅਸ (Decius) ਵਾਂਗ ਸਿਰ ਤਲੀ ਤੇ ਧਰ ਕੇ ਸਰਦਾਰ ਸ਼ਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ ਕਿ ਉਹ ਵਾਹਿਗੁਰੂ ਤੇ ਗੁਰੂ ਦੀ ਖ਼ਾਤਰ ਹੱਲਾ ਬੋਲ ਦੇਣ । ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਹ ਬਹਾਦਰੀ ਨਾਲ ਆਪਣੀ ਜਾਨ ਤੇ ਖੇਡ ਗਿਆ ।"

ਆਰ. ਬੋਸਵਰਥ ਸਮਿਥ

ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੱਖ ਸਰਕਾਰ ਵਲ ਛੇੜ ਛਾੜ ਵਾਲੀ ਨੀਤੀ ਤੇ ਅਮਲ ਕਰ ਰਹੇ ਸਨ । ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਤੋਂ ਪਹਿਲਾਂ ਕਾਰਮਾਈਕਲ ਸਮਿਥ ਦੇ ਕਥਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਤੇ ਈਸਟ ਇੰਡੀਆ ਕੰਪਨੀ ਦੇ ਵਿਚਕਾਰ ਹੋਇਆ 1809 ਦਾ ਸਥਾਈ ਮਿੱਤਰਤਾ ਦਾ ਸੰਧੀ-ਪੱਤਰ ਭੰਗ ਕਰ ਦਿੱਤਾ ਗਿਆ ਸੀ । ਉਹ ਲਿਖਦਾ ਹੈ "ਸਾਨੂੰ ਦੱਸਿਆ ਜਾਂਦਾ ਹੈ ਕਿ ਸਿੱਖਾਂ ਦੀ ਫ਼ੌਜ ਨੇ ਦਰਿਆ ਪਾਰ ਕਰ ਕੇ ਸੰਧੀ-ਪੱਤਰ ਨੂੰ ਭੰਗ ਕੀਤਾ । ਪ੍ਰੰਤੂ ਸਵਾਲ ਇਹ ਹੈ ........ਤੇ ਮੈਂ ਕੇਵਲ ਇਹ ਪੁਛਦਾ ਹਾਂ ਕਿ ਕੀ ਅਸਾਂ ਆਪ ਮਿੱਤਰਤਾ ਦੇ ਨਿਯਮਾਂ ਨੂੰ ਪਹਿਲਾਂ ਨਹੀਂ ਤੋੜਿਆ ਸੀ । ਜੰਗ ਲੱਗਣ ਤੋਂ ਇਕ ਸਾਲ ਪਹਿਲਾਂ ਅਸਾਂ ਫ਼ੀਰੋਜ਼ਪੁਰ ਤੇ ਪੰਜਾਬ ਦੇ ਵਿਚਕਾਰ ਉਸ ਇਲਾਕੇ ਤੇ ਕਬਜ਼ਾ ਕਰ ਲਿਆ ਸੀ, ਜੋ ਸਿੱਖਾਂ ਦੇ ਤਹਿਤ ਵਿਚ ਸੀ । ਪੰਜਾਬ ਦੇ ਜੁੱਧ ਬਾਰੇ ਮੇਰੀ ਇਹ ਰਾਏ ਹੈ ਕਿ ਨਾ ਤਾਂ ਸਿੱਖਾਂ ਨੇ ਬਿਨਾ ਉਕਸਾਹਟ ਦੇ ਸਾਡੇ ਉੱਤੇ ਹਮਲਾ ਕੀਤਾ ਤੇ ਨਾ ਹੀ ਅਸਾਂ ਉਹਨਾਂ ਨਾਲ ਵਰਤਣ ਲਗਿਆਂ ਵਧੇਰੇ ਧੀਰਜ ਜਾਂ ਸਹਿਨਸ਼ੀਲਤਾ ਤੋਂ ਕੰਮ ਲਿਆ । ਜੇ ਇਹ ਮੰਨ ਲਿਆ ਜਾਏ ਕਿ ਸਿੱਖਾਂ ਦਾ ਨਿਰੋਲ ਆਪਣਾ ਸੁਤੰਤਰ ਰਾਜ ਸੀ ਤੇ ਉਹ ਕਿਸੇ ਤਰ੍ਹਾਂ ਵੀ ਸਾਡੇ ਸਾਹਮਣੇ ਜਵਾਬ-ਦੇਹ ਨਹੀਂ ਸਨ, ਤਾਂ ਸਾਨੂੰ ਉਨ੍ਹਾਂ ਨੂੰ ਉਕਸਾਹਟ ਦੇਣ ਵਾਲੀ ਕੋਈ ਗੱਲ ਨਹੀਂ ਕਰਨੀ ਚਾਹੀਦੀ ਸੀ । ਇਹ ਦਾਹਵਾ ਕਰਨਾ ਬੇਥਵਾ ਤੇ ਫ਼ਜ਼ੂਲ ਹੈ ਕਿ ਬੰਬਈ ਤੋਂ ਬੇੜੀਆਂ ਦਾ ਪੁੱਲ ਚੜ੍ਹਾਈ ਕਰਨ ਲਈ ਨਹੀਂ, ਸਗੋਂ ਬਚਾਉ ਦੀ ਖ਼ਾਤਰ ਲਿਆਂਦਾ ਗਿਆ ਸੀ । ਇਸ ਤੋਂ ਛੁਟ ਸਿੱਖਾਂ ਕੋਲ ਸਰ ਚਾਰਲਸ ਨੇਪੀਅਰ ਦੇ ਭਾਸ਼ਨ ਦਾ ਉਲਥਾ ਮੌਜੂਦ ਸੀ, ਜੋ ਦਿੱਲੀ ਗਜ਼ਟ ਵਿਚ ਛਪਿਆ ਸੀ ਤੇ ਜਿਸ ਵਿਚ ਉਹਨੇ ਆਖਿਆ ਸੀ, ਜੇ ਇਸ ਵੇਲੇ ਉਨ੍ਹਾਂ (ਸਿੰਧ ਦੇ ਡਾਕੂਆਂ) ਦਾ ਮੱਕੂ ਨਾ ਠੱਪਿਆ ਗਿਆ,

ਜਦ ਸਿੰਧ ਵਿਚ ਅਮਨ ਅਮਾਨ ਹੈ, ਤਾਂ ਉਹ ਉਸ ਸਮੇਂ ਦੁਖਦਾਈ ਸਾਬਤ ਹੋਣਗੇ ਤੇ ਖਰੂਦ ਮਚਾਉਣਗੇ, ਜਦੋਂ ਅੰਗਰੇਜ਼ੀ ਫ਼ੌਜ ਨੂੰ ਪੰਜਾਬ ਉੱਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ ਜਾਏਗਾ । ਇਸ ਉੱਤੇ ਸਿੱਖਾਂ ਨੇ ਪਹਿਲ ਕਰਨੀ ਹੀ ਬਿਹਤਰ ਸਮਝੀ । ਇਹ ਗੱਲ ਵੀ ਵਰਣਨ ਯੋਗ ਹੈ ਕਿ ਉਨ੍ਹਾਂ ਨੇ ਸਾਡੇ ਇਲਾਕੇ ਵਿਚ ਨਹੀਂ ਸਗੋਂ ਆਪਣੇ ਇਲਾਕੇ ਵਿੱਚ ਹੀ ਸਤਲੁਜ ਪਾਰ ਕੀਤਾ ਸੀ ।[1]"

1838 ਤਕ ਲਾਹੌਰ ਸਰਕਾਰ ਦੀ ਸਰਹੱਦ ਦੇ ਨਾਲ ਨਾਲ ਅੰਗਰੇਜ਼ਾਂ ਦੀ ਇੱਕੋ ਇੱਕ ਛਾਉਣੀ ਲੁਧਿਆਣੇ ਵਿੱਚ ਸੀ ਤੇ ਉੱਥੇ ਕੇਵਲ 3000 ਜਵਾਨ ਤੇ 12 ਤੋਪਾਂ ਸਨ । 1838 ਦੇ ਅੰਤ ਤਕ ਉਹਨਾਂ ਨੇ ਫ਼ੀਰੋਜ਼ਪੁਰ ਵਿੱਚ ਵੀ ਛਾਉਣੀ ਪਾ ਲਈ ਸੀ ਤੇ ਉਥੇ 5000 ਜਵਾਨ ਤੇ 12 ਤੋਪਾਂ ਰਖੀਆਂ ਗਈਆਂ । ਇਸ ਤੋਂ ਛੁਟ ਅੰਗਰੇਜ਼ਾਂ ਨੇ ਅੰਬਾਲੇ, ਕਸੌਲੀ ਤੇ ਸ਼ਿਮਲੇ ਵਿੱਚ ਵੀ ਛਾਉਣੀਆਂ ਕਾਇਮ ਕੀਤੀਆਂ ਜਿਨ੍ਹਾਂ ਵਿਚ ਅੰਗਰੇਜ਼ੀ ਫ਼ੌਜ ਦੀ ਗਿਣਤੀ 14,000 ਸੀ ਤੇ ਉਨ੍ਹਾਂ ਕੋਲ 48 ਤੋਪਾਂ ਸਨ । ਲਾਰਡ ਹਾਰਡਿੰਗ ਨੇ ਭਾਰਤ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਛਾਉਣੀਆਂ ਵਿੱਚ 22,000 ਆਦਮੀਂ ਹੋਰ ਰੱਖੇ ਤੇ 28 ਤੋਪਾਂ ਵੀ ਵਧਾ ਦਿੱਤੀਆਂ । ਅੰਤ ਪਹਿਲੇ ਸਿੱਖ ਜੁੱਧ ਤੋਂ ਕੁਝ ਚਿਰ ਪਹਿਲਾਂ ਇਨ੍ਹਾਂ ਦੀ ਕੁਲ ਗਿਣਤੀ ਵਧ ਕੇ 44000 ਜਵਾਨ ਤੇ 100 ਤੋਪਾਂ ਹੋ ਗਈ ਸੀ ।[2] ਸਿੱਖਾਂ ਨੇ ਕਦੀ ਇਹ ਗਲ ਮੰਨਣ ਤੋਂ ਇਨਕਾਰ ਨਹੀਂ ਕੀਤਾ ਸੀ ਕਿ ਅੰਗਰੇਜ਼ਾਂ ਨੂੰ ਆਪਣੇ ਇਲਾਕਿਆਂ ਦੀ ਸੁਰਖਿਆ ਲਈ ਆਪਣੀ ਮਨ ਮਰਜ਼ੀ ਅਨੁਸਾਰ ਫ਼ੌਜੀ ਪਰਬੰਧ ਕਰਨ ਦਾ ਪੂਰਾ ਅਧਿਕਾਰ ਹੈ, ਪਰੰਤੂ ਕਿਸੇ ਕਾਰਨ ਦੇ ਬਿਨਾ ਸਿੱਖ-ਰਾਜ ਦੀਆਂ ਸਰਹੱਦਾਂ ਉਤੇ ਅੰਗਰੇਜ਼ੀ ਫ਼ੌਜਾਂ ਦਾ ਇੰਨਾ ਭਾਰੀ ਇਕੱਠ ਲਾਹੌਰ ਦਰਬਾਰ ਲਈ ਭਾਰੀ ਖ਼ਤਰੇ ਦਾ ਚਿੰਨ੍ਹ ਸੀ । ਲਾਹੌਰ ਸਰਕਾਰ ਦੇ ਡਰ ਨੂੰ ਵਧਾਉਣ ਵਾਲੀ ਇਕ ਹੋਰ ਗੱਲ ਇਹ ਸੀ ਕਿ ਕਈ ਉਘੇ ਅੰਗਰੇਜ਼ ਅਫ਼ਸਰ ਬਹੁਤ ਚਿਰ ਤੋਂ ਲਾਹੌਰ ਦੀ ਬਾਦਸ਼ਾਹੀ ਦੇ ਟੁਕੜੇ ਟੁਕੜੇ ਕਰਨ ਦੀਆਂ ਤਜਵੀਜ਼ਾਂ ਪੇਸ਼ ਕਰ ਰਹੇ ਸਨ । ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਨੌਨਿਹਾਲ ਸਿੰਘ ਦੀ ਮੌਤ ਦੇ ਨਾਲ ਮਹਾਰਾਜੇ ਦਾ ਖ਼ਾਨਦਾਨ ਖ਼ਤਮ ਹੋਇਆ ਸਮਝਿਆ ਗਿਆ ਤਾਂ ਸਰ ਵਿਲੀਅਮ ਮੈਕਨਾਟਨ ਨੇ ਤਜਵੀਜ਼ ਪੇਸ਼ ਕੀਤੀ ਕਿ ਪਿਸ਼ਾਵਰ, ਸ਼ਾਹ ਸ਼ੁਜਾ ਨੂੰ ਦੇ ਕੇ ਸਿੱਖ ਰਾਜ ਨੂੰ ਖਿੰਡਾ ਦਿੱਤਾ ਜਾਏ । ਇਸ ਤੋਂ ਪਹਿਲਾਂ ਸਰ ਅਲੈਗਜ਼ੈਂਡਰ ਬਰਨਜ਼ ਨੇ ਲਾਹੌਰ ਸਰਕਾਰ ਦਾ ਇਹੀ ਇਲਾਕਾ ਦੋਸਤ ਮੁਹੰਮਦ ਖ਼ਾਂ ਦੇ ਹਵਾਲੇ ਕਰਨ ਦੀ ਇੱਛਾ ਪਰਗਟ ਕੀਤੀ ਸੀ । ਇਸ ਤੋਂ ਛੁਟ 1844—45 ਵਿਚ ਇਹ ਗੱਲਾਂ ਕੰਨੋ-ਕੰਨ ਬਾਹਰ ਨਿਕਲ ਰਹੀਆਂ ਤੇ ਲੋਕਾਂ ਦੇ ਦਿਲਾਂ ਵਿੱਚ ਘਰ ਕਰ ਰਹੀਆਂ ਸਨ ਕਿ ਅੰਗਰੇਜ਼ ਸਤਲੁਜ ਉੱਤੇ ਪੁਲ ਬਣਾਉਣ ਲਈ ਬੰਬਈ ਵਿੱਚ ਬੇੜੀਆਂ ਬਣਾ ਰਹੇ ਹਨ, ਸਿੰਧ ਵਿਚ ਅੰਗਰੇਜ਼ੀ ਫ਼ੌਜਾਂ ਨੂੰ ਮੁਲਤਾਨ ਉੱਤੇ ਚੜ੍ਹਾਈ ਕਰਨ ਲਈ

---

[1]"ਰੇਨਿੰਗ ਫ਼ੈਮਲੀ ਆਫ਼ ਲਾਹੌਰ" ਮੇਜਰ ਕਾਰਮਾਈਕਲ ਸਮਿਥ । ਪੰਨਾ 21—22

[2]"ਵਾਰ ਸ਼ਾਹ ਮੁਹੰਮਦ (ਪੰਜਾਬੀ) ਸੀਤਾ ਰਾਮ ਕੋਹਲੀ", ਪੰਨਾ 68-69

ਹਥਿਆ ਰਬੰਦ ਕੀਤਾ ਜਾ ਰਿਹਾ ਹੈ ਅਤੇ ਉੱਤਰ-ਪੱਛਮੀ ਸੂਬਿਆਂ ਦੇ ਸਭ ਕਿਲ੍ਹਿਆਂ ਦੀ ਫ਼ੌਜ ਨੂੰ ਹੌਲੀ ਹੌਲੀ ਕੁਮਕ ਪਹੁੰਚਾਈ ਜਾ ਰਹੀ ਹੈ ਤੇ ਕਈਆਂ ਨੂੰ ਬਹੁਤ ਸਾਰੀ ਫ਼ੌਜ ਤੇ ਜੰਗੀ ਸਾਮਾਨ ਭੇਜਿਆ ਗਿਆ ਹੈ। ਸਿੱਖ ਸਰਕਾਰ ਨੂੰ ਇਹ ਖ਼ਬਰਾਂ ਸਰਕਾਰੀ ਤੌਰ ਤੇ ਨਹੀਂ ਭੇਜੀਆਂ ਗਈਆਂ ਸਨ, ਪਰ ਸਭ ਧਿਰਾਂ ਨੂੰ ਪਤਾ ਸੀ ਕਿ ਇਹ ਠੀਕ ਹਨ ਅਤੇ ਕਿਸੇ ਰੱਖਿਆ ਦੀਆਂ ਨਹੀਂ, ਸਗੋਂ ਹਮਲਾ-ਆਵਰੀ ਦੀਆਂ ਪ੍ਰਤੀਕ ਸਨ।[1] ਕਨਿੰਘਮ ਨੇ ਠੀਕ ਹੀ ਇਹ ਸਿੱਟਾ ਕੱਢਿਆ ਹੈ ਕਿ "ਹੋਰ ਛਾਣ ਬੀਣ ਕਰਨ ਤੋਂ ਇਹ ਪਤਾ ਲਗ ਜਾਂਦਾ ਹੈ ਕਿ ਅੰਗਰੇਜ਼ਾਂ ਨੇ ਕਈ ਵਰ੍ਹਿਆਂ ਤੋਂ ਜੋ ਨੀਤੀ ਅਪਣਾਈ ਹੋਈ ਸੀ ਉਹ ਅਸਲ ਵਿਚ (ਸਿੱਖ ਸਰਕਾਰ ਨਾਲ) ਸ਼ਾਤਮਈ ਸਬੰਧ ਜਾਰੀ ਰੱਖਣ ਵਿਚ ਸਹਾਇਕ ਨਹੀਂ ਸੀ, ਇਸ ਵਾਸਤੇ ਉਨ੍ਹਾਂ ਨੂੰ ਉਹ ਜੁੱਧ ਛੇੜਨ ਤੋਂ ਸਮੂਲਚੇ ਨਿਰਦੋਸ਼ ਨਹੀਂ ਮਿਥਿਆ ਜਾ ਸਕਦਾ, ਜਿਸ ਦੀ ਉਨ੍ਹਾਂ ਨੂੰ ਆਸ ਸੀ ਤੇ ਜਿਸ ਨੂੰ ਉਹ ਬੁਰਾ ਭਲਾ ਤਾਂ ਆਖਦੇ ਸਨ, ਪਰ ਜਿਸ ਬਾਰੇ ਉਹ ਇਹ ਵੀ ਜਾਣਦੇ ਸਨ ਕਿ ਇਹਦਾ ਨਤੀਜਾ ਅੰਤ ਉਨ੍ਹਾਂ ਦੀ ਉੱਨਤੀ ਵਿਚ ਨਿਕਲੇਗਾ।"[2]

ਸਿੱਖ ਫ਼ੌਜ ਦੇ ਕਮਾਂਡਰ-ਇਨ-ਚੀਫ਼ ਸਰਦਾਰ ਤੇਜ ਸਿੰਘ ਤੇ ਵਜ਼ੀਰ ਲਾਲ ਸਿੰਘ ਦੀ, ਜੋ ਗੁਪਤ ਤੌਰ ਤੇ ਅੰਗਰੇਜ਼ਾਂ ਨਾਲ ਰਲੇ ਹੋਏ ਸਨ, ਗ਼ੱਦਾਰੀ ਦੇ ਕਾਰਨ ਸਿੱਖਾਂ ਦੀ ਲੜਾਈ ਕਰਨ ਦੀ ਯੋਜਨਾ ਅਸਫਲ ਸਾਬਤ ਹੋਈ। ਜਦੋਂ ਸਿੱਖ ਫ਼ੌਜਾਂ ਨੇ 15 ਤੇ 16 ਦਸੰਬਰ 1845 ਨੂੰ ਪਹਿਲਾਂ ਪਹਿਲ ਸਤਲੁਜ ਦਰਿਆ ਨੂੰ ਪਾਰ ਕੀਤਾ ਸੀ, ਤਾਂ ਉਨ੍ਹਾਂ ਦਾ ਨਿਸ਼ਾਨਾ ਫ਼ੀਰੋਜ਼ਪੁਰ ਛਾਉਣੀ ਉੱਤੇ ਕਬਜ਼ਾ ਕਰਨਾ ਹੋਣਾ ਚਾਹੀਦਾ ਸੀ, ਜੋ ਕਿ ਉਸ ਸਮੇਂ ਜ਼ਰਾ ਵੀ ਮੁਸ਼ਕਲ ਨਹੀਂ ਸੀ। ਇਸ ਦੀ ਥਾਂ ਅੱਧੀ ਫ਼ੌਜ ਨੂੰ ਮੁਦਕੀ ਵਲ ਕੂਚ ਕਰਨ ਦਾ ਹੁਕਮ ਦਿੱਤਾ ਗਿਆ, ਤਾਂ ਜੁ ਉਹ ਅੰਗਰੇਜ਼ ਕਮਾਂਡਰ-ਇਨ-ਚੀਫ਼ ਨੂੰ ਫ਼ੀਰੋਜ਼ਪੁਰ ਵੱਲ ਵਧਣ ਤੋਂ ਰੋਕੇ ਅਤੇ ਬਾਕੀ ਦੀ ਅੱਧੀ ਨੇ ਫੇਰੂਸ਼ਾਹ ਵਿਚ ਡੇਰੇ ਗੱਡ ਦਿੱਤੇ। ਮੁਦਕੀ ਦੀ ਲੜਾਈ ਹਾਰ ਜਾਣ ਤੋਂ ਪਿੱਛੋਂ ਸਾਰੀ ਸਿੱਖ ਫ਼ੌਜ ਫੇਰੂਸ਼ਾਹ ਇਕੱਠੀ ਹੋ ਗਈ, ਜਿੱਥੇ 21-22 ਦਸੰਬਰ ਨੂੰ ਦੂਜੀ ਟੱਕਰ ਹੋਈ। ਪਹਿਲੇ ਦਿਨ ਸਿੱਖਾਂ ਦਾ ਪਲੜਾ ਭਾਰੀ ਰਿਹਾ। ਇਸ ਵੇਲੇ ਦੀ ਹਾਲਤ ਨੂੰ ਬਿਆਨ ਕਰਦਾ ਹੋਇਆ ਜੀ.ਬੀ. ਮੈਲਿਸਨ ਲਿਖਦਾ ਹੈ, "ਫਿਰ ਬਹੁਤਿਆਂ ਵਿਚ ਹਫੜਾ-ਦਫੜੀ ਤੇ ਭਾਜੜ ਪੈ ਗਈ। ਇਕ ਕਮਾਂਡਿੰਗ ਅਫ਼ਸਰ ਨੇ ਜੋ ਆਪਣੇ ਖਿੰਡੇ-ਪੁੰਡੇ ਜਵਾਨਾਂ ਨੂੰ ਇਕੱਠਾ ਕਰਨ ਦਾ ਅਸਫਲ ਜਤਨ ਕਰ ਰਿਹਾ ਸੀ, ਪੁਕਾਰ ਕੇ ਆਖਿਆ, 'ਹਿੰਦੁਸਤਾਨ ਸਾਡੇ ਹੱਥੋਂ ਗਿਆ।' ਖ਼ਾਲਸਾ ਫ਼ੌਜ ਦੇ ਸੱਜੇ ਪਾਸੇ ਤੇ ਜੋ ਹਮਲਾ ਕੀਤਾ ਗਿਆ ਸੀ ਉਹ ਇੰਨੀ ਬੁਰੀ ਤਰ੍ਹਾਂ ਨਾਕਾਮ ਹੋਇਆ ਕਿ ਉਥੋਂ ਦੋਬਾਰਾ ਹਮਲਾ ਕਰਨਾ ਸੰਭਵ ਨਹੀਂ ਸੀ। ਸਿੱਖ ਫ਼ੌਜ ਨੇ ਅੰਗਰੇਜ਼ਾਂ ਦੇ ਹਮਲੇ ਨੂੰ ਪੂਰੀ ਤਰ੍ਹਾਂ ਪਛਾੜ ਦਿੱਤਾ ਸੀ।

[1] ਕਨਿੰਘਮ ਪੰਨਾ 278-79

[2] ਉੱਪਰ ਲਿਖਤ, ਪੰਨਾ 287।

ਉਨ੍ਹਾਂ ਨੇ ਲਿਟਲਰ ਦੀਆਂ ਫ਼ੌਜਾਂ ਨੂੰ ਪਿੱਛੇ ਧਕ ਦਿੱਤਾ ਸੀ, ਸਮਿਥ ਨੂੰ ਪਿਛਾਂਹ ਹਟਣ ਲਈ ਮਜਬੂਰ ਕਰ ਦਿਤਾ ਸੀ ਤੇ ਗਿਲਬਰਟ ਨੂੰ ਵੀ ਜਿੱਤੀ ਹੋਈ ਥਾਂ ਖ਼ਾਲੀ ਕਰਨੀ ਪਈ ਸੀ। ਗੱਲ ਕੀ ਸਾਰੀ ਅੰਗਰੇਜ਼ੀ ਫ਼ੌਜ ਵਿਚ ਗੜਬੜ ਮਚ ਗਈ ਸੀ। ਅੰਗਰੇਜ਼ਾਂ ਲਈ ਹੋਰ ਮੁਸੀਬਤ ਇਹ ਸੀ ਕਿ ਅਜੇ ਸਿੱਖਾਂ ਕੋਲ ਤੇਜ ਸਿੰਘ ਦੀ ਕਮਾਨ ਹੇਠ ਹੋਰ 10,000 ਜਵਾਨ ਮੌਜੂਦ ਸਨ। ਜੇ ਇਸ ਵੇਲੇ ਕੋਈ ਸਹੀ ਅਗਵਾਈ ਕਰਨ ਵਾਲਾ ਦਿਮਾਗ਼ ਸਿੱਖ ਫ਼ੌਜ ਦੀ ਕਮਾਨ ਕਰ ਰਿਹਾ ਹੁੰਦਾ, ਤਾਂ ਥੱਕੇ ਹੋਏ ਅੰਗਰੇਜ਼ਾਂ ਨੂੰ ਕੋਈ ਚਾਲ ਨਾ ਬਚਾ ਸਕਦੀ। ਪਰੰਤੂ ਜਿਹਾ ਕਿ ਸਾਨੂੰ ਪਤਾ ਹੈ, ਸਿੱਖਾਂ ਕੋਲ ਇਹੋ ਜਿਹਾ ਸਿਆਣਾ ਆਗੂ ਕੋਈ ਨਹੀਂ ਸੀ।[1]

ਦੂਜੀ ਗਲ ਇਹ ਹੈ ਕਿ ਜੇ ਫ਼ਿਲੌਰ ਦੇ ਕਿਲ੍ਹੇ ਦਾ ਕਮਾਂਡਰ ਰਣਜੋਧ ਸਿੰਘ 12 ਤੋਂ 22 ਦਸੰਬਰ 1845 ਦੇ ਵਿਚਕਾਰ ਸਤਲੁਜ ਪਾਰ ਕਰ ਲੈਂਦਾ ਤਾਂ ਉਸ ਨੇ ਦਿੱਲੀ ਉੱਤੇ ਬਿਨਾਂ ਟਾਕਰੇ ਦੇ ਹੀ ਕਬਜ਼ਾ ਕਰ ਲੈਣਾ ਸੀ, ਕਿਉਂ ਜੁ ਉਸ ਵੇਲੇ ਸਾਰੀ ਅੰਗਰੇਜ਼ੀ ਫ਼ੌਜ ਫ਼ੀਰੋਜ਼ਪੁਰ ਦੇ ਅਸਥਾਨ ਤੇ ਇਕੱਠੀ ਹੋਈ ਸੀ। ਮੇਜਰ ਜੀ. ਕਾਰਮਾਈਕਲ ਸਮਿਥ ਲਿਖਦਾ ਹੈ, "ਨਿਸਚੇ ਹੀ ਰਣਜੋਧ ਸਿੰਘ ਨੂੰ ਪਹਿਲਾਂ ਬੱਦੋਵਾਲ ਤੇ ਫਿਰ ਦਰਿਆ ਦੇ ਕੰਢੇ ਮੋਰਚਾਬੰਦੀ ਕਰਨ ਦੀ ਥਾਂ ਸਿੱਧੀ ਦਿੱਲੀ ਤੇ ਚੜ੍ਹਾਈ ਕਰ ਦੇਣੀ ਚਾਹੀਦੀ ਸੀ। ਉਸ ਦੇ ਘੋੜ ਚੜ੍ਹੇ ਸਾਰੇ ਇਲਾਕੇ ਨੂੰ ਵੈਰਾਨ ਕਰ ਦੇਂਦੇ ਤੇ ਉਸ ਦੀ ਫ਼ੌਜ ਦੀ ਗਿਣਤੀ ਦਿਨੋਂ ਦਿਨ ਵਧਦੀ ਜਾਂਦੀ। ਇਸ ਤਰ੍ਹਾਂ ਉਹ ਸਹਿਜੇ ਹੀ ਅੰਗਰੇਜ਼ਾਂ ਦੀ ਫ਼ੌਜ ਦੇ ਕੁਝ ਹਿੱਸੇ ਨੂੰ ਘੇਰੇ ਵਿਚ ਲੈ ਸਕਦੇ ਸਨ, ਜੋ ਜਰਨੈਲੀ ਸੜਕ ਉੱਤੇ ਬਿਨਾ ਪੂਰੀ ਸੁਰਖਿਆ ਤੇ ਪੂਰੇ ਗੋਲੇ ਬਾਰੂਦ ਦੇ ਆ ਰਹੀ ਸੀ"[2]। ਰਣਜੋਧ ਸਿੰਘ ਨੇ 6 ਜਨਵਰੀ 1846 ਨੂੰ ਲੁਧਿਆਣੇ ਉਤੇ ਹਮਲਾ ਕੀਤਾ ਅਤੇ ਇਸ ਦੇ ਨੇੜੇ ਬੱਦੋਵਾਲ ਦੇ ਕਿਲ੍ਹੇ ਵਿਚ ਮੋਰਚੇ ਕਾਇਮ ਕਰ ਲਏ। ਸਿੱਖਾਂ ਵਾਸਤੇ ਇਹ ਬੜੀ ਭਰਪੂਰ ਜਿੱਤ ਸੀ, ਪਰੰਤੂ ਛੇਤੀ ਹੀ ਪਿਛੋਂ 28 ਜਨਵਰੀ ਨੂੰ ਜੋ ਲੜਾਈ ਅਲੀਵਾਲ ਦੇ ਅਸਥਾਨ ਤੇ ਹੋਈ, ਉਹ ਦੇ ਵਿਚ ਉਹਨਾਂ ਨੂੰ ਹਾਰ ਖਾਣੀ ਪਈ, ਭਾਵੇਂ ਲੜਾਈ ਤੋਂ ਬਾਅਦ ਪਤਾ ਲੱਗਾ ਕਿ ਰਣਭੂਮੀ ਹਾਰੀ ਹੋਈ ਪਿਆਦਾ ਫੌਜ ਨਾਲੋਂ ਜੇਤੂ ਘੋੜ ਚੜ੍ਹਿਆਂ ਦੀਆਂ ਲੋਥਾਂ ਨਾਲ ਵਧੇਰੇ ਅਟੀ ਹੋਈ ਹੈ।"[3]

ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਸ਼ਾਮ ਸਿੰਘ ਆਪਣੇ ਪੁਤਰ ਕਾਹਨ ਸਿੰਘ ਦੀ ਸ਼ਾਦੀ ਤੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਕੜਾਲੇ ਗਏ ਹੋਏ ਸਨ। ਜਦੋਂ ਉਸ ਨੂੰ ਪਤਾ ਲੱਗਾ ਕਿ ਸਿਖ ਫ਼ੌਜ ਸਤਲੁਜ ਪਾਰ ਹੋ ਆਈ ਹੈ, ਤਾਂ ਉਨ੍ਹਾਂ ਆਪਣੇ ਦੇਸ਼ ਦੇ ਅਸਾਧਾਰਨ ਹਾਲਾਤ ਤੇ ਸੰਕਟ ਨੂੰ ਮਹਿਸੂਸ ਕਰਦਿਆਂ ਹੋਇਆਂ ਫ਼ਰ

[1] "ਦੀ ਡੀਸਾਈਸਿਵ ਬੈਟਲਜ਼ ਆਫ਼ ਇੰਡੀਆ", ਪੰਨਾ 360
[2] "ਰੇਨਿੰਗ ਫ਼ੈਮਿਲੀ ਆਫ਼ ਲਾਹੌਰ," ਪੰਨਾ 24,25
[3] "ਡੀਸਾਈਸਿਵ ਬੈਟਲਜ਼ ਆਫ਼ ਇੰਡੀਆ", ਪੰਨਾ 367

ਫਟ ਆਪਣੇ ਪਿੰਡ ਅਟਾਰੀ ਨੂੰ ਵਾਪਸ ਆ ਗਏ ।[1] ਇਸ ਸਮੇਂ ਮਹਾਰਾਣੀ ਜਿੰਦ ਕੌਰ ਨੂੰ ਫ਼ੇਰੂਸ਼ਾਹ ਵਿੱਚ ਸਿਖ ਫ਼ੌਜ ਦੀ ਹਾਰ ਦੀ ਖ਼ਬਰ ਪਹੁੰਚ ਚੁਕੀ ਸੀ । ਸੋ ਦਸ ਘੋੜ-ਸਵਾਰ ਮਹਾਰਾਣੀ ਦਾ ਜ਼ਰੂਰੀ ਸੁਨਿਹਾ ਲੈ ਕੇ ਸਰਦਾਰ ਸ਼ਾਮ ਸਿੰਘ ਕੋਲ ਅਟਾਰੀ ਪਹੁੰਚ ਗਏ । ਮਹਾਰਾਣੀ ਦਾ ਹੁਕਮ ਮਿਲਦੇ ਸਾਰ ਸਰਦਾਰ ਲੜਾਈ ਦੇ ਮੈਦਾਨ ਵਿਚ ਪਹੁੰਚ ਗਏ ਪਰ ਉਨ੍ਹਾਂ ਨੇ ਵੇਖਿਆ ਕਿ ਤੇਜ ਸਿੰਘ ਤੇ ਲਾਲ ਸਿੰਘ ਨੇ ਜੰਗ ਨੂੰ ਅਜਿਹੇ ਸ਼ਰਮਨਾਕ ਢੰਗ ਨਾਲ ਚਲਾਇਆ ਸੀ ਕਿ ਜਿੱਤ ਦੀ ਕੋਈ ਆਸ ਨਹੀਂ ਰਹਿ ਗਈ ਸੀ । ਇਨ੍ਹਾਂ ਗੱਦਾਰਾਂ ਦਾ ਮਨੋਰਥ ਇਹ ਸੀ ਕਿ ਉਨ੍ਹਾਂ ਦੇ ਆਪਣੇ ਦਸਤਿਆਂ ਨੂੰ ਅੰਗਰੇਜ਼ਾਂ ਦੀ ਘੇਰਾ ਪਾਉਣ ਵਾਲੀ ਫ਼ੌਜ ਖਿੰਡਾ ਪੁੰਡਾ ਦੇਵੇ । ਇਸ ਤਰ੍ਹਾਂ ਸਿੱਖ ਫ਼ੌਜ ਦੀ ਹਾਰ ਹੋਵੇ ਤੇ "ਹਸਾਨਮੰਦ ਜੇਤੂ (ਅੰਗਰੇਜ਼) ਉਨ੍ਹਾਂ ਨੂੰ ਇਕ ਸੁਤੰਤਰ ਰਾਜ ਵਿਚ ਵਜ਼ੀਰ ਬਣਾ ਦੇਣ ।"[2]

ਜਦੋਂ ਸਰਦਾਰ ਸ਼ਾਮ ਸਿੰਘ ਨੂੰ ਇਸ ਹਾਲਤ ਦਾ ਪਤਾ ਲੱਗਾ, ਤਾਂ ਉਹ ਫ਼ੌਜ ਦੀ ਕਮਾਨ ਸੰਭਾਲਣ ਤੋਂ ਹਿਚਕਚਾਏ । ਪਰ ਪੰਜਾਬ ਦੀ ਅੱਤ ਨਾਜ਼ਕ ਰਾਜਨੀਤਕ ਹਾਲਤ ਇਸ ਵੇਲੇ ਬਹੁਤ ਵੱਡੀ ਕੁਰਬਾਨੀ ਦੀ ਮੰਗ ਕਰਦੀ ਸੀ ਤੇ ਸਰਦਾਰ ਸ਼ਾਮ ਸਿੰਘ ਲਈ ਜੰਗ ਦਾ ਬੀੜਾ ਚੁਕਣ ਤੋਂ ਬਿਨਾਂ ਕੋਈ ਰਾਹ ਨਹੀਂ ਸੀ ।

ਰਾਜਾ ਗੁਲਾਬ ਸਿੰਘ ਦੇ ਰਾਜਨੀਤਕ ਜੋੜ ਤੋੜ ਰਣ ਭੂਮੀ ਵਿਚ ਤੇਜ ਸਿੰਘ ਤੇ ਲਾਲ ਸਿੰਘ ਦੀ ਗ਼ੱਦਾਰੀ ਨਾਲੋਂ ਵੀ ਵਧੇਰੇ ਖ਼ਤਰਨਾਕ ਸਨ । ਉਹ ਇਸ ਸਥਿੱਤੀ ਵਿਚੋਂ ਆਪਣੇ ਸੁਆਰਥ ਲਈ ਗਵਰਨਰ-ਜਨਰਲ ਨਾਲ ਗੱਲ ਬਾਤ ਚਲਾ ਰਿਹਾ ਸੀ। ਲਾਹੌਰ ਦਰਬਾਰ ਦੇ ਮੁਖ਼ਤਾਰ ਦੀ ਹੈਸੀਅਤ ਵਿਚ ਉਹ ਆਪਣੇ ਜ਼ਾਤੀ ਲਾਭ ਦੀ ਖ਼ਾਤਰ ਦੇਸ ਨੂੰ ਵੇਚਣ ਲਈ ਤਿਆਰ ਹੋ ਗਿਆ ਸੀ । ਉਸ ਨੇ ਅੰਗਰੇਜ਼ਾਂ ਦੀਆਂ ਹੇਠ ਲਿਖੀਆਂ ਸ਼ਰਤਾਂ ਪਹਿਲਾਂ ਹੀ ਮੰਨ ਲਈਆਂ ਸਨ :

(1) ਅੰਗਰੇਜ਼, ਸਿੱਖ ਫ਼ੌਜ ਉੱਤੇ ਹਮਲਾ ਕਰਨਗੇ,

(2) ਹਾਰ ਜਾਣ ਤੋਂ ਪਿਛੋਂ ਲਾਹੌਰ ਸਰਕਾਰ ਫ਼ੌਜ ਦਾ ਸਾਥ ਛੱਡ ਦੇਵੇਗੀ, ਤੇ

(3) ਸਤਲੁਜ ਤੋਂ ਅੱਗੇ ਅੰਗਰੇਜ਼ਾਂ ਦਾ ਕਿਤੇ ਟਾਕਰਾ ਨਾ ਕੀਤਾ ਜਾਏਗਾ ਤੇ ਰਾਜਧਾਨੀ ਨੂੰ ਜਾਣ ਵਾਲੀ ਸੜਕ ਜੇਤੂਆਂ ਲਈ ਖੁਲ੍ਹੀ ਛੱਡ ਦਿੱਤੀ ਜਾਏਗੀ ।[3]

ਸਿੱਖਾਂ ਦੇ ਚੰਗੇ ਭਾਗਾਂ ਨੂੰ ਇਕ ਮੁਖ ਅੜਿੱਕਾ ਅਜੇ ਵੀ ਮੌਜੂਦ ਸੀ । ਉਹ ਇਹ ਕਿ ਸਿੱਖ ਫ਼ੌਜ ਨੂੰ ਖਿੰਡਾਉਣਾ ਰਾਜਾ ਗੁਲਾਬ ਸਿੰਘ ਦੇ ਵੱਸ ਦਾ ਰੋਗ ਨਹੀਂ ਸੀ । ਉਸ

---

[1]"ਚੀਫ਼ਜ਼ ਐਂਡ ਫ਼ੈਮਿਲੀਜ਼ ਆਫ਼ ਨੋਟ", ਗ੍ਰਿਫ਼ਿਨ ਪੰਨਾ 297

[2]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 29

[3]ਉਕਤ ਪੰਨਾ 309

ਨੇ ਇਹ ਗੱਲ ਪੂਰੀ ਕਰਨ ਤੋਂ ਆਪਣੀ ਅਸਮਰਥਾ ਪਰਗਟ ਕਰ ਦਿੱਤੀ ਸੀ ਤੇ ਇਹਦਾ ਸਾਰਾ ਭਾਰ ਅੰਗਰੇਜ਼ਾਂ ਦੇ ਸਿਰ ਤੇ ਸੁਟ ਦਿੱਤਾ ਸੀ। ਸੋ ਇਸ ਵੇਲੇ ਅੰਗਰੇਜ਼ਾਂ ਦੇ ਸਾਹਮਣੇ ਪਹਿਲਾ ਨਿਸ਼ਾਨਾ ਇਹ ਸੀ ਕਿ ਹਥਿਆਰਾਂ ਦੇ ਜ਼ੋਰ ਨਾਲ ਸਿੱਖ ਫੌਜ ਨੂੰ ਛੇਤੀ ਤੋਂ ਛੇਤੀ ਸਤਲੁਜ ਪਾਰ ਧੱਕ ਦਿੱਤਾ ਜਾਏ ਤੇ ਫਿਰ ਲਾਹੌਰ ਦਰਬਾਰ ਦੇ ਸਰਦਾਰ ਤੇ ਫ਼ੌਜ ਦੇ ਪ੍ਰਤੀਨਿਧ ਬਿਨਾ ਸ਼ਰਤ ਅਧੀਨਗੀ ਮੰਨ ਲੈਣ । ਪਰੰਤੂ ਸਿੱਖਾਂ ਵਰਗੇ ਸੂਰਬੀਰ ਜਵਾਨਾਂ ਦੀ ਵਿਸ਼ਾਲ, ਸੁਸਿਖਿਅਤ ਤੇ ਸਨੱਧ-ਬੱਧ ਫ਼ੌਜ ਇਕ ਹਾਰ ਨਾਲ ਪੂਰੇ ਤੌਰ ਤੇ ਕਦੀ ਵੀ ਖਿੰਡਾਈ ਨਹੀਂ ਜਾ ਸਕਦੀ ਸੀ। ਇਹ ਮੌਕਿਆ ਸੀ, ਜਦ ਸਰਦਾਰ ਸ਼ਾਮ ਸਿੰਘ ਮੈਦਾਨ ਵਿਚ ਨਿਤਰੇ ਤੇ ਉਨ੍ਹਾਂ ਨੇ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਕਿ ਉਹ ਡਟ ਕੇ ਅੰਗਰੇਜ਼ਾਂ ਦਾ ਟਾਕਰਾ ਕਰਨਗੇ ਤੇ ਉਹਨਾਂ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਤੇ ਕਬਜ਼ਾ ਕਰਨੋਂ ਰੋਕਣਗੇ ।

ਸਰਦਾਰ ਸ਼ਾਮ ਸਿੰਘ ਦੇ ਐਲਾਨ ਦਾ ਲੋੜੀਂਦਾ ਅਸਰ ਪਿਆ। ਅਲੀਵਾਲ ਦੀ ਹਾਰ ਦੇ ਕਾਰਨ ਸਿੱਖ ਦਿਲ ਛੱਡ ਬੈਠੇ ਸਨ। ਸਰਦਾਰ ਸ਼ਾਮ ਸਿੰਘ ਦੀ ਸ਼ਾਨਦਾਰ ਮਿਸਾਲ ਨੇ ਉਹਨਾਂ ਨੂੰ ਨਵਾਂ ਜੋਸ਼, ਉਤਸ਼ਾਹ ਤੇ ਪ੍ਰੇਰਨਾ ਦਿੱਤੀ। ਕਨਿਘੰਮ ਨੇ ਇਸ ਹਾਲਤ ਨੂੰ ਹੂ-ਬਹੂ ਬਿਆਨ ਕਰਦਿਆਂ ਹੋਇਆਂ ਇਉਂ ਲਿਖਿਆ ਹੈ :

"ਜਿਨ੍ਹਾਂ ਖ਼ਤਰਿਆਂ ਵਿਚ ਸਿੱਖ ਕੌਮ ਘਿਰੀ ਹੋਈ ਸੀ, ਉਹ ਉਹਨਾਂ ਦੇ ਦਿਲ ਦਿਮਾਗ਼ ਤੇ ਛਾਏ ਹੋਏ ਸਨ ਤੇ ਉਹਨਾਂ ਨੂੰ ਬਦੇਸ਼ੀ ਗੁਲਾਮੀ ਵਿੱਚੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਬਿਰਧ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਨੇ ਆਪਣੀ ਕੌਮ ਦੇ ਦੁਸ਼ਮਣਾਂ ਨਾਲ ਪਹਿਲੀ ਟੱਕਰ ਵਿਚ ਸ਼ਹੀਦ ਹੋਣ ਤੇ ਇਸ ਤਰ੍ਹਾਂ (ਗੁਰੂ ਗੋਬਿੰਦ ਸਿੰਘ) ਦੀ ਸਪਿਰਿਟ ਤੇ ਉਸ ਦੇ ਰਹੱਸਵਾਦੀ ਪੰਚਾਇਤੀ ਰਾਜ ਨੂੰ ਰਿਝਾਉਣ ਲਈ ਆਪਣੀ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ।[1]

ਗ਼ੱਦਾਰ ਤੇਜ ਸਿੰਘ ਜਾਣਦਾ ਸੀ ਕਿ ਸ਼ਾਮ ਸਿੰਘ ਵਰਗਾ ਅਜ਼ਾਦੀ ਦਾ ਆਸ਼ਕ ਆਪਣੀ ਮਾਤ-ਭੂਮੀ ਨੂੰ ਗ਼ੈਰਾਂ ਦੀ ਗੁਲਾਮੀ ਥੱਲੇ ਦੇਣ ਲਈ ਕਦੀ ਵੀ ਤਿਆਰ ਨਹੀਂ ਹੋਵੇਗਾ। ਫਿਰ ਵੀ ਉਸ ਫ਼ਰੇਬੀ ਨੇ ਸ਼ਾਮ ਸਿੰਘ ਨੂੰ ਅੰਗਰੇਜ਼ਾਂ ਦੇ ਵਿਰੁੱਧ ਲੜਨ ਤੋਂ ਹਟਾਉਣ ਲਈ ਪੂਰੀ ਵਾਹ ਲਾਈ। ਪਰੰਤੂ ਅਣਖੀ ਸਰਦਾਰ ਆਪਣੇ ਇਰਾਦੇ ਉੱਤੇ ਡਟਿਆ ਰਿਹਾ। 9 ਫ਼ਰਵਰੀ 1846 ਦੀ ਰਾਤ ਨੂੰ ਲੜਾਈ ਲੱਗਣ ਤੋਂ ਕੁਝ ਘੰਟੇ ਪਹਿਲਾਂ ਉਸ ਨੇ ਸ਼ਾਮ ਸਿੰਘ ਨਾਲ ਇਕ ਹੋਰ ਮੁਲਾਕਾਤ ਕੀਤੀ ਤੇ ਉਸ ਨੂੰ ਸਲਾਹ ਦਿੱਤੀ ਕਿ ਉਹ ਅੰਗਰੇਜ਼ਾਂ ਦੇ ਵਿਰੁਧ ਜੰਗ ਕਰ ਕੇ ਆਪਣੀ ਮੌਤ ਨਾ ਸਹੇੜੇ। ਉਸ ਨੇ ਆਖਿਆ ਕਿ ਅੰਗਰੇਜ਼ਾਂ ਨੂੰ ਹੋਰ ਕੁਮਕ ਪਹੁੰਚ ਗਈ ਹੈ ਤੇ ਉਹਨਾਂ ਦੀ ਭਾਰੀ ਤਿਆਰੀ ਦੇ ਕਾਰਨ ਲੜਾਈ ਵਿਚ ਜਿੱਤ ਪ੍ਰਾਪਤ ਕਰਨੀ ਅਸੰਭਵ ਹੈ। ਉਸਨੇ ਸਰਦਾਰ ਨੂੰ ਜ਼ੋਰਦਾਰ ਪਰੇਰਨਾ ਕੀਤੀ ਕਿ ਉਹ ਲੜਾਈ ਕਰਨ ਦੀ ਥਾਂ ਰਣਭੂਮੀ ਵਿਚੋਂ ਭੱਜ

[1]"ਹਿਸਟਰੀ ਆਫ਼ ਦੀ ਸਿਖਸ", ਕਨਿਘੰਮ, ਪੰਨਾ 311

ਜਾਏ, ਪਰੰਤੂ ਸਰਦਾਰ ਸ਼ਾਮ ਸਿੰਘ ਨੇ ਜੋ ਦੇਸ਼ ਨਾਲ ਅਜਿਹਾ ਧ੍ਰੋਹ ਕਰਨ ਦੀ ਗੱਲ ਕਦੀ ਸੋਚ ਹੀ ਨਹੀਂ ਸਕਦੇ ਸਨ, ਉਸ ਦੀ ਇਹ ਤਜਵੀਜ਼ ਬੜੀ ਨਫ਼ਰਤ ਨਾਲ ਠੁਕਰਾ ਦਿੱਤੀ। ਤੇਜ ਸਿੰਘ ਨੇ ਗੁਸੇ ਵਿੱਚ ਭਰ ਕੇ ਤੇ ਔਖਿਆਂ ਹੋ ਕੇ ਆਖਿਆ, 'ਜੇ ਤੂੰ ਇੰਨਾ ਹੀ ਬਹਾਦਰ ਹੈਂ ਤਾਂ ਸਹੁੰ ਚੁੱਕ ਕਿ ਰਣਭੂਮੀ ਵਿੱਚੋਂ ਨੱਸ ਕੇ ਨਹੀਂ ਜਾਏਂਗਾ, ਕਿਉਂਜੁ ਮੈਨੂੰ ਨਿਸਚਾ ਹੈ ਕਿ ਅੰਤ ਤੂੰ ਵੀ ਉਹੀ ਕੁਝ ਕਰੇਂਗਾ, ਜੋ ਮੈਂ ਆਖਦਾ ਹਾਂ।' ਇਸ ਉੱਤੇ ਸਰਦਾਰ ਸ਼ਾਮ ਸਿੰਘ ਨੇ ਜੋ ਉਸ ਵੇਲੇ ਤਕ ਬੜਾ ਸ਼ਾਂਤ ਤੇ ਅਡੋਲ ਸਨ, ਉਸੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੰਗਵਾਈ ਤੇ ਗੁਰੂ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਪ੍ਰਤਿੱਗਿਆ ਕੀਤੀ ਕਿ ਜੇ ਸਿੱਖ ਹਾਰ ਗਏ ਤਾਂ ਮੈਂ ਰਣਭੂਮੀ ਵਿਚੋਂ ਜੀਉਂਦਾ ਵਾਪਸ ਨਹੀਂ ਜਾਵਾਂਗਾ।"

ਜਿਉਂ ਹੀ ਸਰਦਾਰ ਸ਼ਾਮ ਸਿੰਘ ਦੀ ਪ੍ਰਤਿੱਗਿਆ ਦੀ ਖ਼ਬਰ ਬਾਹਰ ਨਿਕਲੀ ਉੱਥੇ ਇਕੱਤਰ ਹੋਈਆਂ ਸਿੱਖ ਫ਼ੌਜਾਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਭਰ ਗਿਆ ਤੇ ਆਕਾਸ਼ ਇਕ ਵਾਰੀ ਫਿਰ "ਫ਼ਰੰਗੀਆਂ ਨੂੰ ਮਾਰ ਭਜਾਉ" ਦੇ ਨਾਹਰਿਆ ਨਾਲ ਗੂੰਜ ਉਠਿਆ। ਪਰ ਉਸ ਰਾਤ ਨੂੰ ਸ਼ਾਮ ਸਿੰਘ ਤੇ ਤੇਜ ਸਿੰਘ ਦੀ ਝੜਪ ਦਾ ਇਕ ਭੈੜਾ ਸਿੱਟਾ ਇਹ ਨਿਕਲਿਆ ਕਿ ਜਿਥੇ ਸਰਦਾਰ ਸ਼ਾਮ ਸਿੰਘ ਨੇ ਦੇਸ਼ ਦੀ ਰੱਖਿਆ ਲਈ ਜੂਝ ਮਰਨ ਦਾ ਪ੍ਰਣ ਕੀਤਾ, ਉੱਥੇ ਤੇਜ ਸਿੰਘ ਨੇ ਦਿਲ ਵਿਚ ਇਹ ਪੱਕਾ ਇਰਾਦਾ ਕਰ ਲਿਆ ਕਿ ਉਹ ਯੋਗ ਸਮਾਂ ਆਉਣ ਉੱਤੇ ਦੇਸ ਨਾਲ ਜ਼ਰੂਰ ਗ਼ੱਦਾਰੀ ਕਰੇਗਾ।

ਮੰਦੇ ਭਾਗਾਂ ਨੂੰ ਸਿੱਖਾਂ ਦੀਆਂ ਕਠਨਾਈਆਂ ਦਾ ਅੰਤ ਕੇਵਲ ਇੰਨੇ ਤੇ ਹੀ ਨਹੀਂ ਹੋ ਗਿਆ ਸੀ। ਦੂਜੇ ਗ਼ੱਦਾਰ, ਲਾਲ ਸਿੰਘ ਨੇ ਪਹਿਲਾਂ ਹੀ ਚੋਰੀ ਚੋਰੀ ਉਸ ਤਰਤੀਬ ਦਾ ਮੁਕੰਮਲ ਨਕਸ਼ਾ ਅੰਗਰੇਜ਼ਾਂ ਨੂੰ ਭੇਜ ਦਿੱਤਾ ਸੀ, ਜਿਸ ਦੇ ਅਨੁਸਾਰ ਸਿਖ ਫ਼ੌਜਾਂ ਨੇ 10 ਫ਼ਰਵਰੀ ਦੀ ਸਵੇਰ ਨੂੰ ਰਣਭੂਮੀ ਵਿਚ ਖਲੋਣਾ ਸੀ। ਸਿੱਖਾਂ ਦੇ ਇਨ੍ਹਾਂ ਅਖੌਤੀ ਆਗੂਆਂ ਦੀ ਗ਼ੱਦਾਰੀ ਦੀ ਅੱਤ ਇਹ ਸੀ ਕਿ ਲੜਾਈ ਦੀ ਤਰੀਕ ਦਾ ਫ਼ੈਸਲਾ ਵੀ ਫ਼ੌਜੀ ਹਾਲਤਾਂ ਨੂੰ ਵੇਖ ਕੇ ਨਹੀਂ, ਸਗੋਂ ਅੰਗਰੇਜ਼ਾਂ ਦੀ ਸਹੂਲਤ ਦੇ ਖ਼ਿਆਲ ਨਾਲ ਕੀਤਾ ਗਿਆ ਸੀ, ਜਿਨ੍ਹਾਂ ਨੂੰ ਉਸ ਸਵੇਰ ਕੁਮਕ ਪਹੁੰਚਣ ਦੀ ਆਸ ਸੀ[1]। ਇਸ ਤਰ੍ਹਾਂ ਇਨ੍ਹਾਂ ਆਗੂਆਂ ਨੇ ਲੜਾਈ ਨੂੰ ਇਕ ਤਰ੍ਹਾਂ ਦਾ ਇਕ-ਤਰਫ਼ਾ ਸਾਂਗ ਬਣਾਕੇ ਰੱਖ ਦਿੱਤਾ ਸੀ। ਪਰੰਤੂ ਸਰਦਾਰ ਸ਼ਾਮ ਸਿੰਘ ਨੇ ਅੰਗਰੇਜ਼ਾਂ ਦੇ ਇਸ ਭਰਮ ਉੱਤੇ ਪਾਣੀ ਫੇਰਨ ਦਾ ਫ਼ੈਸਲਾ ਕਰ ਲਿਆ ਸੀ ਤੇ ਉਸ ਸੂਰਮੇਂ ਦੀ ਅਗਵਾਈ ਵਿਚ 10 ਫ਼ਰਵਰੀ ਦਾ ਦਿਹਾੜਾ ਸਾਡੇ ਦੇਸ਼ ਦੇ ਇਤਿਹਾਸ ਦਾ ਇਕ ਸ਼ਾਨਦਾਰ ਦਿਹਾੜਾ ਬਣਨ ਵਾਲਾ ਸੀ।

ਇਹ ਗੱਲ ਕੁਦਰਤੀ ਸੀ ਕਿ ਅੰਗਰੇਜ਼ ਆਪਣੀਆਂ ਫ਼ੌਜਾਂ ਦੀ ਵਿਉਂਤ ਸਿੱਖ ਫ਼ੌਜਾਂ ਦੀ ਤਰਤੀਬ ਨੂੰ ਮੁਖ ਰਖ ਕੇ ਬਣਾਉਂਦੇ। ਸੋ ਉਹਨਾਂ ਨੇ ਸਿੱਖਾਂ ਦੇ ਧੁਰ ਸੱਜੇ ਮੋਰਚੇ ਉੱਤੇ ਵੱਡਾ ਹੱਲਾ ਕਰਨ ਦੀ ਵਿਉਂਤ ਬਣਾਈ, ਜਿੱਥੇ ਲਾਲ ਸਿੰਘ ਦੀ ਭੇਜੀ ਰਪੋਟ ਅਨੁਸਾਰ ਸਿੱਖਾਂ ਦੀ ਪੁਜ਼ੀਸ਼ਨ ਕਮਜ਼ੋਰ ਸੀ। ਸਰ ਰਾਬਰਟ ਡਿੱਕ ਦੇ ਡਵੀਜ਼ਨ ਨੂੰ

[1] "ਰੀਮੀਨੀਸੈਨਸਜ਼ ਆਫ਼ ਏ ਬੈਂਗਾਲ ਸਿਵਿਲੀਅਨ" ਡਬਲਯੂ ਐਡਵਰਡਜ਼, ਪੰਨਾ 99

ਇਸ ਮੋਰਚੇ ਉੱਤੇ ਹੱਲਾ ਸ਼ੁਰੂ ਕਰਨ ਦਾ ਹੁਕਮ ਦਿੱਤਾ ਗਿਆ ਤੇ ਉਹਦੇ ਨਾਲ ਸੱਜੇ ਪਾਸੇ ਸਰ ਰਾਬਰਟ ਗਿਲਬਰਟ ਦੇ ਡਵੀਜ਼ਨ ਨੇ ਉਸ ਦੀ ਸਹਾਇਤਾ ਕਰਨੀ ਸੀ। ਸਰ ਹੈਰੀ ਸਮਿਥ ਦੇ ਡਵੀਜ਼ਨ ਨੇ ਗਿਲਬਰਟ ਦੇ ਨੇੜੇ ਸੱਜੇ ਪਾਸੇ ਰਹਿ ਕੇ ਉਹਨੂੰ ਮਦਦ ਦੇਣੀ ਸੀ। ਇਸ ਡਵੀਜ਼ਨ ਵਿਚ ਦੋ ਬਰੀਗੇਡ ਸਨ; ਇਕ ਬਰੀਗੇਡੀਅਰ ਪੈਨੀ ਤੇ ਦੂਜਾ ਬਰੀਗੇਡੀਅਰ ਹਿੱਕਸ ਦੀ ਕਮਾਨ ਥੱਲੇ। ਪੈਨੀ ਦੇ ਬਰੀਗੇਡ ਵਿਚ ਇਕੱਤਵੀਂ ਅੰਗਰੇਜ਼ੀ ਪਲਟਣ, ਸੰਤਾਲਵੀਂ ਦੇਸੀ ਪਿਆਦਾ ਫ਼ੌਜ ਤੇ ਨਸੀਰੀ ਜਾਂ ਗੋਰਖਾ ਪਲਟਣ ਸੀ। ਹਿੱਕਸ ਦੇ ਬਰੀਗੇਡ ਵਿਚ ਪੰਜਾਹਵੀਂ ਅੰਗਰੇਜ਼ੀ ਪਲਟਣ ਤੇ ਬਿਤਾਲਵੀਂ ਦੇਸੀ ਪਿਆਦਾ ਫ਼ੌਜ ਸੀ, ਜਿਸ ਨੇ ਦੁਸ਼ਮਣ ਦੇ ਧੁਰ ਖੱਬੇ ਪਾਸੇ ਹਮਲਾ ਕਰਨਾ ਸੀ।[1]

10 ਫ਼ਰਵਰੀ ਨੂੰ ਸਰਦਾਰ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠੇ। ਉਸ ਨੇ ਇਸ਼ਨਾਨ ਕਰ ਕੇ ਚਿੱਟੀ ਦੁੱਧ ਪੁਸ਼ਾਕ ਪਾਈ ਤੇ ਆਪਣੀ ਚੀਨੀ ਘੋੜੀ ਤੇ ਸਵਾਰ ਹੋ ਕੇ ਸਿੱਖ ਫ਼ੌਜਾਂ ਨੂੰ ਸੰਬੋਧਨ ਕਰਨ ਲਈ ਟੁਰ ਪਏ।[2] ਖ਼ਾਲਸਾ ਫ਼ੌਜ ਨੂੰ ਉਹਨਾਂ ਦੀਆਂ ਸੂਰਮਗਤੀ ਤੇ ਕੁਰਬਾਨੀਆਂ ਦੀਆਂ ਸ਼ਾਨਦਾਰ ਰਵਾਇਤਾਂ ਦੀ ਯਾਦ ਦਿਵਾਈ ਤੇ ਉਹਨਾਂ ਨੂੰ ਵਾਸਤਾ ਪਾਇਆ ਕਿ ਉਹ ਮਾਤ-ਭੂਮੀ ਦੇ ਸੱਚੇ ਸਪੂਤ ਬਣ ਕੇ ਦੁਸ਼ਮਣ ਨੂੰ ਪਿੱਠ ਵਿਖਾਣ ਦੀ ਥਾਂ ਰਣ-ਭੂਮੀ ਵਿਚ ਕੱਟ ਮਰਨ। ਕਿਉਂ ਜੁ ਉਸ ਨੇ ਆਪਣੇ ਪਵਿੱਤਰ ਨਿਸ਼ਾਨੇ ਦੀ ਪੂਰਤੀ ਲਈ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕੀਤਾ ਹੋਇਆ ਸੀ ਇਸ ਲਈ ਉਹਦੀ ਪ੍ਰੇਰਨਾ ਦਾ ਰੋਖਾ ਪਰਭਾਵ ਕੁਦਰਤੀ ਸੀ। ਇਸ ਸਮੇਂ ਤਕ ਅੰਗਰੇਜ਼ਾਂ ਨੇ ਗਾੜ੍ਹੀ ਧੁੰਦ ਦੇ ਪਰਦੇ ਥੱਲੇ ਆਪੋ ਆਪਣੇ ਮੋਰਚੇ ਸੰਭਾਲ ਲਏ ਸਨ ਤੇ ਜਿਉਂ ਹੀ ਚੜ੍ਹਦੇ ਸੂਰਜ ਦੀਆ ਕਿਰਨਾਂ ਨੇ ਸੰਘਣੀ ਧੁੰਦ ਨੂੰ ਦੂਰ ਕਰਨਾ ਸ਼ੁਰੂ ਕੀਤਾ, ਉਹਨਾਂ ਦੀਆਂ ਤੋਪਾਂ ਨੇ ਸਿੱਖਾਂ ਦੇ ਮੋਰਚਿਆਂ ਉਤੇ ਅਚਾਨਕ ਭਾਰੀ ਗੋਲਾਬਾਰੀ ਸ਼ੁਰੂ ਕਰ ਦਿੱਤੀ। ਪਹਿਲੀ ਬਾੜ੍ਹ ਦੇ ਸ਼ੁਰੂ ਹੁੰਦਿਆਂ ਸਾਰ ਸਿੱਖਾਂ ਨੇ ਨਗਾਰਿਆਂ ਤੇ ਚੋਟ ਲਾਈ ਤੇ ਬਿਗਲਾਂ ਦੀ ਅਵਾਜ਼ ਨੇ ਜਵਾਨਾਂ ਨੂੰ ਹਥਿਆਰ ਚੁੱਕਣ ਲਈ ਖ਼ਬਰਦਾਰ ਕੀਤਾ। ਕੁਝ ਮਿੰਟਾਂ ਵਿਚ ਹੀ ਜਵਾਨ ਤੋਪਾਂ ਦੇ ਪਿੱਛੇ ਡੱਟ ਗਏ ਤੇ ਗੋਲਿਆਂ ਦਾ ਜਵਾਬ ਗੋਲਿਆਂ ਨਾਲ ਦੇਣ ਲੱਗੇ।

ਡਿੱਕ ਦਾ ਡਵੀਜ਼ਨ ਯੋਜਨਾ ਅਨੁਸਾਰ ਅੱਗੇ ਵਧਿਆ ਤੇ ਉਸ ਨੇ ਵੇਖਿਆ ਕਿ ਜਿਸ ਤਰ੍ਹਾਂ ਲਾਲ ਸਿੰਘ ਦੇ ਸੂੰਹੀਆਂ ਨੇ ਖ਼ਬਰ ਦਿੱਤੀ ਸੀ, ਧੁਰ ਸੱਜੇ ਦੇ ਮੋਰਚੇ ਬਹੁਤ ਕਮਜ਼ੋਰ ਤੇ ਸਹਿਜੇ ਹੀ ਜਿੱਤੇ ਜਾਣ ਵਾਲੇ ਸਨ। ਸੋ ਦੱਸਵੀਂ ਅੰਗਰੇਜ਼ੀ ਰਜਮੈਂਟ ਉੱਕਾ ਹੀ ਕਿਸੇ ਟਾਕਰੇ ਦੇ ਬਿਨਾ ਅੱਗੇ ਘੁਸ ਗਈ। ਪਰੰਤੂ ਜਦੋਂ ਸਾਰਾ ਡਵੀਜ਼ਨ ਕੁਝ ਦੂਰ ਅੱਗੇ ਧਸ ਗਿਆ, ਤਾਂ ਅਚਾਨਕ ਹੀ ਸਿੱਖਾਂ ਨੇ ਉਹਦੇ ਤੇ ਹਮਲਾ ਕਰ ਕੇ ਉਸ ਨੂੰ ਪਿੱਛੇ ਹਟਾ ਦਿੱਤਾ। ਸਰ ਰਾਬਰਟ ਡਿੱਕ ਨੂੰ ਵੀ ਕਾਰੀ ਜ਼ਖ਼ਮ ਲੱਗਾ। ਇਹ ਵੇਖ ਕੇ

[1] "ਦੀ ਸਿਖਸ ਐਂਡ ਸਿਖ ਵਾਰਜ਼", ਗਫ਼ ਐਂਡ ਇਨਿਜ਼, ਪੰਨਾ 121–122

[2] "ਚੀਫ਼ਜ਼ ਐਂਡ ਫ਼ੈਮਿਲੀਜ਼ ਆਫ਼ ਨੋਟ" ਗ੍ਰਿਫ਼ਿਨ ਜਿਲਦ ਪਹਿਲੀ, ਪੰਨਾ 476

ਗਵਰਨਰ ਜਨਰਲ ਨੇ ਚੀਕ ਕੇ ਆਖਿਆ "ਇਹਨਾਂ ਜਵਾਨਾਂ ਨੂੰ ਇਕੱਠੇ ਕਰੋ" ।[1] ਇਸ ਉੱਤੇ ਉਹਦਾ ਏਡੀ-ਕਾਂਗ ਕਰਨਲ ਵੁੱਡ ਘੋੜਾ ਭਜਾ ਕੇ ਵਿਚਕਾਰ ਜਾ ਪੁੱਜਾ ਤੇ ਝੰਡਾ ਬਰਦਾਰ ਦੇ ਹੱਥਾਂ ਵਿਚੋਂ ਝੰਡਾ ਲੈ ਕੇ ਅੱਗੇ ਵਧਿਆ । ਪਲਾਂ ਵਿਚ ਹੀ ਡਾਵਾਂਡੋਲ ਹੋਈ ਅੰਗਰੇਜ਼ੀ ਫ਼ੌਜ ਫਿਰ ਸੰਭਲ ਗਈ । ਉਹਨਾਂ ਨੇ ਗਿਲਬਰਟ ਦੇ ਡਵੀਜ਼ਨ ਨਾਲ ਮਿਲ ਕੇ ਸਿੱਖਾਂ ਦੇ ਕੱਚੇ ਮੋਰਚਿਆਂ ਤੇ ਤਕੜੀ ਗੋਲਾਬਾਰੀ ਕੀਤੀ । ਪਹਿਲਾਂ ਗਿਲਬਰਟ ਦੇ ਡਵੀਜ਼ਨ ਨੂੰ ਵੀ ਪਛਾੜ ਦਿੱਤਾ ਗਿਆ ਸੀ, ਪਰ ਉਹ ਛੇਤੀ ਹੀ ਸਭਲ ਗਏ ਸਨ । ਹੁਣ ਗਿਲਬਰਟ ਤੇ ਡਿੱਕ ਦੋਹਾਂ ਦੇ ਡਵੀਜ਼ਨ ਸਿੱਖਾਂ ਦੀ ਪਿਆਦਾ ਫ਼ੌਜ ਨਾਲ ਹੱਥੋ-ਹੱਥੀ ਘੋਰ ਟਾਕਰੇ ਵਿਚ ਜੁੱਟੇ ਹੋਏ ਸਨ ।[2]

ਅੰਗਰੇਜ਼ਾਂ ਦੇ ਪਹਿਲੇ ਹਮਲੇ ਸਮੇਂ ਸਰਦਾਰ ਸ਼ਾਮ ਸਿੰਘ ਲਗਪਗ ਹਰੇਕ ਥਾਂ ਮੌਜੂਦ ਦਿਸਦੇ ਸਨ[3] । ਉਹ ਇਕ ਦਸਤੇ ਤੋਂ ਦੂਜੇ ਵਲ ਜਾਂਦੇ ਹੋਇਆ ਜਵਾਨਾਂ ਨੂੰ ਡਟ ਕੇ ਲੜਨ ਲਈ ਹਲਾ-ਸ਼ੇਰੀ ਦੇਣ ਤੇ ਉਹਨਾਂ ਦਾ ਹੌਸਲਾ ਕਾਇਮ ਰੱਖਣ ਵਿਚ ਪੂਰੀ ਤਰ੍ਹਾਂ ਸਫਲ ਸਨ । ਉਨ੍ਹਾਂ ਦੇ ਇਸ ਕਰਤੱਵ ਨੇ ਸਿੱਖ ਫ਼ੌਜ ਨੂੰ ਵਧੇਰੇ ਜੋਸ਼ ਨਾਲ ਲੜਨ ਲਈ ਉਭਾਰਿਆ ਤੇ ਅੰਤ ਵਿਚ ਅੰਗਰੇਜ਼ਾਂ ਨੂੰ ਪਛਾੜ ਦਿੱਤਾ ਗਿਆ । ਵਿਲੀਅਮ ਐਡਵਰਡ ਨੇ, ਜੋ ਇਸ ਹਮਲੇ ਸਮੇਂ ਉੱਥੇ ਮੌਜੂਦ ਸੀ, ਇਸ ਸਮੇਂ ਦਾ ਹੂ-ਬਹੂ ਦ੍ਰਿਸ਼ ਇਨ੍ਹਾਂ ਸ਼ਬਦਾਂ ਵਿਚ ਖਿੱਚਿਆ ਹੈ, "ਗਿਲਬਰਟ ਦੇ ਦਸਤੇ ਝਟਪਟ ਅੱਗੇ ਵਧੇ, ਪਰ ਉਹਨਾਂ ਨੇ ਵੇਖਿਆ ਕਿ ਮੋਰਚੇ ਦਾ ਕੇਂਦਰ ਬੜਾ ਤਕੜਾ ਤੇ ਮੂਲੋਂ ਹੀ ਅਜਿੱਤ ਹੈ ਅਤੇ ਉਹ ਬਹੁਤ ਭਾਰੀ ਨੁਕਸਾਨ ਉਠਾ ਕੇ ਪਿੱਛੇ ਹੱਟਣ ਲਈ ਮਜਬੂਰ ਹੋ ਗਏ । ਸਰ ਹੈਰੀ ਸਮਿਥ ਦਾ ਡਵੀਜ਼ਨ ਗਿਲਬਰਟ ਦੇ ਸੱਜੇ ਪਾਸੇ ਦੇ ਕੋਲ ਹੋਣ ਦੀ ਥਾਂ ਸਿੱਖ ਫ਼ੌਜਾਂ ਦੇ ਧੁਰ ਖੱਬੇ ਸੀ । ਉਹ ਵੀ ਅਗਲੇ ਮੋਰਛਿਆਂ ਵਲ ਵਧਿਆ ਸੀ ਪਰ ਭਾਰੀ ਨੁਕਸਾਨ ਨਾਲ ਪਛਾੜ ਦਿਤਾ ਗਿਆ ਸੀ ।" ਇਕ ਪੰਜਾਬੀ ਕਵੀ ਸ਼ਾਹ ਮੁਹੰਮਦ ਨੇ ਇਸ ਲੜਾਈ ਦਾ ਹਾਲ ਇਸ ਤਰ੍ਹਾਂ ਲਿਖਿਆ ਹੈ ।

"ਆਈਆਂ ਪਤਲਾਂ ਬੀੜ ਕੇ ਤੋਪਖਾਨੇ,
ਅੱਗੋਂ ਸਿਘਾਂ ਨੇ ਪਾਸੜੇ ਮੋੜ ਦਿੱਤੇ ।
ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਰੰਗੀ ਦੇ ਤੋੜ ਦਿੱਤੇ ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਦਿੱਤੇ ।

---

[1] "ਸਿਖਸ ਐਂਡ ਸਿਖ ਵਾਰਜ਼", ਪੰਨਾ 1—24
[2] "ਵਿਸਕਾਊਂਟ ਹਾਰਡਿੰਗ ਚਾਰਲਸ, ਹਾਰਡਿੰਗ, ਪੰਨੇ 11, 117
[3] "ਚੀਫ਼ਸ ਐਂਡ ਫ਼ੈਮੇਲੀਜ਼ ਆਫ਼ ਨੋਟ ਇਨ ਪੰਜਾਬ," ਗ੍ਰਿਫ਼ਿਨ, ਪੰਨਾ 476

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਚੋੜ ਦਿੱਤੇ ।

* * * *

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਨੋ ਬਾਦਸ਼ਾਹੀ ਫੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
ਸਣੇ ਆਦਮੀ ਗੋਲੀਆਂ ਨਾਲ ਉੱਡਣ,
ਹਾਥੀ ਢਾਉਂਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ ।

ਕੁਝ ਚਿਰ ਪਿੱਛੋਂ ਸਭਰਾਉਂ ਦੀ ਲੜਾਈ ਆਪਣੇ ਪੂਰੇ ਜੋਬਨ ਤੇ ਆ ਗਈ। ਦੋਵੇਂ ਧਿਰਾਂ ਭਾਰੀ ਜੋਸ਼ ਨਾਲ ਲੜ ਰਹੀਆਂ ਸਨ ਤੇ ਲੜਾਈ ਦੇ ਨਤੀਜੇ ਬਾਰੇ ਕੁਝ ਕਹਿਣਾ ਬਹੁਤ ਮੁਸ਼ਕਲ ਸੀ । ਇਸ ਵੇਲੇ ਦੀ ਮੁਠਭੇੜ ਦਾ ਹਾਲ ਲਿਖਦਾ ਹੋਇਆ ਕਨਿੰਘਮ ਲਿਖਦਾ ਹੈ,"ਗੋਲੀਆਂ ਤੇ ਛੱਰੇ ਲਕੜੀ ਦੇ ਗੱਡਿਆਂ ਨੂੰ ਉਡਾ ਰਹੇ ਸਨ ਜਾਂ ਧਰਤੀ ਵਿਚ ਵੱਜ ਕੇ ਰੇਤ ਦੇ ਢੇਰਾਂ ਦੇ ਢੇਰ ਹਵਾ ਵਿਚ ਉਛਾਲਦੇ ਸਨ । ਖੋਖਲੇ ਗੋਲੇ ਆਪਣੀ ਸਾਰੀ ਮਾਰੂ ਸਮਿਗਰੀ ਸਿਪਾਹੀਆਂ ਦੇ ਸਾਹਮਣੇ ਠਾਹ ਮਾਰਦੇ ਸਨ ਅਤੇ ਗੁੱਥਲਦਾਰ ਰਾਕਟ ਭਾਵੇਂ ਜੋਸ਼ ਨਾਲ ਉੱਪਰ ਨੂੰ ਉਛਲ ਕੇ ਫੁੰਕਾਰੇ ਮਾਰਦੇ ਹੋਏ ਮਨੁੱਖਾਂ ਦੇ ਹੜ੍ਹ ਵਿਚ ਆ ਡਿਗਦੇ ਸਨ । ਪਰੰਤੂ ਇਹ ਸਾਰੀ ਗੋਲਾਬਾਰੀ ਬੇਫ਼ਾਇਦਾ ਤੇ ਬੇਅਸਰ ਸੀ । ਸਿੱਖ ਨਿਡਰ ਹੋ ਕੇ ਡਟੇ ਖਲੋਤੇ ਸਨ ਤੇ ਗੋਲਿਆਂ ਦਾ ਜਵਾਬ ਗੋਲਿਆਂ ਵਿਚ ਦੇ ਕੇ ਅੱਗ ਦੇ ਮੁਕਾਬਲੇ ਵਿਚ ਅੱਗ ਵਰ੍ਹਾ ਰਹੇ ਸਨ । ਜੋਧਿਆਂ ਦੀਆਂ ਚਮਕਦੀਆਂ ਵਰਦੀਆਂ ਨਾਲ ਧਰਤੀ ਲਿਸ਼ਕਾਂ ਮਾਰ ਰਹੀ ਸੀ" ।[1] ਇਸ ਤੋਂ ਬਾਅਦ ਜਿਵੇਂ ਸਰ ਹਰਬਰਟ ਐਡਵਰਡਜ਼ ਨੇ ਲਿਖਿਆ ਹੈ "ਤੋਪਖ਼ਾਨਾ ਸਰਪਟ ਅੱਗੇ ਵਧਿਆ ਤੇ ਉਸ ਨੇ ਦੁਸ਼ਮਣ ਉੱਤੇ 300 ਗਜ਼ ਦੇ ਫ਼ਾਸਲੇ ਤੋਂ ਅੱਗ ਵਰ੍ਹਾਣੀ ਸ਼ੁਰੂ ਕੀਤੀ । ਫਿਰ ਪਿਆਦਾ ਫ਼ੌਜ ਨੇ ਸੰਗੀਨਾਂ ਨਾਲ ਜ਼ੋਰਦਾਰ ਹੱਲਾ ਕਰ ਕੇ ਮੋਰਚਿਆਂ ਤੇ ਕਬਜ਼ਾ ਕਰ ਲਿਆ । ਪਰੰਤੂ ਅੰਗਰੇਜ਼ਾਂ ਦੇ ਇਸ ਜ਼ੋਰਦਾਰ ਹੱਲੇ ਦਾ ਖ਼ਾਲਸਾ ਸਿਪਾਹੀਆਂ ਨੇ ਵੀ ਉੱਨਾ ਹੀ ਦ੍ਰਿੜ੍ਹ ਤੇ ਡੱਟਵਾਂ ਟਾਕਰਾ ਕੀਤਾ । ਲੜਾਈ ਦਾ ਰੁਖ਼ ਹੁਣ ਸਿੱਖ ਸੂਰਬੀਰਾਂ ਦੇ ਵਿਰੁੱਧ ਹੋ ਗਿਆ ਸੀ" ।[2] ਸਿੱਖਾਂ ਦਾ ਗ਼ੱਦਾਰ ਕਮਾਂਡਰ, ਤੇਜ ਸਿੰਘ ਇਸੇ ਮੌਕੇ ਦੀ ਤਾੜ ਵਿਚ ਸੀ । ਸੱਜਰ-ਸਾਹੇ ਆਦਮੀਆਂ ਨਾਲ ਕੁਮਕ ਪਹੁੰਚਾਉਣ ਦੀ ਥਾਂ, ਉਹ ਕਿਸ਼ਤੀਆਂ ਦੇ ਪੁਲ

[1]"ਹਿਸਟਰੀ ਆਫ਼ ਦੀ ਸਿਖਸ", ਕਨਿੰਘਮ, ਪੰਨਾ 313

[2]ਬੀ "ਐਡਵਰਡਜ਼ ਮੈਮਾਇਰਜ਼," ਮੇਜਰ ਜਨਰਲ ਹਰਬਰਟ, ਜਿਲਦ ਪਹਿਲੀ, ਪੰਨਾ 40

ਰਾਹੀਂ ਭੱਜ ਨਿਕਲਿਆ ਤੇ ਦਰਿਆ ਪਾਰ ਕਰ ਕੇ ਉਸ ਨੇ ਪੁਲ ਦੀ ਵਿਚਕਾਰਲੀ ਬੇੜੀ ਡੋਬ ਦਿੱਤੀ ਤਾਂ ਜੁ ਸਿੱਖਾਂ ਦੇ ਬਚ ਕੇ ਨਿਕਲਣ ਜਾਂ ਮੁੜ ਕੇ ਟਾਕਰਾ ਕਰਨ ਦਾ ਕੋਈ ਰਾਹ ਨਾ ਰਹੇ[1]। ਇਸ ਬੇੜੀ ਦੇ ਨਾਲ ਹੀ ਖ਼ਾਲਸਾ ਰਾਜ ਦੀ ਬੇੜੀ ਡੁੱਬ ਗਈ।

ਗਿਲਬਰਟ ਦੇ ਡਵੀਜ਼ਨ ਨੇ ਸਿੱਖਾਂ ਦੇ ਕੇਂਦਰੀ ਮੋਰਚੇ ਉੱਤੇ ਤੀਜਾ ਹਮਲਾ ਕੀਤਾ। ਇਕ ਦੂਜੇ ਦੇ ਮੋਢਿਆਂ ਉੱਤੇ ਚੜ੍ਹਦੇ ਹੋਏ ਉਹ ਸਿੱਖਾਂ ਦੇ ਮੋਰਚਿਆਂ ਉੱਤੇ ਪਹੁੰਚ ਗਏ ਤੇ ਜਿਸ ਵੇਲੇ ਉਨ੍ਹਾਂ ਦੀ ਗਿਣਤੀ ਬਹੁਤ ਵਧ ਗਈ, ਉਨ੍ਹਾਂ ਨੇ ਝਪਟ ਕੇ ਸਿੱਖਾਂ ਦੀਆਂ ਤੋਪਾਂ ਤੇ ਕਬਜ਼ਾ ਕਰ ਲਿਆ। ਛੇਤੀ ਹੀ ਇਹ ਖ਼ਬਰ ਸਾਰੀ ਸਿੱਖ ਫ਼ੌਜ ਵਿਚ ਖਿੱਲਰ ਗਈ ਕਿ ਦੁਸ਼ਮਣ ਦੀਆਂ ਫ਼ੌਜਾਂ ਸਿੱਖਾਂ ਦੇ ਮੋਰਚਿਆਂ ਵਿਚ ਘੁਸ ਆਈਆਂ ਹਨ।[2] ਜਦ ਸਰਦਾਰ ਸ਼ਾਮ ਸਿੰਘ ਨੇ ਆਪਣੀ ਫ਼ੌਜ ਦੀ ਹਾਰ ਹੁੰਦੀ ਦੇਖੀ ਤਾਂ ਉਨ੍ਹਾਂ ਨੇ ਅੰਤਮ ਮਾਰੂ ਕਦਮ ਚੁੱਕਣ ਦਾ ਫ਼ੈਸਲਾ ਕਰ ਕੇ ਆਪਣੀ ਘੋੜੀ ਨੂੰ ਅੱਡੀ ਲਾਈ ਤੇ ਉਹ ਤਲਵਾਰ ਘੁਮਾਂਦੇ ਤੇ ਮਾਰੋ ਮਾਰ ਕਰਦੇ ਹੋਇਆ ਪੰਜਾਹਵੀਂ ਪਿਆਦਾ ਫ਼ੌਜ ਵਿਚ ਜਾ ਘੁਸੇ। ਨਾਲ ਦੀ ਨਾਲ ਉਨ੍ਹਾਂ ਨੇ ਜਵਾਨਾਂ ਨੂੰ ਵੰਗਾਰਿਆ ਕਿ ਕੋਈ ਮੈਦਾਨ ਛੱਡ ਕੇ ਨਾ ਭੱਜੇ। ਜਦ ਉਸ ਦੀ ਛਾਤੀ ਸੱਤ ਗੋਲੀਆਂ ਨਾਲ ਵਿੰਨੀ ਗਈ ਤਾਂ ਉਹ ਸ਼ਹੀਦ ਹੋ ਕੇ ਘੋੜੀ ਤੋਂ ਡਿੱਗ ਪਿਆ।[3]

ਅਣਖੀ ਸਰਦਾਰ ਆਪਣੀ ਪਰਤੱਗਿਆ ਤੇ ਪੂਰਾ ਉਤਰਿਆ ਸੀ। ਉਸ ਨੇ ਨਾ ਕੇਵਲ ਆਪਣੇ ਮੋਰਚਿਆਂ ਦੀ ਬਹਾਦਰੀ ਨਾਲ ਰੱਖਿਆ ਕੀਤੀ ਸੀ, ਸਗੋਂ ਉਹ ਧੁਰ ਅੰਦਰ ਤਕ ਦੁਸ਼ਮਣ ਦੇ ਮੋਰਚਿਆਂ ਵਿਚ ਜਾ ਘੁਸਿਆ ਸੀ। ਜਿਵੇਂ ਅੰਗਰੇਜ਼ਾਂ ਦੇ ਕਮਾਂਡਰ-ਇਨ-ਚੀਫ਼ ਨੇ ਲਿਖਿਆ ਹੈ, "ਸਿੱਖਾਂ ਨੂੰ ਖੁਲ੍ਹ ਦੇ ਦਿੱਤੀ ਗਈ ਕਿ ਉਹ ਆਪਣੇ ਚਲਾਣਾ ਕਰ ਚੁਕੇ ਆਗੂ ਦੀ ਲਾਸ਼ ਰਣਭੂਮੀ ਵਿਚੋਂ ਢੂੰਡ ਲੈਣ"[4]। ਸਰਦਾਰ ਦੀ ਦੇਹ ਦੁਸ਼ਮਣ ਦੇ ਮੋਰਚਿਆਂ ਵਿਚ ਉਸ ਥਾਂ ਤੋਂ ਲੱਭੀ ਜਿੱਥੇ ਲੋਥਾਂ ਦਾ ਢੇਰ ਸਭ ਤੋਂ ਵੱਡਾ ਸੀ। ਉਸ ਦੇ ਸੇਵਕਾਂ ਨੇ ਉਸ ਦੀ ਦੇਹੀ ਨੂੰ ਇਕ ਤੁਲ੍ਹੇ ਉੱਤੇ ਪਾਇਆ ਤੇ ਦਰਿਆਉਂ ਪਾਰ ਹੋ ਆਏ। ਤਿੰਨ ਦਿਨ ਬਾਅਦ ਸਰਦਾਰ ਦੀ ਲੋਥ ਅਟਾਰੀ ਪਹੁੰਚਾ ਦਿੱਤੀ ਗਈ। ਸਰਦਾਰ ਸ਼ਾਮ ਸਿੰਘ ਦੀ ਵਿਧਵਾ, ਜਿਸ ਨੂੰ ਪਤਾ ਸੀ ਕਿ ਉਸ ਦਾ ਪਤੀ ਹਾਰ ਕੇ ਜੀਉਂਦਾ ਵਾਪਸ ਨਹੀਂ ਮੁੜੇਗਾ, ਪਹਿਲਾਂ ਹੀ ਉਹਨਾਂ ਕਪੜਿਆਂ ਦੇ ਨਾਲ ਸਤੀ ਹੋ ਗਈ ਸੀ, ਜਿਹੜੇ ਸਰਦਾਰ ਨੇ ਆਪਣੇ ਵਿਆਹ ਵਾਲੇ ਦਿਨ ਪਾਏ ਸਨ।[5] ਅਟਾਰੀ ਪਿੰਡ ਦੇ ਬਾਹਰ ਸਰਦਾਰ ਸ਼ਾਮ ਸਿੰਘ ਤੇ ਉਹਦੀ ਪਤਨੀ ਦੀਆਂ ਸਮਾਧਾਂ ਨਾਲੋ ਨਾਲ ਅੱਜ ਤਕ ਮੌਜੂਦ ਹਨ।

---

[1]ਉਕਤ ਪੰਨਾ 41 ਤੇ 42

[2]"ਦੀ ਸਿੱਖਸ ਐਂਡ ਸਿੱਖ ਵਾਰਜ਼", ਪੰਨਾ 127

[3]"ਚੀਫ਼ਜ਼ ਐਂਡ ਫ਼ੈਮੇਲੀਜ਼ ਆਫ਼ ਨੋਟ" ਗ੍ਰਿਫ਼ਿਨ, ਪੰਨਾ 498

[4]"ਦੀ ਵਾਰ ਇਨ ਇੰਡੀਆ, ਡਿਸਪੈਚਜ਼" ਪੰਨਾ 37-38

[5]"ਚੀਫ਼ਜ਼ ਐਂਡ ਫ਼ੈਮੇਲੀਜ਼ ਆਫ਼ ਨੋਟ", ਗ੍ਰਿਫ਼ਿਨ, ਪੰਨਾ 498

ਸਭਰਾਉਂ ਦੇ ਸੂਰਬੀਰ ਸਰਦਾਰ ਸ਼ਾਮ ਸਿੰਘ ਦੀ ਅਦੁਤੀ ਕੁਰਬਾਨੀ ਨੇ ਸਿੱਖਾਂ ਉੱਤੇ ਬੜਾ ਉਤਸ਼ਾਹ ਵਧਾਊ ਪਰਭਾਵ ਪਾਇਆ। ਕਨਿੰਘਮ ਲਿਖਦਾ ਹੈ "ਕਿਸੇ ਇਕ ਵੀ ਸਿੱਖ ਨੇ ਈਨ ਨਾ ਮੰਨੀ, (ਗੁਰੂ) ਗੋਬਿੰਦ (ਸਿੰਘ) ਦੇ ਕਿਸੇ ਵੀ ਅਨੁਆਈ ਨੇ ਰਹਿਮ ਦੀ ਦਰਖ਼ਾਸਤ ਨਾ ਕੀਤੀ। ਹਰੇਕ ਥਾਂ ਉਹ ਜੇਤੂਆਂ ਦੇ ਸਾਹਮਣੇ ਛਾਤੀਆਂ ਤਾਣ ਕੇ ਖਲੋਤੇ ਰਹੇ। ਉਹਨਾਂ ਵਿਚੋਂ ਬਹੁਤੇ ਤਾਂ ਇਕਲੇ ਦੁਸ਼ਮਣ ਦੀਆਂ ਧਾੜਾਂ ਵਿਚ ਘੁਸ ਕੇ ਟਾਕਰਾ ਕਰਦੇ ਹੋਏ ਮੌਤ ਨੂੰ ਜੱਫੀਆਂ ਪਾ ਗਏ ਤੇ ਕਈ ਰੋਹ ਵਿਚ ਭਰੇ ਪੀਤੇ ਆਕੜ ਕੇ ਤੁਰਦੇ ਹੋਏ ਰਣਭੂਮੀ ਵਿਚੋਂ ਬਾਹਰ ਹੋ ਗਏ।[1]

ਸਰਦਾਰ ਸ਼ਾਮ ਸਿੰਘ ਦੀ ਦਲੇਰੀ ਤੇ ਦ੍ਰਿੜ੍ਹਤਾ ਨੇ ਸਭਰਾਉਂ ਨੂੰ ਭਾਰਤ ਦਾ ਵਾਟਰਲੂ ਬਣਾ ਦਿੱਤਾ ਸੀ। ਜਿਵੇਂ ਮੈਲਸਨ ਨੇ ਲਿਖਿਆ ਹੈ, "ਜੇ ਸਿੱਖ ਇੱਥੇ ਜਿੱਤ ਜਾਂਦੇ ਤਾਂ ਭਾਰਤ ਅੰਗਰੇਜ਼ਾਂ ਦੇ ਹੱਥੋਂ ਨਿਕਲ ਜਾਣਾ ਸੀ"[2] ਵਿਸਾਹ-ਘਾਤ ਦੇ ਉਸ ਯੁਗ ਵਿਚ ਸਰਦਾਰ ਸ਼ਾਮ ਸਿੰਘ ਦੀ ਆਪਣੇ ਦੇਸ਼ ਪ੍ਰਤੀ ਸ਼ਰਧਾ ਤੇ ਪਿਆਰ ਅਦੁਤੀ ਸੀ। ਉਸ ਦੇ ਸਮਕਾਲੀਆਂ ਦੀ, ਜਿਨ੍ਹਾਂ ਨੇ ਆਪਣਾ ਵਤਨ ਬਦੇਸ਼ੀਆਂ ਦੇ ਹੱਥ ਵੇਚ ਦਿਤਾ ਸੀ, ਗ਼ੱਦਾਰੀ ਤੇ ਸੁਆਰਥ ਦੇ ਟਾਕਰੇ ਵਿਚ ਸਰਦਾਰ ਸ਼ਾਮ ਸਿੰਘ ਦੀ ਵਫ਼ਾਦਾਰੀ ਤੇ ਕੁਰਬਾਨੀ ਹਮੇਸ਼ਾਂ ਚਾਨਣ-ਮੁਨਾਰਾ ਬਣ ਕੇ ਚਮਕਦੀ ਰਹੇਗੀ। ਸੱਚਮੁਚ ਹੀ ਸਰਦਾਰ ਸ਼ਾਮ ਸਿੰਘ ਨੇ ਆਪਣੇ ਆਪ ਨੂੰ ਦੇਸ਼-ਭਗਤਾਂ ਦਾ ਸਰਦਾਰ ਸਾਬਤ ਕਰ ਵਿਖਾਇਆ।


ਜੇ ਦੇਸ਼-ਭਗਤੀ ਦੀ ਕਸਵੱਟੀ ਜਾਣ ਬੁਝ ਕੇ ਤੇ ਖ਼ੁਸ਼ੀ ਖ਼ੁਸ਼ੀ ਆਪਣੇ ਵਤਨ ਦੀ ਖ਼ਾਤਰ ਜਾਨ ਵਾਰਨਾ ਹੈ, ਤਾਂ ਨਿਸਚੇ ਹੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਹਿੰਦੁਸਤਾਨ ਦਾ ਇਕ ਮਹਾਨ ਦੇਸ਼-ਭਗਤ ਆਖਿਆ ਜਾ ਸਕਦਾ ਹੈ। ਉਨ੍ਹਾਂ ਨੇ ਦੁਨਿਆਵੀ ਲਾਭਾਂ ਤੇ ਜ਼ਾਤੀ ਸੁੱਖਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣਾ ਸਭ ਕੁਝ ਪੰਜਾਬ ਦੀ ਸੁਤੰਤਰਤਾ ਬਚਾਉਣ ਦੀ ਖ਼ਾਤਰ ਕੁਰਬਾਨ ਕਰ ਦਿੱਤਾ। ਉਨ੍ਹਾਂ ਨੇ ਗ਼ੁਲਾਮੀ ਨਾਲੋਂ ਮੌਤ ਨੂੰ ਤਰਜੀਹ ਦਿੱਤੀ ਤੇ ਆਪਣੀ ਮਿਸਾਲ ਨਾਲ ਆਪਣੇ ਦੇਸ਼-ਵਾਸੀਆਂ ਨੂੰ ਦੱਸ ਦਿੱਤਾ ਕਿ ਬਦੇਸ਼ੀ ਜੂਲੇ ਵਿੱਚੋਂ ਖ਼ਲਾਸੀ ਤੇ ਅਜ਼ਾਦੀ ਪ੍ਰਾਪਤ ਕਰਨ ਨਾਲੋਂ ਵੱਡਮੁਲੀ ਚੀਜ਼ ਹੋਰ ਕੋਈ ਨਹੀਂ। ਉਨ੍ਹਾਂ ਨੇ ਕਬੀਰ ਸਾਹਿਬ ਦੇ ਇਸ ਸਲੋਕ ਨੂੰ ਸਹੀ ਸਾਬਤ ਕਰ ਵਿਖਾਇਆ ਕਿ :—

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੈ, ਕਬਹੂ ਨ ਛਾਡੇ ਖੇਤ।

ਮੁਹੰਮਦ ਲਤੀਫ਼ ਲਿਖਦਾ ਹੈ "ਬੁੱਢੇ ਸਰਦਾਰ ਸ਼ਾਮ ਸਿੰਘ ਨੇ ਆਪਣੀ ਲੰਮੀ ਦੁੱਧ ਚਿੱਟੀ (ਬਰਫ਼ਾਨੀ) ਦਾੜ੍ਹੀ ਵਰਗੀ ਸਫ਼ੇਦ ਪੁਸ਼ਾਕ ਪਾਈ, ਚੀਨੀ ਘੋੜੀ ਨੂੰ ਸਰਪਟ

[1] "ਹਿਸਟਰੀ ਆਫ਼ ਦੀ ਸਿਖਜ਼," ਕਨਿੰਘਮ, ਪੰਨਾ 315

[2] "ਡੀਸਾਇਸਿਵ ਬੈਟਲਜ਼ ਆਫ਼ ਇੰਡੀਆ," ਮੈਲੀਸਨ, ਪੰਨਾ 373



ਸਰਦਾਰ ਸ਼ਾਮ ਸਿੰਘ ਦੀ ਸਮਾਧ

ਦੁੜਾਂਦਿਆਂ ਤੇ ਆਪਣੇ ਜੁਸ਼ੀਲੇ ਸਾਥੀਆਂ ਨੂੰ ਹੱਲਾਸ਼ੇਰੀ ਦੇਂਦਿਆਂ ਉਹ ਅੱਗੇ ਵਧਿਆ ਤੇ ਅੰਤ ਤਕ ਮੌਤ ਨੂੰ ਟਿੱਚ ਜਾਣਦਾ ਹੋਇਆ (ਦੇਸ਼ ਦੀ ਸੁਤੰਤਰਤਾ ਦੀ ਖ਼ਾਤਰ) ਸ਼ਹੀਦੀ ਪ੍ਰਾਪਤ ਕਰ ਗਿਆ[1]" ਉਸ ਦੀ ਸ਼ਾਨਦਾਰ ਮਿਸਾਲ 1846 ਤੋਂ ਲੈ ਕੇ 1947 ਤਕ ਅੰਗਰੇਜ਼ਾਂ ਦੇ ਵਿਰੁਧ ਲੜਨ ਵਾਲੇ ਹਜ਼ਾਰਾਂ ਸੁਤੰਤਰਤਾ-ਸੰਗਰਾਮੀਆਂ ਲਈ ਚਾਨਣ-ਮੁਨਾਰਾ ਤੇ ਪ੍ਰੇਰਨਾ ਦਾ ਸੋਮਾ ਬਣ ਗਈ।

> "ਹਰੀਕੇ ਦੇ ਅਸਥਾਨ ਨੇ ਇਕ ਸਰਦਾਰ ਨੇ ਜਿਸ ਦਾ ਨਾਂ ਸ਼ਾਮ ਸਿੰਘ ਸੀ, ਸਾਡਾ ਬਹੁਤ ਚੰਗੀ ਤਰ੍ਹਾਂ ਸੁਆਗਤ ਕੀਤਾ।" ਮੋਹਨ ਲਾਲ

ਸਰਦਾਰ ਸ਼ਾਮ ਸਿੰਘ ਦਾ ਉੱਚਾ ਕੱਦ, ਖੁਲ੍ਹਾ ਦਾੜ੍ਹਾ, ਚੌੜਾ ਮੱਥਾ ਤੇ ਭਰਵਾਂ ਸਰੀਰ ਬਹੁਤ ਪ੍ਰਭਾਵਸ਼ਾਲੀ ਸਨ। ਫ਼ਕੀਰ ਅਜ਼ੀਜ਼ੁਦੀਨ ਦੇ ਘਰਾਣੇ ਵਿਚ ਪਈ ਇਕ ਛੋਟੀ ਕਲਮੀ ਤਸਵੀਰ ਤੋਂ ਆਪ ਬਹੁਤ ਫੁਰਤੀਲੇ ਤੇ ਜੋਸ਼ੀਲੇ ਜਾਪਦੇ ਸਨ।[1] ਆਪ ਬਹੁਤ ਦਲੇਰ ਤੇ ਬਹਾਦਰ ਸਨ। 1818 ਈਸਵੀ ਤੋਂ ਲੈ ਕੇ 1845 ਈਸਵੀ ਤਕ ਸ਼ਾਇਦ ਹੀ ਕੋਈ ਲੜਾਈ ਹੋਵੇ ਜਿਸ ਵਿਚ ਆਪ ਨੇ ਵਧ ਚੜ੍ਹ ਕੇ ਹਿੱਸਾ ਨਾ ਲਿਆ ਹੋਵੇ। ਮਹਾਰਾਜਾ ਰਣਜੀਤ ਸਿੰਘ ਨੂੰ ਆਪ ਤੇ ਬਹੁਤ ਵਿਸ਼ਵਾਸ਼ ਸੀ। ਇਹ ਹੀ ਕਾਰਨ ਸੀ ਕਿ ਅਟਾਰੀ ਵਾਲੇ ਸਰਦਾਰ ਨੂੰ ਕਈਆਂ ਥਾਵਾਂ ਤੇ ਵਿਸ਼ੇਸ਼ ਅਧਿਕਾਰ ਦੇ ਕੇ ਭੇਜਿਆ ਜਾਂਦਾ ਸੀ। ਬਾਹਰੋਂ ਆਏ ਅੰਗਰੇਜ਼ ਪਰਾਹੁਣਿਆਂ ਦੀ ਆਉ-ਭਗਤ ਦਾ ਕੰਮ ਵੀ ਕਈ ਵਾਰੀ ਸਰਦਾਰ ਸ਼ਾਮ ਸਿੰਘ ਨੂੰ ਦਿੱਤਾ ਗਿਆ।

## (ੲ) ਅਲੈਗਜ਼ਾਂਡਰ ਬਰਨਜ਼ ਦਾ ਸੁਆਗਤ

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਜਕਲ੍ਹ ਵਾਂਙ ਬਦੇਸ਼ੀਆਂ ਦੀ ਆਉ-ਭਗਤ ਲਈ ਕੋਈ ਵਖਰਾ ਵਿਭਾਗ ਨਿਯੁਕਤ ਨਹੀਂ ਸੀ। ਜਦੋਂ ਕੋਈ ਬਦੇਸ਼ੀ ਦਰਬਾਰ ਵਿਚ ਆ ਰਿਹਾ ਹੁੰਦਾ ਸੀ, ਤਾਂ ਦਰਬਾਰੀਆਂ ਵਿਚੋਂ ਕਿਸੇ ਨੂੰ ਸੁਆਗਤ ਲਈ ਨੀਅਤ ਕਰ ਦਿੱਤਾ ਜਾਂਦਾ ਸੀ। ਉਹ ਦਰਬਾਰੀ ਮੁਖੀਆ ਮਹਾਰਾਜਾ ਰਣਜੀਤ ਸਿੰਘ ਵਲੋਂ ਬਾਹਰੋਂ ਆਏ ਮਹਿਮਾਨ ਨੂੰ ਮਿਲਦਾ, ਉਸ ਦਾ ਸੁਆਗਤ ਕਰਦਾ, ਕਿਸੇ ਮਿਥੇ ਅਸਥਾਨ ਤੱਕ ਉਸਦੇ ਨਾਲ ਰਹਿੰਦਾ ਤੇ ਫਿਰ ਜਦੋਂ ਕੋਈ ਹੋਰ ਸਰਦਾਰ ਲਾਹੌਰ ਦਰਬਾਰ ਵਲੋਂ ਸੁਆਗਤ ਲਈ ਪਹੁੰਚਦਾ, ਤਾਂ ਪਹਿਲਾ ਸਰਦਾਰ ਵਾਪਸ ਚਲਿਆ ਜਾਂਦਾ। ਇਸ ਵਕਤ ਵਿਚ ਬਾਹਰੋਂ ਆਏ ਬਦੇਸ਼ੀ ਦੀ ਗੱਲਬਾਤ ਦਾ ਸਾਰ, ਉਸਦੇ ਰਹਿਣ ਸਹਿਣ ਦੇ ਢੰਗ ਤੇ ਹੋਰ ਗੱਲਾਂ ਬਾਰੇ ਲੋੜੀਂਦੀ ਵਾਕਫ਼ੀਅਤ ਮਹਾਰਾਜੇ ਕੋਲ ਪਹੁੰਚ ਜਾਂਦੀ, ਜਿਸ ਤੋਂ ਉਹ ਆਪ ਗੱਲਬਾਤ ਕਰਨ ਲਈ ਤਿਆਰ ਹੋ ਜਾਂਦਾ।

---

[1] ਇਹ ਤਸਵੀਰ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ 1956 ਵਿਚ ਲਾਹੌਰ ਅਜਾਇਬ-ਘਰ ਵਿਚ ਵੇਖੀ ਸੀ ਜਦੋਂ ਕਿ ਫ਼ਕੀਰ ਅਜ਼ੀਜ਼ੁਦੀਨ ਦੇ ਖ਼ਾਨਦਾਨ ਵਿਚ ਪਈਆਂ ਤਸਵੀਰਾਂ ਤੇ ਹੋਰ ਇਤਿਹਾਸਕ ਕਾਗਜ਼ਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲੱਗੀ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਸੁਭਾਉ ਸੀ ਕਿ ਉਹ ਆਪ ਹਰ ਇਕ ਗੱਲ ਦੇ ਵਿਸਥਾਰ ਵਿਚ ਜਾਂਦਾ ਸੀ ਤੇ ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਵੀ ਆਪਣੇ ਕਰਮਚਾਰੀਆਂ ਨੂੰ ਵਿਸਥਾਰ ਪੂਰਬਕ ਹਦਾਇਤਾਂ ਦੇਂਦਾ ਸੀ, ਜਿਵੇਂ ਕੈਪਟਨ ਅਲੈਗਜ਼ਾਂਡਰ ਬਰਨਜ਼[1] (ਜਿਹੜਾ ਪਿੱਛੋਂ ਸਰ ਅਲੈਗਜ਼ਾਂਡਰ ਬਣਿਆ) ਉਸ ਪਰਵਾਨੇ ਦੀ ਨਕਲ ਆਪਣੀ ਪੁਸਤਕ ਵਿਚ ਦੇਂਦਾ ਹੈ ਜਿਹੜਾ, ਉਸਦੇ ਸੁਆਗਤ ਲਈ ਮਹਾਰਾਜੇ ਨੇ ਲਿਖਿਆ ਸੀ। ਉਸ ਦੇ ਮੁੱਢਲੇ ਸ਼ਬਦ ਇਸਤਰ੍ਹਾਂ ਹਨ :—

> "ਦੀਵਾਨ ਅਜੁੱਧਿਆ ਪ੍ਰਸ਼ਾਦ, ਮਾਨਸੀਅਰ ਵੈਨਤੂਰਾ, ਸਿਆਣੇ ਤੇ ਮਹਾਨ ਸਰਦਾਰ ਲਹਿਣਾ ਸਿੰਘ ਮਜੀਠੀਏ ਅਤੇ ਲਾਲਾ ਸਾਵਣ ਮਲ ਸੂਬੇਦਾਰ ਮੁਲਤਾਨ ਨੂੰ, ਸੂਚਿਤ ਕੀਤਾ ਜਾਂਦਾ ਹੈ ਕਿ ਜਿਸ ਵੇਲੇ ਬਰਨਜ਼ ਸਾਹਿਬ ਬਹਾਦਰ ਸਾਡੀਆਂ ਸਰਹੱਦਾਂ ਤੇ ਪੁੱਜਣ ਤਾਂ ਉਹ ਉਨ੍ਹਾਂ ਦਾ ਸਵਾਗਤ ਕਰਨ"[2]

ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਲਿਖਾਰੀ ਸੋਹਣ ਲਾਲ ਇਸੇ ਗੱਲ ਨੂੰ ਹੋਰ ਵਿਸਥਾਰ ਨਾਲ ਦਸਦਾ ਹੈ। ਜਿਸ ਤੋਂ ਸਿਧ ਹੁੰਦਾ ਹੈ ਕਿ ਮਹਾਰਾਜਾ ਵਿਦੇਸ਼ੀ ਪ੍ਰਾਹੁਣਿਆ ਦਾ ਵਿਸ਼ੇਸ਼ ਧਿਆਨ ਰਖਦਾ ਸੀ ਤੇ ਸਦਾ ਯੋਗ ਆਦਮੀਆਂ ਨੂੰ ਹੀ ਬਦੇਸੀਆਂ ਦੀ ਆਉ-ਭਗਤ ਲਈ ਨੀਅਤ ਕਰਦਾ ਸੀ। ਸੋਹਣ ਲਾਲ ਲਿਖਦਾ ਹੈ :—

> 'ਇਕ ਪਰਵਾਨਾ ਜਾਰੀ ਕੀਤਾ ਗਿਆ ਸੀ ਕਿ ਜਦੋਂ ਬਰਨਜ਼ ਸਾਹਿਬ ਦਰਬਾਰ ਦੇ ਇਲਾਕੇ ਵਿਚ ਆਉਣ, ਤਾਂ ਦੀਵਾਨ ਅਯੁੱਧਿਆ ਪ੍ਰਸ਼ਾਦ ਸਰਹੱਦ ਤੋਂ ਪੰਜਾਹ ਮੀਲ ਅੱਗੇ ਜਾ ਕੇ ਉਸਦਾ ਸਵਾਗਤ ਕਰੇ ਤੇ 'ਜੀ ਆਇਆਂ' ਆਖਣ ਦੀ ਰਸਮ ਪੂਰੀ ਕਰੇ। ਉਸ ਤੋਂ ਪਿੱਛੋਂ ਸਰਦਾਰ ਲਹਿਣਾ ਸਿੰਘ ਮਜੀਠੀਆ ਮੁਲਤਾਨ ਜਾਏ ਤੇ ਸਾਵਣ ਮੱਲ ਦੇ ਨਾਲ ਮਿਲ ਕੇ ਉਸ ਦੀ ਰਸਤੇ ਵਿਚ ਅਗਵਾਈ ਕਰੇ। ਉਸ ਦੀ ਯੋਗ ਸੇਵਾ ਕਰਨ ਅਤੇ ਉਸ ਦੀਆਂ ਲੋੜਾਂ ਪੂਰੀਆਂ ਕਰਨ ਵਲ ਖ਼ਾਸ ਧਿਆਨ ਦਿੱਤਾ ਜਾਏ, ਜਿਸ ਨਾਲ ਬਾਹਰੋਂ ਆਇਆ ਪ੍ਰਾਹੁਣਾ ਖ਼ੁਸ਼ ਹੋਵੇ। ਇਹ ਸਭ ਕੁਝ ਉਹ ਬਹੁਤ ਸਿਆਣਪ ਨਾਲ ਕਰੇ।[3]

ਈਸਟ ਇੰਡੀਆ ਕੰਪਨੀ ਦੀ ਇਹ ਵਿਉਂਤ ਹੋਇਆ ਕਰਦੀ ਸੀ ਜਿਸ ਪ੍ਰਾਂਤ ਜਾਂ ਇਲਾਕੇ ਨੂੰ ਜਿੱਤਣਾ ਹੁੰਦਾ ਸੀ, ਉਥੇ ਪਹਿਲਾਂ ਵਪਾਰੀਆਂ ਤੇ ਯਾਤਰੀਆਂ ਦੇ ਰੂਪ

---

[1] ਕੈਪਟਨ ਅਲੈਗਜ਼ਾਂਡਰ ਬਰਨਜ਼ ਨੇ 1831, 1832 ਤੇ 1833 ਪੰਜਾਬ ਅਫ਼ਗਾਨਿਸਤਾਨ ਆਦਿ ਦੇਸ਼ਾਂ ਵਿਚ ਸਫ਼ਰ ਕੀਤੇ। ਉਸ ਦੀ ਕਿਤਾਬ ਦੀਆਂ ਤਿੰਨ ਜਿਲਦਾਂ 1834 ਵਿਚ ਪਹਿਲੀ ਵਾਰੀ ਲੰਡਨ ਵਿਚ ਛਪੀਆਂ। ਅਖ਼ੀਰ ਉਹ 2 ਨਵੰਬਰ 1841 ਵਿਚ ਕਾਬਲ ਵਿਚ ਮਾਰਿਆ ਗਿਆ।

[2] "ਟਰੈਵਲਜ਼ ਇਨਟੂ ਬੁਖ਼ਾਰਾ," ਅਲੈਗਜ਼ਾਂਡਰ ਬਰਨਜ਼, ਜਿਲਦ 1 (1834) 89

[3] "ਉਮਦਾਤੁ-ਤਵਾਰੀਖ਼" ਹਿਸਾ ਤੀਜਾ ਉਲਥਾਕਾਰ ਵੀ.ਐਸ. ਸੂਰੀ, ਪੰਨਾ 44

ਵਿਚ ਜਾ ਕੇ ਉਸ ਦੇਸ਼ ਦਾ ਪਤਾ ਲਾਂਦੇ। ਅਲੈਗਜ਼ਾਂਡਰ ਆਪਣੀ ਯਾਤਰਾ ਦਾ ਮਨੋਰਥ ਆਪਣੀ ਪੁਸਤਕ 'ਟਰੈਵਲਜ਼ ਇਨਟੂ ਬੁਖਾਰਾ' ਦੀ ਭੂਮਿਕਾ ਵਿਚ ਇਸ ਤਰ੍ਹਾਂ ਦਸਦਾ ਹੈ:—

"1831 ਦੇ ਸਾਲ ਵਿਚ ਮੈਨੂੰ ਰਾਜਸੀ ਮਨੋਰਥ ਲਈ ਲਾਹੌਰ ਦਰਬਾਰ ਵਿਚ ਜਾਣ ਲਈ ਨਿਯੁਕਤ ਕੀਤਾ ਗਿਆ ਤੇ ਨਾਲ ਇੰਗਲਸਤਾਨ ਦੇ ਬਾਦਸ਼ਾਹ ਵੱਲੋਂ ਇਕ ਚਿੱਠੀ ਤੇ ਕੁਝ ਘੋੜਿਆਂ ਦੇ ਨਜ਼ਰਾਨੇ ਮਹਾਰਾਜੇ ਨੂੰ ਪੇਸ਼ ਕਰਨ ਲਈ ਦਿੱਤੇ ਗਏ। ਮੇਰੀ ਯਾਤਰਾ ਦਾ ਮੁੱਢਲਾ ਮਨੋਰਥ ਸਿੰਧ ਦਰਿਆ ਦੇ ਸਮੁੰਦਰੀ ਰਸਤੇ ਦੀ ਭਾਲ ਕਰਨਾ ਸੀ, ਜਿਸ ਨੂੰ ਕਿ ਹੁਣ ਤਕ ਪਹਿਲੇ, ਯਾਤਰੂਆਂ ਨੇ ਕੇਵਲ ਵਿਸ਼ੇਸ਼ ਥਾਵਾਂ ਤੋਂ ਹੀ ਵੇਖਿਆ ਸੀ, ਅਰਥਾਤ ਕੇਵਲ ਥੱਟਾ ਤੇ ਹੈਦਰਾਬਾਦ ਦੇ ਵਿਚਕਾਰ"। ਉਸਦੇ ਇਸ ਦੱਸੇ ਮਨੋਰਥ ਬਾਰੇ ਟੀਕਾ-ਟਿਪਣੀ ਕਰਦਾ ਹੋਇਆ ਉਸਦਾ ਸਮਕਾਲੀ ਚਾਰਲਸ ਮੇਸਨ ਕਹਿੰਦਾ ਹੈ ਕਿ ਅਲੈਗਜ਼ਾਂਡਰ ਦਾ ਮਨੋਰਥ ਆਰਥਕ ਜਾਂ ਸਮੁੰਦਰੀ ਰਾਹ ਦੀ ਭਾਲ ਨਹੀਂ ਸੀ, ਸਗੋਂ ਇਨ੍ਹਾਂ ਇਲਾਕਿਆਂ ਨੂੰ ਜਿੱਤਣ ਦੀ ਭਾਵਨਾ ਸੀ। ਉਹ ਲਿਖਦਾ ਹੈ :—

"ਸਰਕਾਰ ਦਾ ਮੁਖ ਤੇ ਵੱਡਾ ਮਨੋਰਥ ਸਿੰਧ ਦਰਿਆ ਦਾ ਰਸਤਾ ਖੋਲ੍ਹਣਾ ਦੱਸਿਆ ਜਾਂਦਾ ਹੈ। ਕੀ ਸਿੰਧ ਦਰਿਆ ਕਦੀ ਬੰਦ ਸੀ ? ਜਾਂ ਅੱਗੇ ਵਧਦਾ ਹੋਇਆ ਖ਼ਤਰਨਾਕ ਰਸਤਿਆਂ ਤੇ ਘਟ ਡੂੰਘਾ ਹੋਣ ਕਰਕੇ ਬੰਦ ਸੀ ? ਮਨੋਰਥ ਸਿੰਧ ਦਰਿਆ ਤੇ ਸਿੰਧ ਤੋਂ ਪਾਰਲੇ ਦੇਸਾਂ ਵਿਚ ਵਪਾਰ ਦੇ ਰਸਤੇ ਖੋਲ੍ਹਣਾ ਸੀ ? ਕੀ ਉਹ ਪਹਿਲਾ ਬੰਦ ਸਨ ? ਨਹੀਂ ਅਜਿਹੀ ਕੋਈ ਗੱਲ ਨਹੀਂ ਸੀ। ਉਹ ਦੇਸ਼ ਭਾਰਤ ਵਿਚ ਅੰਗਰੇਜ਼ਾਂ ਨਾਲ ਬਹੁਤ ਵਪਾਰ ਕਰਦੇ ਸਨ ਜੋ ਦਿਨੋ ਦਿਨ ਵਧ ਰਿਹਾ ਸੀ ਤੇ ਇਨ੍ਹਾਂ ਵਿਚ ਅੰਗਰੇਜ਼ਾਂ ਦੀਆਂ ਬਣੀਆਂ ਚੀਜ਼ਾਂ ਜ਼ਿਆਦਾ ਮਿਕਦਾਰ ਵਿਚ ਲਗਦੀਆਂ ਸਨ। ਭਾਰਤ ਦੀ ਸਰਕਾਰ ਤੇ ਇੰਗਲੈਂਡ ਦੀ ਸਰਕਾਰ ਅਤੇ ਆਮ ਜਨਤਾ ਨੂੰ ਕਦੀ ਪਹਿਲਾਂ ਇਸ ਤੋਂ ਵੱਡੇ ਭੁਲੇਖੇ ਨਾਲ ਧੋਖਾ ਨਹੀਂ ਸੀ ਦਿੱਤਾ ਗਿਆ 'ਕਿ ਸਿੰਧ ਦੇ ਵਪਾਰ ਲਈ ਰਸਤਾਂ ਖੋਲ੍ਹਣਾ ਹੈ। ਇਸ ਨੀਤੀ ਦੇ ਬਹਾਨੇ ਤੇ ਮੰਨੇ ਗਏ ਪ੍ਰੋਗਰਾਮ ਮੁਤਾਬਕ ਫ਼ੌਜਾਂ ਦੇ ਦਸਤਿਆਂ ਨੇ ਸਿੰਧ ਦੇ ਪਾਰਲੇ ਦੇਸ਼ਾਂ ਵਿਚ ਪ੍ਰਵੇਸ਼ ਕਰਨਾ ਸੀ ਅਤੇ ਇਕ ਅੱਧੀ ਦਰਜਨ ਸਮੁੰਦਰੀ ਜਹਾਜ਼ਾਂ ਨੂੰ ਜੰਗ ਦੇ ਮਨੋਰਥਾਂ ਲਈ ਵਰਤਣਾ ਸੀ, ਵਪਾਰ ਲਈ ਨਹੀਂ। ਇਸ ਤੋਂ ਛੁਟ ਮਧ-ਏਸ਼ੀਆ ਦੀਆਂ ਰਿਆਸਤਾਂ ਨਾਲ ਵਪਾਰਕ ਸੰਧੀ-ਨਾਮੇ ਕਰਨ ਦਾ ਮਨੋਰਥ ਬਿਲਕੁਲ ਮੂਰਖਤਾ ਭਰਿਆ ਸੀ ਕਿਉਂਕਿ ਇਹੋ ਜਿਹੀ ਸੰਧੀ ਕਰਨ ਦੀ ਕੋਈ ਲੋੜ ਤੇ ਮੌਕਾ ਨਹੀਂ ਸੀ।[2]

[1] "ਟਰੈਵਲਜ਼ ਇਨਟੂ ਬੁਖਾਰਾ," ਜਿਲਦ ਪਹਿਲੀ, ਪੰਨਾ 7

[2] 'ਨੈਰੇਟਿਵ ਆਫ਼ ਵੇਰੀਅਸ ਜਰਨੀਜ਼," ਚਾਰਲਸ ਮੇਸਨ, ਤੀਜੀ ਜਿਲਦ, ਲੰਡਨ 1842, ਪੰਨਾ 432।

ਮਹਾਰਾਜਾ ਰਣਜੀਤ ਸਿੰਘ ਵੀ ਸ਼ਾਇਦ ਇਨ੍ਹਾਂ ਅੰਗਰੇਜ਼ ਯਾਤਰੂਆਂ ਦੀਆਂ ਚਾਲਾਂ ਤੋਂ ਅਣਜਾਣ ਨਹੀਂ ਸੀ। ਉਸਦਾ ਅੰਗਰੇਜ਼ਾਂ ਦੀਆਂ ਫ਼ੌਜਾਂ ਬਾਰੇ, ਤੋਪਾਂ ਬਾਰੇ ਤੇ ਹੋਰ ਸੈਨਿਕ ਜਾਣਕਾਰੀ ਪ੍ਰਾਪਤ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਉਹ ਰਾਜਨੀਤੀ ਦੇ ਇਸ ਪੱਖ ਤੋਂ ਸੁਚੇਤ ਸੀ। ਅਲੈਗਜ਼ਾਂਡਰ ਬਰਨਜ਼ ਨਾਲ ਇਕ ਸਰਵੇਅਰ ਮੁਹੰਮਦ ਅਲੀ ਸੀ ਤੇ ਇਕ ਮੁਨਸ਼ੀ ਮੋਹਨ ਲਾਲ ਸੀ ਜੋ ਕਸ਼ਮੀਰ ਦਾ ਰਹਿਣ ਵਾਲਾ ਸੀ। ਇਸ ਉਤੇ ਮਹਾਰਾਜੇ ਨੂੰ ਕਾਫੀ ਸ਼ੱਕ ਹੋਇਆ, ਜਿਵੇਂ ਕਿ ਮੋਹਨ ਲਾਲ ਲਿਖਦਾ ਹੈ :—

"ਮਹਾਰਾਜੇ ਨੇ ਦੀਵਾਨ ਅਯੁਧਿਆ ਪ੍ਰਸ਼ਾਦ ਨੂੰ ਕਿਹਾ ਕਿ ਉਹ ਪੁੱਛੇ ਕਿ ਉਹ ਕਿਉਂ ਅੰਗਰੇਜ਼ਾਂ ਦੇ ਨਾਲ ਫਿਰ ਰਿਹਾ ਹੈ। ਦੀਵਾਨ ਅਜੁਧਿਆ ਪ੍ਰਸ਼ਾਦ ਨੇ ਮੈਨੂੰ ਕਿਹਾ ਕਿ ਤੈਨੂੰ ਸਫ਼ਰ ਦੀਆਂ ਇਨੀਆਂ ਮੁਸੀਬਤਾਂ ਤੇ ਖ਼ਤਰੇ ਵਿਚ ਪੈਣ ਦੀ ਕੀ ਲੋੜ ਹੈ। ਪਰ ਮੈਂ ਅੰਗਰੇਜ਼ਾਂ ਦਾ ਸਾਥ ਰਖਣਾ ਹੀ ਠੀਕ ਸਮਝਿਆ"।[1]

ਭਾਵੇਂ ਅੰਗਰੇਜ਼ ਯਾਤਰੂਆਂ ਦਾ ਮੰਤਵ ਕੀ ਹੋਵੇ, ਜਦੋਂ ਇਹ ਯਾਤਰੂ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਨਾਲ ਉਸਦੇ ਰਾਜ ਵਿਚ ਆਉਂਦੇ, ਤਾਂ ਉਨ੍ਹਾਂ ਦੀ ਪੂਰੀ ਆਉ-ਭਗਤ ਕੀਤੀ ਜਾਂਦੀ। ਰਾਜਨੀਤਕ ਤੌਰ ਤੇ ਮਹਾਰਾਜਾ ਆਪਣੇ ਵਿਸ਼ੇਸ਼ ਕਰਮਚਾਰੀ ਸਦਾ ਬਦੇਸ਼ੀ ਯਾਤਰੂਆਂ ਦੇ ਨਾਲ ਰਖਦਾ, ਤਾਂ ਜੋ ਉਹ ਕਿਸੇ ਵੇਲੇ ਵੀ ਕੋਈ ਸ਼ਰਾਰਤ ਨਾ ਕਰ ਸਕਣ। ਇਸ ਦੇ ਨਾਲ ਹੀ ਉਨ੍ਹਾਂ ਦੀ ਰਖਿਆ ਦਾ ਵੀ ਯੋਗ ਪ੍ਰਬੰਧ ਹੋ ਜਾਂਦਾ।

ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਬਰਨਜ਼ ਸਾਹਿਬ ਦਾ ਲਾਹੌਰ ਦਰਬਾਰ ਵੱਲੋਂ ਸੁਆਗਤ ਕੀਤਾ ਤੇ ਇਸ ਦੇ ਪਿੱਛੋਂ ਮਹਾਰਾਜੇ ਨੂੰ ਸਭ ਹਾਲਾਤ ਲਿਖੇ। ਬਰਨਜ਼ ਨੇ ਵੀ ਧੰਨਵਾਦ ਦੀ ਚਿੱਠੀ ਮਹਾਰਾਜੇ ਨੂੰ ਲਿਖੀ ਜਿਹੜੀ 1 ਜੁਲਾਈ 1831 ਨੂੰ ਦਰਬਾਰ ਵਿਚ ਪੜ੍ਹੀ ਗਈ। ਇਸ ਦੇ ਪਿੱਛੋਂ ਮਹਾਰਾਜਾ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਖ਼ਲੀਫ਼ਾ-ਨੂਰ-ਉਦ-ਦੀਨ ਨੂੰ ਬਰਨਜ਼ ਸਾਹਿਬ ਦੇ ਸੁਆਗਤ ਲਈ ਭੇਜਿਆ। ਇਸਦੇ ਨਾਲ ਹੀ 1500 ਰੁਪਏ ਜ਼ਿਆਫ਼ਤ ਲਈ, 250 ਰੁਪਿਆ ਸਿਰਵਾਰਨੇ ਵਜੋਂ ਤੇ 500 ਰੁਪਏ ਹੋਰ ਦਿੱਤੇ ਤੇ 25 ਸਵਾਰਾਂ ਦਾ ਅਮਲਾ ਤੰਬੂਆਂ ਕਨਾਤਾਂ ਦੇ ਸਜਾਉਣ ਲਈ ਨਾਲ ਭੇਜਿਆ ਤੇ ਉਨ੍ਹਾਂ ਵਾਸਤੇ ਵੱਖ ਵੱਖ ਰਕਮਾਂ ਨੀਅਤ ਕੀਤੀਆਂ।[2]

ਬਰਨਜ਼ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਤੇ ਫ਼ਕੀਰ ਨੂਰ-ਉਦ-ਦੀਨ ਦੇ ਸੁਆਗਤ ਦਾ ਹਾਲ ਆਪ ਲਿਖਿਆ ਹੈ। ਉਹ ਲਿਖਦਾ ਹੈ, "15 ਜੁਲਾਈ ਦੀ ਸ਼ਾਮ ਨੂੰ ਅਸੀਂ ਛਾਂਗੇ ਮਾਂਗੇ ਪੁੱਜੇ ਜਿਹੜਾ ਕਿ ਲਾਹੌਰ ਤੋਂ ਪੰਝੀ ਕੁ ਮੀਲ ਸੀ। ਇਥੇ ਮਹਾਰਾਜੇ ਵਲੋਂ ਸਾਡਾ ਸੁਆਗਤ ਕੀਤਾ ਗਿਆ। ਇਹ ਸੁਆਗਤ ਹਾਥੀਆਂ ਤੇ ਹੋਇਆ। ਅਸੀਂ ਸਾਰੇ

[1]"ਟ੍ਰੈਵਲਜ਼ ਇਨ ਪੰਜਾਬ, ਅਫ਼ਗਾਨਿਸਤਾਨ ਐਂਡ ਤੁਰਕਿਸਤਾਨ" ਮੋਹਨ ਲਾਲ, ਲੰਡਨ, 1846, ਪੰਨਾ 8—10

[2]"ਉਮਦਾਤੁ ਤੁਵਾਰੀਖ਼" ਹਿੱਸਾ ਤੀਜਾ, ਉਲਥਾਕਾਰ, ਵੀ.ਐਸ. ਸੂਰੀ, ਪੰਨਾ 57

ਪਜਾਂ ਹਾਥੀਆਂ ਤੇ ਬੈਠੇ ਸਾਂ ਹਰ ਇਕ ਵਿਅਕਤੀ ਨੂੰ ਸੋਨੇ ਤੇ ਚਾਂਦੀ ਦੀ ਗੁੱਥੀ ਦਿੱਤੀ ਤੇ ਮਹਾਰਾਜੇ ਵਲੋਂ ਇੰਗਲੈਂਡ ਦੇ ਬਾਦਸ਼ਾਹ ਦਾ ਹਾਲ ਪੁੱਛਿਆ ਗਿਆ।... ਇਨ੍ਹਾਂ 'ਵਿਚੋਂ' ਮੁਖੀ ਸਿੱਖ ਸਰਦਾਰ ਦਾ ਨਾਂ ਸ਼ਾਮ ਸਿੰਘ ਸੀ। ਉਸ ਨੇ ਇਕ ਕਮਾਨ ਭੇਟਾ ਕੀਤੀ ਤੇ ਮਹਾਰਾਜ ਵਲੋਂ ਇਕ ਚਿੱਠੀ ਵੀ ਦਿੱਤੀ ਤੇ ਨਾਲ ਮਹਾਰਾਜੇ ਵਲੋਂ ਸਾਡੇ ਸੁਖ ਸਾਂਦ ਨਾਲ ਪਹੁੰਚਣ ਦੀ ਵਧਾਈ ਦਿੱਤੀ। ਉਸ ਨੇ ਸਭ ਉਹ ਸ਼ਬਦ ਆਖੇ ਜਿਹੜੇ ਮਨ ਨੂੰ ਪ੍ਰਸੰਨ ਕਰਨ ਵਾਲੇ ਸਨ। ਇਸ ਤੋਂ ਪਿੱਛੋਂ ਇਕ ਅਜਿਹੀ ਗੱਲਬਾਤ ਅਰੰਭ ਹੋਈ ਜਿਸ ਵਿਚ ਪ੍ਰਸੰਸਾ ਦਾ ਅੰਸ਼ ਸੀ ਤੇ ਮੈਂ ਮੰਨਦਾ ਹਾਂ ਕਿ ਮੈਂ ਉਸਦਾ ਬਿਆਨ ਨਹੀਂ ਕਰ ਸਕਦਾ। ਇਨ੍ਹਾਂ ਨਾਲ ਨੇਜ਼ਾ ਬਰਦਾਰਾਂ ਤੇ ਘੋੜ-ਸਵਾਰਾਂ ਦਾ ਰਖਿਅਕ ਦਸਤਾ ਸੀ ਜਿਨ੍ਹਾਂ ਨੇ ਬਸੰਤੀ ਰੰਗ ਦੀ ਵਰਦੀ ਪਾਈ ਹੋਈ ਸੀ। ਇਹ ਸੈਨਕ ਸਰਦਾਰ ਸ਼ਾਮ ਸਿੰਘ ਨਾਲ ਜੰਗ ਤੋਂ ਵਾਪਸ ਪਰਤੇ ਸਨ ਜਿਹੜਾ ਜੰਗ (ਜਹਾਦ) ਸੱਯਦ ਅਹਿਮਦ ਬਹੁਤ ਸਮੇਂ ਤੋਂ ਲੜ ਰਿਹਾ ਸੀ ਤੇ ਹੁਣੇ ਹੀ ਮਾਰਿਆ ਗਿਆ ਸੀ।[1]

ਸਰਦਾਰ ਸ਼ਾਮ ਸਿੰਘ ਦਾ ਉਸ ਦਸਤੇ ਨੂੰ ਆਪਣੇ ਨਾਲ ਲਿਜਾਣਾ, ਜਿਸ ਨੇ ਹੁਣੇ ਹੁਣੇ ਸੱਯਦ ਅਹਿਮਦ ਦੇ ਜਹਾਦ ਦਾ ਟਾਕਰਾ ਕਰ ਕੇ ਜਹਾਦੀਆਂ ਨੂੰ ਖ਼ਤਮ ਕੀਤਾ ਸੀ, ਅਟਾਰੀ ਵਾਲੇ ਸਰਦਾਰ ਦੀ ਰਾਜਨੀਤਕ ਨਿਪੁੰਨਤਾ ਦਾ ਪਰਤੀਕ ਹੈ। ਇਸ ਤਰ੍ਹਾਂ ਉਹ ਅੰਗਰੇਜ਼ ਯਾਤਰੂ ਦੇ ਮਨ ਉੱਤੇ ਲਾਹੌਰ ਦਰਬਾਰ ਦੀਆਂ ਫੌਜਾਂ ਦੀ ਬਹਾਦਰੀ ਤੇ ਦ੍ਰਿੜ੍ਹਤਾ ਦਾ ਸਿੱਕਾ ਬਿਠਾਉਣਾ ਚਾਹੁੰਦਾ ਸੀ। ਬਰਨਜ਼ ਸਾਹਿਬ ਦਾ ਸੁਆਗਤ ਕਰ ਕੇ ਸਰਦਾਰ ਸ਼ਾਮ ਨੇ ਆਪਣੀ ਸੂਰਬੀਰਤਾ ਤੋਂ ਛੁਟ ਰਾਜਨੀਤਕ ਖੇਤਰ ਵਿਚ ਵੀ ਨਿਪੁੰਨਤਾ ਵਿਖਾਈ। ਜਿਵੇਂ ਕਿ ਬਰਨਜ਼ ਸਾਹਿਬ ਦੀ ਉਪਰੋਕਤ ਲਿਖਤ ਤੋਂ ਪਰਗਟ ਹੈ ਕਿ ਉਹ ਸਰਦਾਰ ਸ਼ਾਮ ਸਿੰਘ ਦੀ ਗੱਲਬਾਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਹ ਉਸਦੇ ਬਿਆਨ ਕਰਨ ਤੋਂ ਅਸਮਰਥ ਜਾਪਦਾ ਹੈ।

'ਉਮਦਾਤੂ-ਤਵਾਰੀਖ਼' ਵਿਚ ਲਿਖਿਆ ਹੈ ਕਿ 31 ਦਸੰਬਰ, 1831 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਸ਼ਾਮ ਸਿੰਘ, ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਲਖਮੀਰ ਸਿੰਘ ਨੂੰ ਆਗਿਆ ਕੀਤੀ ਕਿ ਉਹ ਤੁਰਤ ਹੀ ਕੰਵਰ ਖੜਕ ਸਿੰਘ ਨਾਲ ਸ਼ਾਮਲ ਹੋ ਜਾਣ।[2] ਇਉਂ ਜਾਪਦਾ ਹੈ ਕਿ ਸਰਦਾਰ ਸ਼ਾਮ ਸਿੰਘ ਇਸ ਤੇ ਅਮਲ ਨਾ ਕਰ ਸਕਿਆ, ਕਿਉਂਕਿ ਉਸ ਨੂੰ ਤੁਰਤ ਹੀ ਅਲੈਗਜ਼ਾਂਡਰ ਬਰਨਜ਼ ਦੇ ਸੁਆਗਤ ਲਈ ਜਾਣਾ ਪਿਆ।

ਸਰਦਾਰ ਸ਼ਾਮ ਸਿੰਘ ਨੇ ਅਲੈਗਜ਼ਾਂਡਰ ਬਰਨਜ਼ ਦਾ ਬਹੁਤ ਚੰਗਾ ਸੁਆਗਤ ਕੀਤਾ ਤੇ ਆਪਣੇ ਸੁਭਾ ਅਤੇ ਵਤੀਰੇ ਤੋਂ ਉਸ ਨੂੰ ਉਸ ਨੂੰ ਇੰਨਾ ਪ੍ਰਭਾਵਤ ਕੀਤਾ ਕਿ ਜਦੋਂ ਦੂਜੀ ਵਾਰੀ ਬਰਨਜ਼ ਪੰਜਾਬ ਵਿਚ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ

[1] "ਟ੍ਰੈਵਲਜ਼ ਇਨਟੂ ਬੁਖਾਰਾ" ਜਿਲਦ ਪਹਿਲੀ (1834) ਪੰਨਾ 130

[2] "ਉਮਦਾਤੁਤਵਾਰੀਖ", ਹਿੱਸਾ 3, (ਅੰਗਰੇਜ਼ੀ) ਪੰਨਾ 114

ਨੇ ਸਰਦਾਰ ਸ਼ਾਮ ਸਿੰਘ ਨੂੰ ਹੀ ਉਸਦੇ ਸੁਆਗਤ ਲਈ ਭੇਜਿਆ । ਬਰਨਜ਼ ਪਹਿਲੀ ਵਾਰੀ ਸਿੰਧ ਦਰਿਆ ਤੋਂ ਹੁੰਦਾ ਹੋਇਆ ਲਾਹੌਰ ਆਇਆ ਸੀ ਤੇ ਮਹਾਰਾਜਾ ਰਣਜੀਤ ਸਿੰਘ ਲਈ ਤੋਹਫ਼ੇ ਲਿਆਇਆ ਸੀ । ਫਿਰ ਉਹ ਲਾਹੌਰ ਤੋਂ ਸ਼ਿਮਲੇ ਚਲਿਆ ਗਿਆ । ਸ਼ਿਮਲੇ ਲਾਰਡ ਵਿਲੀਅਮ ਬੈਂਟਿੰਗ ਨੂੰ ਮਿਲਿਆ ਤੇ ਅਫ਼ਗਾਨਿਸਤਾਨ ਜਾਣ ਦੀ ਆਗਿਆ ਲੈ ਕੇ ਉਹ ਫਿਰ ਪੰਜਾਬ ਵੱਲ ਦੂਜੀ ਵੇਰੀ ਆਇਆ ।[1] ਇਸ ਵਾਰੀ ਬਰਨਜ਼ ਲੁਧਿਆਣੇ ਤੋਂ ਹੁੰਦਾ ਹੋਇਆ ਹਰੀਕੇ ਪੱਤਣ ਤੋਂ ਪੰਜਾਬ ਵਿਚ ਦਾਖ਼ਲ ਹੋਇਆ । ਇਸ ਦਾ ਹਾਲ ਉਸ ਨੇ ਆਪ ਇਉਂ ਲਿਖਿਆ ਹੈ :—

"11 ਜਨਵਰੀ, 1932 ਨੂੰ ਅਸਾਂ ਹਰੀਕੇ ਪੱਤਣ ਤੋਂ ਦਰਿਆ ਪਾਰ ਕੀਤਾ ਤੇ ਪੰਜਾਬ ਦੇ ਇਸੇ ਨਾਂ ਦੇ ਪਿੰਡ ਵਿਚ ਜਾ ਉਤਰੇ । ਇਸ ਪੱਤਣ ਤੇ 23 ਕਿਸ਼ਤੀਆਂ ਸਨ ਤੇ ਇਸ ਦੀ ਰਾਖੀ ਲਈ 400 ਘੋੜ-ਸਵਾਰ ਸਨ, ਜਿਨ੍ਹਾਂ ਨੂੰ ਮਹਾਰਾਜੇ ਨੇ ਸਿੱਖਾਂ ਦੇ ਕੱਟੜ ਫ਼ਿਰਕੇ ਨੂੰ ਅੰਗਰੇਜ਼ੀ ਇਲਾਕੇ ਵਿਚ ਜਾਣ ਤੋਂ ਰੋਕਣ ਲਈ ਰਖਿਆ ਹੋਇਆ ਹੈ...।

"ਜਦੋਂ ਅਸਾਂ ਪੰਜਾਬ ਦੀ ਧਰਤੀ ਤੇ ਪੈਰ ਰਖਿਆ, ਤਾਂ ਇਕ ਸਰਦਾਰ ਜਾਂ ਮੁਖੀ, ਜਿਸ ਦਾ ਨਾਂ ਸ਼ਾਮ ਸਿੰਘ ਸੀ, ਮਹਾਰਾਜੇ ਦੀ ਆਗਿਆ ਅਨੁਸਾਰ ਸਾਹਮਣੇ ਆਇਆ ਤੇ ਸਿੱਖਾਂ ਦੇ ਰਿਵਾਜ ਅਨੁਸਾਰ ਉਸ ਨੇ ਸਾਨੂੰ ਇਕ ਕਮਾਨ ਤੇ ਦੋ ਤੋੜੇ ਰੁਪਿਆਂ ਪੈਸਿਆਂ ਦੇ ਭੇਟਾ ਕੀਤੇ । ਮੈਂ ਰੁਪਿਆਂ ਦੇ ਤੋੜੇ ਵਾਪਸ ਕਰ ਦਿੱਤੇ । ਸਰਦਾਰ ਦੇ ਨਾਲ ਇਕ ਰੱਖਿਅਕ ਦਸਤਾ ਵੀ ਲਾਹੌਰੋਂ ਆਇਆ ਸੀ । ਮੈਂ ਇਸ ਸਵਾਰਾਂ ਦੇ ਦਸਤੇ ਤੇ ਇਨ੍ਹਾਂ ਦੇ ਮੁਖੀ ਨੂੰ ਆਪਣੇ ਨਾਲ ਰੱਖਿਆ"[2]

ਇਸ ਤਰ੍ਹਾਂ ਬਰਨਜ਼ ਜਿੱਥੇ ਸਰਦਾਰ ਸ਼ਾਮ ਸਿੰਘ ਦੇ ਚੰਗੇ ਸੁਭਾ ਤੇ ਗੁਣਾਂ ਤੋਂ ਪ੍ਰਭਾਵਿਤ ਹੋਇਆ ਜਾਪਦਾ ਹੈ, ਉਥੇ ਉਸ ਨੂੰ ਉਸ ਦੀ ਬਹਾਦਰੀ ਤੇ ਦਲੇਰੀ ਤੇ ਵੀ ਭਰੋਸਾ ਸੀ । ਭਾਵੇਂ ਰਾਹ ਵਿਚ ਅਕਾਲੀਆਂ ਤੇ ਨਿਹੰਗਾਂ ਦੀ ਕਿੰਨੀ ਗੜਬੜ ਸੀ, ਜਿਸ ਦਾ ਵਰਣਨ ਬਰਨਜ਼ ਨੇ ਆਪਣੀ ਪੁਸਤਕ ਵਿਚ ਕੀਤਾ ਹੈ, ਫਿਰ ਵੀ ਸਰਦਾਰ ਸ਼ਾਮ ਸਿੰਘ ਦਾ ਫ਼ੌਜੀ ਦਸਤਾ ਅੰਗਰੇਜ਼ ਪਾਰਟੀ ਨੂੰ ਸਹੀ ਸਲਾਮਤ ਲਾਹੌਰ ਲੈ ਆਇਆ ।

ਦੂਜੀ ਵਾਰੀ ਅੰਗਰੇਜ਼ ਪਾਰਟੀ ਵਿਚ ਇਕ ਕਸ਼ਮੀਰੀ ਪੰਡਤ ਮੋਹਨ ਲਾਲ ਵੀ ਸ਼ਾਮਲ ਸੀ । ਉਸ ਨੇ ਵੀ ਆਪਣੀ ਪੁਸਤਕ 'ਟ੍ਰੈਵਲਜ਼' ਵਿਚ ਹਰੀਕੇ ਪੱਤਣ ਦੇ ਸੁਆਗਤ ਦਾ ਹਾਲ ਲਿਖਦਿਆਂ ਸਰਦਾਰ ਸ਼ਾਮ ਸਿੰਘ ਦੇ ਸੁਆਗਤ ਦਾ ਕਥਨ ਕੀਤਾ ਹੈ ਤੇ ਦੱਸਿਆ ਹੈ ਕਿ "ਹਰੀਕੇ ਦੇ ਅਸਥਾਨ ਤੇ ਇਕ ਸਰਦਾਰ ਨੇ ਜਿਸ ਦਾ ਨਾਂ ਸ਼ਾਮ ਸਿੰਘ ਸੀ, ਸਾਡੇ ਨਾਲ ਬਹੁਤ ਚੰਗਾ ਸਲੂਕ ਕੀਤਾ । ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸੁਆਗਤ ਲਈ ਭੇਜਿਆ ਸੀ ।"[3]

---

[1] "ਅਫ਼ਗਾਨਿਸਤਾਨ, ਸਰ ਜਾਰਜ ਮੈਕਮੂਨ", ਲੰਡਨ 1929, ਪੰਨਾ 105

[2] "ਟ੍ਰੈਵਲਜ਼ ਇਨਟੂ ਬੁਖ਼ਾਰਾ", ਜਿਲਦ ਦੂਜੀ (1834) ਪੰਨਾ 7

[3] "ਟ੍ਰੈਵਲਜ਼ ਇਨ ਪੰਜਾਬ, ਅਫ਼ਗਾਨਿਸਤਾਨ, ਐਂਡ ਤੁਰਕਿਸਤਾਨ", ਮੋਹਨ ਲਾਲ, ਲੰਡਨ, 1846 ਪੰਨਾ 8

## (ਅ) ਸਰ ਜਾਨ ਕੀਨ ਦੀ ਆਉ-ਭਗਤ

ਦੂਜਾ ਪ੍ਰਸਿਧ ਅੰਗਰੇਜ਼, ਜਿਸ ਦੀ ਆਉ-ਭਗਤ ਕਰਨ ਦਾ ਮਾਣ ਸਰਦਾਰ ਸ਼ਾਮ ਸਿੰਘ ਨੂੰ ਮਿਲਿਆ, ਉਹ ਸਰ ਜਾਨ ਕੀਨ ਸੀ ਜੋ ਪਿਛੋਂ ਲਾਰਡ ਕੀਨ ਬਣਿਆ। ਸਰ-ਜਾਨ ਕੀਨ ਦਸਬਰ 1838 ਵਿਚ ਅੰਗਰੇਜ਼ੀ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਬਣਿਆ ਗਿਆ, ਕਿਉਂਕਿ ਸਰ ਹੈਨਰੀ ਫ਼ੇਨ ਨੇ, ਜੋ ਕੰਵਰ ਨੌ ਨਿਹਾਲ ਸਿੰਘ ਦੇ ਵਿਆਹ ਤੇ ਆਇਆ ਸੀ, ਅਸਤੀਫ਼ਾ ਦੇ ਦਿੱਤਾ ਸੀ[1]। ਸਰ ਜਾਨ ਅਫ਼ਗਾਨਾਂ ਦੀ ਪਹਿਲੀ ਲੜਾਈ ਵਿਚ ਸ਼ਾਹ ਸ਼ੁਜਾ ਨੂੰ ਤਖ਼ਤ ਤੇ ਬਿਠਾਉਣ ਲਈ 27,000 ਸੈਨਕਾਂ ਦੀ ਅਗਵਾਈ ਕਰ ਰਿਹਾ ਸੀ।[2] ਪਰ ਜਦੋਂ ਇਸ ਲੜਾਈ ਦਾ ਖ਼ਾਤਮਾ ਹੋਇਆ, ਤਾਂ ਗਵਰਨਰ ਜਨਰਲ ਅੰਗਰੇਜ਼ੀ ਫ਼ੌਜਾਂ ਨੂੰ ਪਿਸ਼ਾਵਰ ਦੇ ਰਸਤੇ ਪੰਜਾਬ ਵਿਚੋਂ ਲੰਘਾ ਕੇ ਵਾਪਸ ਲਿਆਉਣਾ ਚਾਹੁੰਦਾ ਸੀ। ਇਸ ਮੰਤਵ ਲਈ ਕਲਾਰਕ ਨੂੰ ਲਾਹੌਰ ਭੇਜਿਆ ਗਿਆ। ਸਰ ਜਾਨ ਕੀਨ ਦੀਆਂ ਫ਼ੌਜਾਂ ਨੂੰ ਪੰਜਾਬ ਵਿਚੋਂ ਲੰਘਣ ਦੀ ਆਗਿਆ ਮਿਲ ਗਈ ਤੇ ਇਨ੍ਹਾਂ ਫ਼ੌਜਾਂ ਦਾ ਰਸਤਾ ਲਾਹੌਰ ਦਰਬਾਰ ਨੇ ਨੀਅਤ ਕੀਤਾ, ਜੋ ਅੰਗਰੇਜ਼ੀ ਫ਼ੌਜਾਂ ਨੂੰ ਲਾਹੌਰ ਤੋਂ ਦੂਰ ਦੂਰ ਹੀ ਰਖਦਾ ਸੀ। ਇਸ ਦੇ ਨਾਲ ਅੰਗਰੇਜ਼ੀ ਸਰਕਾਰ ਨੇ ਇਸ ਗੱਲ ਦਾ ਵੀ ਨਿਸਚਾ ਦਿਵਾਇਆ ਕਿ ਇਸ ਤੋਂ ਪਿਛੋਂ ਫਿਰ ਅੰਗਰੇਜ਼ੀ ਫ਼ੌਜਾਂ ਪੰਜਾਬ ਵਿਚੋਂ ਕਦੀ ਨਹੀਂ ਲੰਘਣਗੀਆਂ।"[3] ਸਰ ਜਾਨ ਕੀਨ ਨਾਲ ਅੰਗਰੇਜ਼ੀ ਫ਼ੌਜਾਂ ਨੂੰ ਪਹਿਲਾਂ ਪਿਸ਼ਾਵਰ ਤੋਂ ਡੇਰਾ ਇਸਮਾਈਲ ਖਾਂ[4] ਅਤੇ ਫਿਰ ਡਿਗਾ ਤੋਂ ਕਸੂਰ ਵਾਲੇ ਪਾਸੇ ਕਰ ਦਿਤਾ ਤਾਂ ਜੋ[ ਗੁਜਰਾਤ, ਵਜ਼ੀਰਾਬਾਤ ਤੇ ਲਾਹੌਰ ਵਾਲੇ ਪਾਸੇ ਨਾ ਆ ਸਕਣ। ਇਸ ਸਮੇਂ ਸਰ ਜਾਨ ਕੀਨ ਨੇ ਮਹਾਰਾਜਾ ਖੜਕ ਸਿੰਘ ਨੂੰ ਮਿਲਣ ਦੀ ਇਛਾ ਪਰਗਟ ਕੀਤੀ ਤੇ ਇਸ ਸੰਬੰਧ ਵਿਚ ਉਹ 26 ਦਸੰਬਰ 1840 ਨੂੰ ਲਾਹੌਰ ਪੁੱਜਾ। ਇਹ ਮੁਲਾਕਾਤ 28 ਦਸੰਬਰ ਨੂੰ ਹੋਣੀ ਸੀ। ਮਹਾਰਾਜਾ ਖੜਕ ਸਿੰਘ ਵਲੋਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਅਤਰ ਸਿੰਘ ਕਾਲਿਆਂਵਾਲਾ ਤੇ ਫ਼ਕੀਰ ਅਜ਼ੀਜ਼ੁਦੀਨ ਸੁਆਗਤ ਲਈ ਨੀਅਤ ਹੋਏ। ਸੁਆਗਤ ਵਜੋਂ ਤੋਪਾਂ ਦੀ ਸਲਾਮੀ ਉਤਾਰੀ ਗਈ ਤੇ ਸ਼ਾਹੀ ਮਸਜਦ ਦੇ ਬਾਹਰ ਬੜੇ ਤੇ ਦਰਬਾਰ ਲੱਗਾ। ਸਰ ਜਾਨ ਕੀਨ ਨੇ ਮਹਾਰਾਜੇ ਨੂੰ ਪੰਜਾਹ ਹਜ਼ਾਰ ਰੁਪਿਆ ਸਿਰਵਾਰਨੇ ਵਜੋਂ; ਇਕ ਅੰਗਰੇਜ਼ੀ ਬੰਦੂਕ, ਇਕ ਘੋੜਾ ਸਣੇ ਸੁਨਹਿਰੀ ਜ਼ੀਨ ਦੇ, ਇਕ ਅੰਗਰੇਜ਼ੀ ਘੜੀ ਤੇ ਇਕ ਕਿਰਚ ਨਜ਼ਰਾਨੇ ਵਜੋਂ ਭੇਟ ਕੀਤੀ। ਮਹਾਰਾਜਾ ਖੜਕ ਸਿੰਘ ਨੇ ਵੀ ਸਰ ਜਾਨ

---

[1] "ਲਾਹੌਰ ਦਰਬਾਰ", ਆਰ.ਆਰ. ਸੇਠੀ, ਪੰਨਾ 25

[2] ਉਕਤ, ਪੰਨਾ 240

[3] "ਹਿਸਟਰੀ ਆਫ਼ ਦੀ ਸਿਖਸ" ਕਨਿੰਘਮ, ਪੰਨਾ 26।

[4] ਉਕਤ

ਤੇ ਉਸ ਦੇ ਸਾਥੀਆਂ ਨੂੰ ਯੋਗ ਤੋਹਫ਼ੇ ਦੇ ਕੇ ਵਿਦਾ ਕੀਤਾ ।[1]

ਸਰ ਜਾਨ ਕੀਨ ਦੇ ਸੁਆਗਤ ਲਈ ਸਰਦਾਰ ਸ਼ਾਮ ਸਿੰਘ ਦੀ ਨਿਯੁਕਤੀ ਇਸ ਗੱਲ ਦੀ ਸੂਚਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਦੇ ਪਿਛੋਂ ਵੀ ਲਾਹੌਰ ਦਰਬਾਰ ਵਿਚ ਸਰਦਾਰ ਸ਼ਾਮ ਸਿੰਘ ਨੂੰ ਮੁਖੀ ਸਰਦਾਰ ਸਮਝਿਆ ਜਾਂਦਾ ਸੀ ਤੇ ਉਸ ਨੂੰ ਵਿਸ਼ੇਸ਼ ਕੰਮ ਸੌਂਪੇ ਜਾਂਦੇ ਸਨ ।

## (ਢ) ਸੈਨਕ ਪਰਬੀਨਤਾ

ਜਿਥੇ ਸਰਦਾਰ ਸ਼ਾਮ ਸਿੰਘ ਰਾਜਨੀਤਕ ਸੂਝ ਰਖਦਾ ਸੀ ਉੱਥੇ ਉਹ ਫ਼ੌਜੀ ਚਾਲਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ । ਉਹ ਜਾਣਦਾ ਸੀ ਕਿ ਕਿਸ ਵੇਲੇ ਤੇ ਕਿਸ ਤਰ੍ਹਾਂ ਫ਼ੌਜਾਂ ਦੀ ਤਰਤੀਬ ਦੇ ਕੇ ਵੈਰੀ ਦਾ ਟਾਕਰਾ ਕਰਨਾ ਹੈ । ਸੱਯਦ ਅਹਿਮਦ ਬਰੇਲਵੀ ਦੇ ਵਿਰੁਧ ਬਾਲਾਕੋਟ ਦੀ ਲੜਾਈ ਸਮੇਂ ਕੰਵਰ ਸ਼ੇਰ ਸਿੰਘ ਆਪਣੀ ਕੇਵਲ ਅਧੀ ਕੁ ਫ਼ੌਜ ਨਾਲ ਹੀ ਹਮਲਾ ਕਰਨਾ ਚਾਹੁੰਦਾ ਸੀ । ਸਰਦਾਰ ਸ਼ਾਮ ਸਿੰਘ ਜਾਣਦਾ ਸੀ ਕਿ ਜਹਾਦੀਆਂ ਦਾ ਟਾਕਰਾ ਕਰਨ ਲਈ ਸਾਰੀ ਫ਼ੌਜ ਦਾ ਲੜਨਾ ਜ਼ਰੂਰੀ ਹੈ । ਉਸ ਨੇ ਕੰਵਰ ਸ਼ੇਰ ਸਿੰਘ ਨੂੰ ਫ਼ੌਜੀ ਤਰਤੀਬ ਦੀ ਵਿਉਂਤ ਦੱਸੀ । ਇਸ ਵਿਉਂਤ ਅਨੁਸਾਰ ਖ਼ਾਲਸਾ ਫ਼ੌਜਾਂ ਗੜ੍ਹੀ ਹਬੀਬੁੱਲਾਂ ਨੂੰ ਛੱਡ ਕੇ ਬਾਲਾਕੋਟ ਦੀ ਪਹਾੜੀ ਦੇ ਸਾਹਮਣੇ ਮਤੀਕੋਟ ਦੀਆਂ ਪਹਾੜੀ ਤੇ ਆ ਗਈਆਂ ਤੇ ਜੰਗ ਲਈ ਬਾਲਾਕੋਟ ਤੇ ਮਤੀਕੋਟ ਦੀ ਵਿਚਕਾਰਲੀ ਨੀਵੀਂ ਥਾਂ ਨੂੰ ਚੁਣ ਲਿਆ । ਸਰਦਾਰ ਸ਼ਾਮ ਸਿੰਘ ਦਾ ਪਿੱਛੇ ਪਹਾੜੀ ਤੇ ਖਲੋ ਕੇ ਅਗਵਾਈ ਕਰਨਾ ਤੇ ਅਖ਼ੀਰ ਤੇ ਗਹਿਗਚ ਲੜਾਈ ਪਿੱਛੋਂ ਸਯਦ ਅਹਿਮਦ ਦਾ ਮਾਰਿਆ ਜਾਣਾ ਤੇ ਖ਼ਾਲਸਾ ਫ਼ੌਜਾਂ ਦੀ ਜਿਤ ਸਰਦਾਰ ਸ਼ਾਮ ਸਿੰਘ ਦੀ ਸੈਨਕ ਪਰਬੀਨਤਾ ਦਾ ਪਰਤੱਖ ਸਬੂਤ ਸੀ । ਮਹਿਤਾਬ ਸਿੰਘ ਕਾਇਸਥ, ਜੋ ਇਸ ਲੜਾਈ ਵਿਚ ਮੌਜੂਦ ਸੀ, ਲਿਖਦਾ ਹੈ ਕਿ ਸਰਦਾਰ ਸ਼ਾਮ ਸਿੰਘ ਦੀ ਫ਼ੌਜੀ ਵਿਉਂਤ ਨੂੰ ਕੰਵਰ ਸ਼ੇਰ ਸਿੰਘ ਨੇ ਵਰਤੋਂ ਵਿਚ ਲਿਆਂਦਾ ਤੇ ਉਸ ਦੀ ਸਲਾਹ ਨਾਲ ਹੀ ਲੜਾਈ ਲੜੀ ਜਿਸ ਤੋਂ ਜਿੱਤ ਪ੍ਰਾਪਤ ਹੋਈ ।[2]

ਸਰਦਾਰ ਸ਼ਾਮ ਸਿੰਘ ਨੇ ਬੰਨੂ ਦੀ ਮੁਹਿੰਮ (1834) ਵਿਚ ਮਹਾਰਾਜਾ ਰਣਜੀਤ ਸਿੰਘ ਤੇ ਆਪਣੀ ਸੈਨਕ ਯੋਗਤਾ ਦਾ ਬਹੁਤ ਪ੍ਰਭਾਵ ਪਾਇਆ । ਦੀਵਾਨ ਤਾਰਾ ਚੰਦ ਨੇ ਬਨੋਚੀਆਂ ਤੇ ਬੇਵਕਤ ਹਮਲਾ ਕਰ ਕੇ 200 ਸੈਨਕ ਮਰਵਾ ਦਿਤੇ । ਇਉਂ ਜਾਪਦਾ ਹੈ ਕਿ ਤਾਰਾ ਚੰਦ ਨੇ ਇੱਕ ਵਾਰੀ ਬਨੋਚੀਆਂ ਤੇ ਹੱਲਾ ਬੋਲਿਆ ਜਿਸ ਨਾਲ ਨੁਕਸਾਨ

---

[1] "ਉਮਦਾਤੁ-ਤਵਾਰੀਖ਼" ਦਫ਼ਤਰ ਚੌਥਾ, ਹਿੱਸਾ ਪਹਿਲਾ (ਫ਼ਾਰਸੀ) ਪੰਨਾ 49—51 "ਸਰਦਾਰ ਸ਼ਾਮ ਸਿੰਘ ਅਟਾਰੀਵਾਲਾ" ਕ੍ਰਿਤ ਹੀਰਾ ਸਿੰਘ ਪੰਨਾ 111-112

[2] ਵਿਸਥਾਰ ਲਈ ਵੇਖੋ, ਕਾਂਡ "ਫ਼ੌਜੀ ਜੀਵਨ" ਵਿਚ ਸੱਯਦ ਅਹਿਮਦ ਬਰੇਲਵੀ ਉੱਪਰ ਜਿੱਤ ।"

ਹੋਇਆ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਨੁਕਸਾਨ ਦਾ ਪਤਾ ਲੱਗਾ ਤਾਂ ਉਸ ਨੇ ਸਰਦਾਰ ਸ਼ਾਮ ਸਿੰਘ ਨੂੰ ਅਗਵਾਈ ਕਰਨ ਲਈ ਕਿਹਾ। ਸਰਦਾਰ ਸ਼ਾਮ ਸਿੰਘ ਨੇ ਬਹੁਤ ਸਿਆਣਪ ਤੇ ਦਲੇਰੀ ਨਾਲ ਬਨੇਰੀਆਂ ਤੇ ਜਿੱਤ ਪ੍ਰਾਪਤ ਕੀਤੀ ਤੇ ਘਟ ਤੋਂ ਘਟ ਨੁਕਸਾਨ ਹੋਇਆ। ਸਰਦਾਰ ਸ਼ਾਮ ਸਿੰਘ ਦਾ ਘੋੜਾ ਇਸ ਮੁਹਿਮ ਵਿਚ ਮਾਰਿਆ ਗਿਆ, ਪਰ ਸ਼ਾਮ ਸਿੰਘ ਵਾਲ ਵਾਲ ਬਚ ਗਿਆ। ਸੋਹਨ ਲਾਲ ਸੂਰੀ ਕਰਤਾ 'ਉਮਦਾਤੁ-ਤਵਾਰੀਖ਼' ਦੇ ਕਥਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਇਸ ਮੁਹਿਮ ਵਿਚ ਸਰਦਾਰ ਸ਼ਾਮ ਸਿੰਘ ਦੀ ਸੈਨਕ ਪਰਬੀਨਤਾ ਤੇ ਬਹੁਤ ਪ੍ਰਸੰਨ ਹੋਏ ਤੇ ਕਿਹਾ "ਦੀਵਾਨ ਤਾਰਾ ਚੰਦ ਨੂੰ ਲੜਾਈ ਦੀ ਜੁਗਤੀ ਦਾ ਘਟ ਤਜਰਬਾ ਸੀ ਤੇ ਸਰਦਾਰ ਸ਼ਾਮ ਸਿੰਘ ਦੀ ਰਣ-ਭੂਮੀ ਵਿਚ ਦ੍ਰਿੜ੍ਹਤਾ ਤੇ ਦਲੇਰੀ ਅਵੱਸ਼ਕ ਤੌਰ ਤੇ ਇਕ ਪ੍ਰਸੰਸਾ ਯੋਗ ਕਰਤੱਵ ਸੀ।"[1]

ਇਕ ਹੋਰ ਘਟਨਾ ਜਿਸ ਤੋਂ ਸਰਦਾਰ ਸ਼ਾਮ ਸਿੰਘ ਦੀ ਸੈਨਕ ਪਰਬੀਨਤਾ ਦਾ ਪਤਾ ਲਗਦਾ ਹੈ ਉਹ ਜੇਮਜ਼ ਬਰਾਡਫੁੱਟ ਨੇ ਆਪਣੀ ਡਾਇਰੀ ਵਿਚ ਅੰਕਤ ਕੀਤੀ ਹੈ। ਉਹ ਲਿਖਦਾ ਹੈ ਕਿ ਜਦੋਂ ਖ਼ਾਲਸਾ ਫ਼ੌਜਾਂ ਜੰਮੂ ਨੂੰ ਘੇਰੇ ਵਿਚ ਲੈ ਰਹੀਆਂ ਸਨ ਉਸ ਵੇਲੇ ਸਰਦਾਰ ਸ਼ਾਮ ਸਿੰਘ ਦੇ ਡੇਰੇ ਤੇ ਪਹਾੜੀਆਂ ਦੇ ਇਕ ਦਸਤੇ ਨੇ ਅਚਣਚੇਤ ਜ਼ੋਰਦਾਰ ਹੱਲਾ ਬੋਲ ਦਿਤਾ ਤੇ ਡੇਰੇ ਦੀਆਂ ਕੁਝ ਤੋਪਾਂ ਵੀ ਖੋਹ ਲਈਆਂ ਜਿਸ ਕਰਕੇ ਅਟਾਰੀਵਾਲੇ ਸਰਦਾਰ ਦੀਆਂ ਫ਼ੌਜਾਂ ਨੂੰ ਪਿੱਛੇ ਹਟਣਾ ਪਿਆ। ਇਹੋ ਜਹੇ ਸੰਕਟ ਸਮੇਂ ਸਰਦਾਰ ਸ਼ਾਮ ਸਿੰਘ ਨੇ ਬੜੀ ਦ੍ਰਿੜ੍ਹਤਾ ਤੇ ਦਲੇਰੀ ਵਿਖਾਈ। ਉਹ ਆਪਣੀਆਂ ਫ਼ੌਜਾਂ ਨੂੰ ਨਸਦਾ ਵੇਖ ਕੇ ਹਾਥੀ ਤੋਂ ਉਤਰ ਪਿਆ ਤੇ ਘੋੜੇ ਤੇ ਸਵਾਰ ਹੋ ਕੇ ਆਪਣੀਆਂ ਨਸਦੀਆਂ ਫ਼ੌਜਾਂ ਨੂੰ ਇਕੱਠਾ ਕਰਨ ਵਿਚ ਸਫਲ ਹੋ ਗਿਆ। ਇਨ੍ਹਾਂ ਇਕੱਠੀਆਂ ਹੋਈਆਂ ਫ਼ੌਜਾਂ ਨੂੰ ਉਸ ਨੇ ਇਸ ਵਿਉਂਤ ਨਾਲ ਲੜਾਇਆ ਤੇ ਹੱਲਾ ਕੀਤਾ ਕਿ ਪਹਾੜੀਏ ਨੱਸ ਉੱਠੇ ਤੇ ਸਰਦਾਰ ਸ਼ਾਮ ਸਿੰਘ ਆਪਣੀਆਂ ਖੋਹੀਆਂ ਹੋਈਆਂ ਤੋਪਾਂ ਨੂੰ ਵਾਪਸ ਲੈਣ ਵਿਚ ਕਾਮਯਾਬ ਹੋ ਗਿਆ। ਇਹ ਕੁਝ ਫ਼ੌਜੀ ਸੂਝ ਵਾਲਾ ਹੀ ਕੋਈ ਜਰਨੈਲ ਕਰ ਸਕਦਾ ਸੀ। ਸਰਦਾਰ ਸ਼ਾਮ ਸਿੰਘ ਦੀ ਦਲੇਰੀ ਤੇ ਫ਼ੌਜੀ ਸਿਆਣਪ ਦਾ ਸਿੱਕਾ ਸਾਰੇ ਮੰਨਦੇ ਸਨ।

## ਸਿੱਖੀ ਪਿਆਰ

ਸਰਦਾਰ ਸ਼ਾਮ ਸਿੰਘ ਇਕ ਦ੍ਰਿੜ੍ਹ ਵਿਸ਼ਵਾਸ ਵਾਲਾ ਸਿੱਖ ਸੀ। ਉਸ ਨੇ ਛੋਟੀ ਉਮਰ ਵਿਚ ਅੰਮ੍ਰਿਤ ਪਾਨ ਕੀਤਾ ਤੇ ਉਸ ਵੇਲੇ ਤੋਂ ਹੀ ਅਰਦਾਸ ਵਿਚ ਬਹੁਤ ਯਕੀਨ ਰਖਦਾ ਸੀ। ਜਦੋਂ ਕੋਈ ਔਕੜ ਦਾ ਸਮਾਂ ਆਉਂਦਾ ਤਾਂ ਉਹ ਅਰਦਾਸ ਕਰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਤੇ ਅਰਦਾਸ ਤੇ ਯਕੀਨ ਉਸ ਦੇ ਜੀਵਨ ਦੇ ਵਿਸ਼ੇਸ਼ ਗੁਣ ਜਾਪਦੇ ਹਨ। ਨੌਂ ਫ਼ਰਵਰੀ 1846 ਦੀ ਰਾਤ ਨੂੰ ਜਦੋਂ ਕਿ ਤੇਜ ਸਿੰਘ ਉਸ ਦੇ

---

[1]ਵਿਸਥਾਰ ਲਈ ਵੇਖੋ, "ਬੰਨੂੰ ਦੀ ਮੁਹਿੰਮ"

ਡੇਰੇ ਵਿਚ ਆਇਆ ਉਸ ਨੇ ਬਹੁਤ ਯਤਨ ਕੀਤਾ ਕਿ ਕਿਸੇ ਤਰ੍ਹਾਂ ਅਟਾਰੀ ਵਾਲੇ ਸਰਦਾਰ ਨੂੰ ਵਰਗਲਾਇਆ ਜਾਏ ਤੇ 10 ਫਰਵਰੀ ਦੀ ਸਵੇਰ ਨੂੰ ਹੋਣ ਵਾਲੀ ਸੁਭਰਾਉਂ ਦੀ ਲੜਾਈ ਵਿਚ ਹਿੱਸਾ ਲੈਣ ਤੋਂ ਰੋਕਿਆ ਜਾਏ। ਪਰ ਅੱਗੋਂ ਅਟਾਰੀ-ਵਾਲੇ ਸਰਦਾਰ ਨੇ ਉਸ ਵੇਲੇ ਇਹ ਜ਼ੋਰ ਦਿੱਤਾ ਕਿ ਉਹ ਘਰੋਂ ਅਰਦਾਸ ਕਰ ਕੇ ਆਇਆ ਹੈ ਕਿ ਜੇਕਰ ਖ਼ਾਲਸਾ ਫ਼ੌਜਾਂ ਹਾਰ ਗਈਆਂ ਤਾਂ ਉਹ ਜੀਉਂਦਾ ਵਾਪਸ ਨਹੀਂ ਮੁੜੇਗਾ। ਉਸ ਨੂੰ ਸਤਿਗੁਰਾਂ ਅੱਗੇ ਕੀਤੀ ਅਰਦਾਸ ਦਾ ਬਹੁਤ ਸਤਿਕਾਰ ਸੀ। ਇਸ ਲਈ ਉਸਦਾ 10 ਫ਼ਰਵਰੀ ਨੂੰ ਲੜਾਈ ਤੋਂ ਨੱਸ ਜਾਣਾ ਅਸੰਭਵ ਸੀ।

ਤੇਜ ਸਿੰਘ ਤੇ ਲਾਲ ਸਿੰਘ ਦੋਵੇਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ ਤੇ ਲਾਲ ਸਿੰਘ ਨੇ ਸੁਭਰਾਉਂ ਦੀ ਹੋਣ ਵਾਲੀ ਲੜਾਈ ਦਾ ਸਾਰਾ ਖ਼ਾਕਾ ਗੁਪਤ ਤੌਰ ਤੇ ਅੰਗਰੇਜ਼ਾਂ ਨੂੰ ਪਹੁੰਚਾ ਦਿੱਤਾ ਸੀ। ਇਸ ਲਈ ਤੇਜ ਸਿੰਘ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਸ਼ਾਮ ਸਿੰਘ ਸੁਭਰਾਉਂ ਦੀ ਲੜਾਈ ਵਿਚ ਸ਼ਾਮਲ ਨਾ ਹੋਵੇ। ਉਸ ਦੇ ਜ਼ੋਰ ਦੇਣ ਤੇ ਸਰਦਾਰ ਸ਼ਾਮ ਸਿੰਘ ਨੇ ਇਕ ਵਾਰੀ ਫੇਰ ਸ੍ਰੀ ਗੁਰੂ ਗ੍ਰੰਥ ਅੱਗੇ ਪਰਤਿਗਿਆ ਕੀਤੀ ਕਿ ਉਹ ਸੁਭਰਾਉਂ ਦੀ ਲੜਾਈ ਵਿਚ ਸ਼ਹੀਦ ਹੋ ਜਾਵੇਗਾ ਪਰ ਪਿੱਛੇ ਨਹੀਂ ਹਟੇਗਾ। ਇਹ ਗੱਲ ਉਸਦੇ ਦ੍ਰਿੜ੍ਹ ਵਿਸ਼ਵਾਸ਼ ਤੇ ਆਜ਼ਾਦੀ ਲਈ ਕੁਰਬਾਨੀ ਦੀ ਭਾਵਨਾ ਦਸਦੀ ਹੈ।

ਸਰਦਾਰ ਸ਼ਾਮ ਸਿੰਘ ਚੰਗੇ ਸਿੱਖਾਂ ਵਾਂਗੂੰ ਗੁਰਦਵਾਰਿਆਂ ਦੀ ਸੇਵਾ ਵਿਚ ਵਿਸ਼ਵਾਸ਼ ਰਖਦਾ ਸੀ। ਬਾਬਾ ਅਟੱਲ ਸ੍ਰੀ ਅੰਮ੍ਰਿਤਸਰ ਦੀ ਉੱਪਰਲੀ ਮਨਜ਼ਿਲ ਦੀ ਗਚਕਾਰੀ ਸਰਦਾਰ ਸ਼ਾਮ ਸਿੰਘ ਨੇ ਕਰਵਾਈ। ਫੇਰ 1842 ਈਸਵੀ ਵਿਚ ਆਪਣੇ ਵੱਡੇ ਪੁੱਤਰ ਸਰਦਾਰ ਠਾਕਰ ਸਿੰਘ ਦੀ ਨਿਗਰਾਨੀ ਵਿਚ ਗੁਰਦਵਾਰੇ ਦੇ ਬਾਹਰਲੇ ਹਿੱਸੇ ਨੂੰ ਬਣਵਾਇਆ। [1]

[1] "ਸ੍ਰ: ਸ਼ਾਮ ਸਿੰਘ" ਕ੍ਰਿਤ ਗੰਡਾ ਸਿੰਘ, ਪੰਨਾ 86-87

# ਅੰਤਿਕਾ

## ਪੁਸਤਕ ਸੂਚੀ

## (ੳ) ਅੰਗਰੇਜ਼ੀ


1. ਅੰਗਰੇਜ਼ੀ ਹੱਥ ਲਿਖਤਾਂ:

1. ਸੀਕਰਟ ਕਨਸਲਟੇਸ਼ਨ ਫ਼ਾਰਨ ਡਿਪਾਰਟਮੈਂਟ ਨੰਬਰ 61 ਮਿਤੀ ਅਪ੍ਰੈਲ 24, 1841
2. ,, ,, ,, ,, 61 ਮਿਤੀ ਅਪ੍ਰੈਲ 30, 1841
3. ,, ,, ,, ,, 61 ਮਿਤੀ ਜੂਨ 7, 1841
4. ,, ,, ,, ,, 70 ਮਿਤੀ ਜੂਨ 7, 1841
5. ,, ,, ,, 485-86 ਮਿਤੀ ਮਾਰਚ, 23, 1844
6. ,, ,, ,, 44-45 ਮਿਤੀ ਅਪ੍ਰੈਲ 4, 1855

2. ਅੰਗਰੇਜ਼ੀ ਪੁਸਤਕਾਂ:

1. ਈਵੈਂਟ ਐਟ ਦੀ ਕੋਰਟ ਆਫ਼ ਰਣਜੀਤ ਸਿੰਘ (1810-17) ਸੁਪਰਟੈਂਡੈਂਟ ਪ੍ਰਿੰਟਿੰਗ ਪੰਜਾਬ ਸਰਕਾਰ, ਲਾਹੌਰ, 1934.
2. ਪੰਜਾਬ ਆਨ ਦੀ ਈਵ ਆਫ਼ ਸਿੱਖ ਵਾਰ, ਸੰਪਾਦਕ ਡਾਕਟਰ ਹਰੀ ਰਾਮ ਗੁਪਤਾ, ਪੰਜਾਬ ਯੂਨੀਵਰਸਟੀ ਚੰਡੀਗੜ੍ਹ ।
3. ਕੈਰੀਅਰ ਆਫ਼ ਮੇਜਰ ਬਰਾਡਫੁੱਟ, ਵਿਲੀਅਮ ਬਰਾਡਫੁੱਟ ਲੰਡਨ, 1888.
4. ਲਾਹੌਰ ਦਰਬਾਰ, ਸੰਪਾਦਕ, ਆਰ. ਆਰ. ਸੇਠੀ, ਪੰਜਾਬ ਗੌਰਮਿੰਟ, ਸ਼ਿਮਲਾ
5. ਹਿਸਟਰੀ ਆਫ਼ ਦੀ ਸਿਖਸ, ਜੇ. ਡੀ. ਕਨਿਘੱਮ, ਆਕਸਫ਼ੋਰਡ ਯੂਨੀਵਰਸਟੀ ਪ੍ਰੈਸ, 1918.
6. ਰੇਲਿੰਗ ਫੈਮੇਲੀਜ਼ ਆਫ਼ ਲਾਹੌਰ, ਕਾਰਮਾਈਕਲ ਸਮਿਥ, ਲੰਡਨ
7. ਰੇਮੇਨੇਸੇਨਸ਼ ਆਫ਼ ਏ ਬੰਗਾਲ ਸਿਵਲੀਅਨ, ਡਬਲਯੂ ਐਡਵਰਡਜ਼
8. ਸਰ ਰਾਬਰਟ ਪੀਲ, ਸੀ. ਐਲ. ਪਾਰਕਰ, ਲੰਡਨ, 1899.
9. ਮੈਮਾਇਰਜ਼, ਹਰਬਰਟ ਬੀ. ਐਡਵਰਡਜ਼ ਲੰਡਨ
10. ਦੀ ਵਾਰ ਇਨ ਇੰਡੀਆ, ਡਿਸਪੈਚਿਸ, ਗੌਰਮੈਂਟ ਆਫ਼ ਇੰਡੀਆ ।

11. ਟ੍ਰੈਵਿਲਜ਼ ਇਨ ਟੂ ਬੁਖਾਰਾ, ਅਲੈਗਜ਼ਾਨਡਰ ਬਰਨਜ਼, ਲੰਡਨ ।

12. ਨੇਰੇਟਿਵ ਆਫ਼ ਵੇਰੀਅਸ ਜਰਨੀਜ਼, ਚਾਰਲਸ ਮੇਸਨ, ਲੰਡਨ, 1842.

13. ਟੇਵਲਜ਼ ਇਨ ਪੰਜਾਬ ਅਫ਼ਗਾਨਿਸਤਾਨ ਤੇ ਤੁਰਕਸਤਾਨ, ਮੋਹਨ ਲਾਲ ਲੰਡਨ, 1846.

14. ਉਮਦਾਤੁਤਵਾਰੀਖ਼, (ਅੰਗਰੇਜ਼ੀ ਉਲਥਾ) 1830-1840, ਉਲਥਾਕਾਰ ਵੀ. ਐਸ. ਸੂਰੀ, ਦਿੱਲੀ ।

15. ਗਜ਼ਟੀਅਰ ਆਫ਼ ਫ਼ੀਰੋਜ਼ਪੁਰ ਡਿਸਟ੍ਰਿਕਟ, ਸੁਪਰਟੈਂਡੈਂਟ ਪ੍ਰਿੰਟਿੰਗ, ਪੰਜਾਬ ਗੌਰਮਿੰਟ 1883-84.

16. ਬੰਨੂੰ ਗਜ਼ੇਟੀਅਰ, ਲਾਹੌਰ 1907

17. ਹਜ਼ਾਰਾ ਗਜ਼ੇਟੀਅਰ 1883-84.

18. ਚੀਫ਼ਜ਼ ਐਂਡ ਫੈਮੇਲੀਜ਼ ਆਫ਼ ਨੋਟ ਇਨ ਪੰਜਾਬ, ਲੇਪਲ ਗ੍ਰਿਫ਼ਨ, ਸੁਪਰਟੈਂਡੈਂਟ ਪ੍ਰਿੰਟਿੰਗ, ਲਾਹੌਰ, 1940.

19. ਦੀ ਡੀਸਾਈਸਿਵ ਬੈਟਲਜ਼ ਆਫ਼ ਇੰਡੀਆ, ਮੈਲੀਸਨ, ਲੰਡਨ ।

20. ਦੀ ਸਿੱਖ ਐਂਡ ਸਿੱਖ ਵਾਰਜ਼, ਗਫ਼ ਐਂਡ ਇਨਜ਼, ਲੰਡਨ ।

21, ਸਰ ਵਿਲੀਅਮ ਮੈਕਨਾਟਨ ਕਾਰਸਪਾਂਡੈਂਸ, ਲਾਜਪਤ ਰਾਏ, ਗੌਰਮਿੰਟ ਪ੍ਰਿੰਟਿੰਗ, ਲਾਹੌਰ ।

22. ਹਿਸਟਰੀ ਆਫ਼ ਦੀ ਪੰਜਾਬ, ਮੁਹੰਮਦ ਲਤੀਫ਼, ਕੈਕਸਟਨ ਪ੍ਰੈਸ, ਲਾਹੌਰ, 1916.

23. ਦੀ ਪਠਾਨਜ਼, ਐਲਫ਼ ਕੈਰੋ, ਮੈਕਮੀਲਾਨ ਐਂਡ ਕੰਪਨੀ, ਲੰਡਨ 1962.

24. ਸਨਸੈਟ ਆਫ਼ ਦੀ ਸਿੱਖ ਐਮਪਾਇਰ, ਸੀਤਾ ਰਾਮ ਕੋਹਲੀ, ਓਰੈਂਟ ਲਾਂਗਮੈਨ ਕਲਕੱਤਾ, 1967.

25. ਦੀ ਵਹਾਬੀ ਮੂਵਮੈਂਟ ਇਨ ਇੰਡੀਆ, ਕਿਆਮੁਉਦੀਨ ਅਹਿਮਦ, ਕਲਕੱਤਾ, 1966.

26. ਹੈਰੀਟੇਜ ਆਫ਼ ਦੀ ਸਿਖਸ, ਹਰਬੰਸ ਸਿੰਘ, ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ ।

27. ਪੰਜਾਬਜ਼ ਪਾਉਨੀਅਰ ਫ਼ਰੀਡਮ ਫ਼ਾਈਟਰਜ਼, ਆਹਲੂਵਾਲੀਆ ਐਂਡ ਕਿਰਪਾਲ ਸਿੰਘ, ਕਲਕੱਤਾ, 1963.

28. ਭਾਈ ਵਸਤੀ ਰਾਮ ਤੇ ਭਾਈ ਰਾਮ ਸਿੰਘ, ਕਿਰਪਾਲ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ ।

29. ਪੰਜਾਬ ਐਜ਼ ਸਾਵਰੇਨ ਸਟੇਟ, ਡਾ: ਗੁਲਸ਼ਨ ਲਾਲ ਚੋਪੜਾ, ਹੁਸ਼ਿਆਰਪੁਰ ।

30. ਅਹਿਮਦ ਸ਼ਾਹ ਦੁਰਾਨੀ, ਗੰਡਾ ਸਿੰਘ, ਬੰਬਈ, 1959.

## (ਅ) ਫਾਰਸੀ

1. ਚਾਰ ਬਾਗਿ ਪੰਜਾਬ, ਗਣੇਸ਼ ਦਾਸ ਵਡੇਹਰਾ, ਸੰਪਾਦਕ ਕਿਰਪਾਲ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ, 1965.

2. ਇਬਰਤ-ਨਾਮਾ, ਮੁਫਤੀ ਅਲੀ-ਉਦੀਨ, ਪੰਜਾਬੀ ਅਦਬੀ ਅਕਾਡਮੀ, ਲਾਹੌਰ, 1961.

3. ਉਮਦਾਤੁਤਵਾਰੀਖ, ਸੋਹਨ ਲਾਲ ਸੂਰੀ, ਦਫਤਰ ਦੋਮ, ਦਫਤਰ ਚਹਾਰਮ, ਲਾਹੌਰ 1885-89.

4. ਗੁਲਾਬ-ਨਾਮਾ, ਕਿਰਪਾ ਰਾਮ ਸ੍ਰੀ ਨਗਰ, 1875.

## (ੲ) ਪੰਜਾਬੀ

1. ਪੰਜਾਬ ਦੇ ਮੁਢਲੇ ਸਵਤੰਤਰਤਾ ਸੰਗਰਾਮੀਏ, ਆਹਲੂਵਾਲੀਆ ਅਤੇ ਕਿਰਪਾਲ ਸਿੰਘ, ਸਿੰਘ ਬਰਾਦਰਜ਼, ਅੰਮ੍ਰਿਤਸਰ।

2. ਮਹਾਰਾਜਾ ਰਣਜੀਤ ਸਿੰਘ, ਸੀਤਾ ਰਾਮ ਕੋਹਲੀ, ਦਿੱਲੀ, 1951.

3. ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਗੰਡਾ ਸਿੰਘ ਅੰਮ੍ਰਿਤਸਰ।

4. ਹਰੀ ਸਿੰਘ ਨਲਵਾ, ਪ੍ਰੇਮ ਸਿੰਘ ਹੋਤੀਮਰਦਾਨ, ਅਠਵੀਂ ਛਾਪ, ਲੁਧਿਆਣਾ।

5. ਮਹਾਰਾਜਾ ਰਣਜੀਤ ਸਿੰਘ, ਪ੍ਰੇਮ ਸਿੰਘ ਹੋਤੀਮਰਦਾਨ, ਦਸਵੀਂ ਵਾਰੀ, ਲੁਧਿਆਣਾ।

6. ਬਾਬਾ ਬੀਰ ਸਿੰਘ ਨੌਰੰਗਾਬਾਦੀ, ਕਿਰਪਾਲ ਸਿੰਘ, ਅੰਮ੍ਰਿਤਸਰ।

7. ਮਹਾਨ ਕੋਸ਼, ਭਾਈ ਕਾਹਨ ਸਿੰਘ ਨਾਭਾ, ਭਾਸ਼ਾ ਵਿਭਾਗ, ਪਟਿਆਲਾ।

8. ਵਾਰ ਸ਼ਾਹ ਮੁਹੰਮਦ, ਸੰਪਾਦਕ ਸੀਤਾ ਰਾਮ ਕੋਹਲੀ, ਲੁਧਿਆਣਾ।

9. ਫ਼ਤਿਹ-ਨਾਮਾ ਗੁਰੂ ਖਾਲਸਾ ਜੀ ਕਾ, ਗਣੇਸ਼ ਦਾਸ, ਸੰਪਾਦਕ ਸੀਤਾ ਰਾਮ ਕੋਹਲੀ, ਪਟਿਆਲਾ, 1952

ਮੁੱਲ : 4.00